ਅੰਗ ੫੦੧ = ਗੂਜਰੀ ਮਹਲਾ ੫ ॥ ਕਬਹੂ ਹਰਿ ਸਿਉ ਚੀਤੁ ਨ ਲਾਇਓ ॥ ਧੰਧਾ ਕਰਤ ਬਿਹਾਨੀ ਅਉਧਹਿ, ਗੁਣ ਨਿਧਿ ਨਾਮੁ ਨ ਗਾਇਓ ॥੧॥ਰਹਾਉ॥ ਕਉਡੀ ਕਉਡੀ ਜੋਰਤ ਕਪਟੇ, ਅਨਿਕ ਜੁਗਤਿ ਕਰਿ ਧਾਇਓ ॥ ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ, ਮਹਾ ਮੋਹਨੀ ਖਾਇਓ ॥੧॥ ਕਰਹੁ ਅਨੁਗ੍ਰਹੁ ਸੁਆਮੀ ਮੇਰੇ, ਗਨਹੁ ਨ ਮੋਹਿ ਕਮਾਇਓ ॥ ਗੋਬਿੰਦ ਦਇਆਲ ਕ੍ਰਿਪਾਲ ਸੁਖ ਸਾਗਰ ,ਨਾਨਕ ਹਰਿ ਸਰਣਾਇਓ ॥੨॥੧੬॥੨੫॥ (ਹੇ ਭਾਈ! ਮਨੁੱਖ ਨੇ) ਕਦੇ ਹਰੀ ਨਾਲ ਚਿਤ ਨਹੀਂ ਲਾਇਆ (ਜੋੜਿਆ। ਇਸ ਦੀ ਸਾਰੀ) ਉਮਰ ਧੰਧਾ ਕਰਦਿਆਂ ਗੁਜਰ ਗਈ, (ਪਰ) ਗੁਣਾਂ ਦੇ ਖਜਾਨੇ ਹਰੀ ਦਾ ਨਾਮ ਨਹੀਂ ਸਿਮਰਿਆ।੧।ਰਹਾਉ।(ਮਨੁੱਖ) ਛਲ ਕਪਟ ਨਾਲ ਕੌਡੀ ਕੌਡੀ ਜੋੜਦਾ ਹੈ, (ਇਸ ਵਾਸਤੇ ਉਹ) ਅਨੇਕਾਂ ਤਰੀਕੇ ਵਰਤ ਕਰਕੇ ਦੌੜਿਆ ਫਿਰਦਾ ਹੈ।ਪ੍ਰਭੂ ਦੇ ਭੁੱਲਣ ਕਰਕੇ ਜੋ ਦੁਖ ਭੋਗਣੇ ਪੈਂਦੇ ਹਨ, ਉਹ ਕਿੰਨੇ ਕੁ ਗਿਣੀਏ? (ਗਿਣੇ ਨਹੀਂ ਜਾ ਸਕਦੇ, ਇਸ ਨੂੰ) ਬਹੁਤ ਬਲ ਵਾਲੀ ਮਾਇਆ ਨੇ ਖਾ ਲਿਆ ਹੈ।੧।(ਅਰਦਾਸ) ਹੇ ਮੇਰੇ ਸੁਆਮੀ (ਪ੍ਰਭੂ! ਮੇਰੇ ਤੇ) ਮੇਹਰ ਕਰੋ, ਮੇਰੇ ਕੀਤੇ ਕਰਮਾਂ ਨੂੰ ਨਾ ਗਿਣੋ।ਹੇ ਦਇਆ ਕਰਨ ਵਾਲੇ ਸੁਖਾਂ ਦੇ ਸਾਗਰ ਕ੍ਰਿਪਾਲੂ ਹਰੀ! ਨਾਨਕ ਤੇਰੀ ਸ਼ਰਣ ਵਿਚ ਆਇਆ ਹੈ।੨।੧੬।੨੫।

ਪਦਾਰਥ = ਕਬਹੂ–ਕਦੇ ਵੀ।ਹਰਿ ਸਿਉ–ਹਰੀ ਨਾਲ।ਨਾ ਲਾਇਓ–ਨਹੀਂ ਲਾਇਆ (ਜੋੜਿਆ)।ਧੰਧਾ–ਸੰਸਾਰੀ ਕੰਮ; ਝਮੇਲੇ। ਬਿਹਾਨੀ–ਲੰਘ ਗਈ।ਅਉਧਹਿ–ਉਮਰ।ਗੁਣ ਨਿਧਿ–ਗੁਣਾਂ ਦਾ ਖਜਾਨਾ।੧।ਰਹਾਉ।ਜੋਰਤ–ਜੋੜਦਾ ਹੈ।ਕਪਟੇ–ਧੋਖੇ ਨਾਲ। ਅਨਿਕ ਜੁਗਤਿ ਕਰਿ–ਬਹੁਤ ਤਰੀਕੇ ਵਰਤ ਕਰਕੇ।ਧਾਇਓ–ਦੌੜਿਆ ਫਿਰਦਾ ਹੈ।ਬਿਸਰਤ–ਭੁੱਲਣ ਕਰਕੇ।ਕੇਤੇ–ਕਿੰਨੇ।ਗਨੀਅਹਿ –ਗਿਣੀਏ।ਮਹਾ ਮੋਹਨੀ–ਬਹੁਤ ਬਲ ਵਾਲੀ ਮਾਇਆ।ਖਾਇਓ–ਖਾ ਲਿਆ ਹੈ।੧।ਕਰਹੁ ਅਨੁਗ੍ਰਹੁ–ਮਿਹਰ ਕਰੋ।ਗਨਹੁ ਨ–ਗਿਣੋ ਨਾ।ਮੋਹਿ ਕਮਾਇਓ–ਮੇਰੇ ਕੀਤੇ ਕਰਮਾਂ ਦੀ।ਸੁਖ ਸਾਗਰ–ਸੁਖਾਂ ਦਾ ਸਾਗਰ।੨।੧੬।੨੫।

ਗੂਜਰੀ ਮਹਲਾ ੫ ॥ ਰਸਨਾ ਰਾਮ ਰਾਮ ਰਵੰਤ ॥ ਛੋਡਿ ਆਨ ਬਿਉਹਾਰ ਮਿਥਿਆ, ਭਜੁ ਸਦਾ ਭਗਵੰਤ ॥੧॥ਰਹਾਉ॥ ਨਾਮੁ ਏਕੁ ਅਧਾਰੁ ਭਗਤਾ, ਈਤ ਆਗੈ ਟੇਕ ॥ ਕਰਿ ਕ੍ਰਿਪਾ ਗੋਬਿੰਦ ਦੀਆ, ਗੁਰ ਗਿਆਨੁ ਬੁਧਿ ਬਿਬੇਕ ॥੧॥ ਕਰਣ ਕਾਰਣ ਸੰਮ੍ਰਥ ਸ੍ਰੀ ਧਰ ,ਸਰਣਿ ਤਾ ਕੀ ਗਹੀ ॥ ਮੁਕਤਿ ਜੁਗਤਿ ਰਵਾਲ ਸਾਧੂ, ਨਾਨਕ ਹਰਿ ਨਿਧਿ ਲਹੀ ॥੨॥ (ਹੇ ਭਾਈ!) ਰਸਨਾ ਨਾਲ ਰਾਮ ਰਾਮ (ਹਰੀ ਦਾ ਨਾਮ) ਜਪਦਾ ਰਹੁ।ਹੋਰ ਝੂਠੇ ਵਿਹਾਰਾਂ ਨੂੰ ਛਡ ਕੇ ਸਦਾ ਵਾਹਿਗੁਰੂ ਦਾ ਨਾਮ ਜਪ।੧।ਰਹਾਉ।ਇਕ ਨਾਮ ਹੀ ਭਗਤਾਂ ਦਾ ਇਸ ਲੋਕ ਵਿਚ ਆਸਰਾ ਹੈ ਅਤੇ ਅੱਗੇ ਪ੍ਰਲੋਕ ਵਿਚ ਵੀ (ਭਗਤਾਂ ਨੂੰ ਨਾਮ ਦੀ ਹੀ) ਟੇਕ ਹੈ।(ਭਗਤਾਂ ਨੂੰ) ਗੋਬਿੰਦ ਨੇ ਕ੍ਰਿਪਾ ਕਰਕੇ ਬਿਬੇਕ ਬੁੱਧੀ ਤੇ ਗੁਰੂ ਦਾ ਗਿਆਨ ਬਖਸ਼ ਦਿਤਾ ਹੈ।੧।ਸਾਰੇ ਕਾਰਣਾਂ ਦੇ ਕਰਨ ਵਾਲਾ ਸਰਬ ਸ਼ਕਤੀਮਾਨ ਮਾਇਆ ਪਤੀ ਪ੍ਰਭੂ ਹੈ, (ਭਗਤਾਂ ਨੇ) ਉਸ ਦੀ ਸ਼ਰਣ ਫੜੀ ਹੈ।ਸਾਧੂ ਗੁਰੂ ਦੇ ਚਰਨਾਂ ਦੀ ਧੂੜੀ ਮੁਕਤੀ ਪ੍ਰਾਪਤ ਕਰਨ ਦੀ ਜੁਗਤੀ ਹੈ, ਨਾਨਕ ਨੇ ਹਰੀ ਦੇ ਨਾਮ ਦਾ ਖਜਾਨਾ (ਗੁਰੂ ਤੋਂ) ਪ੍ਰਾਪਤ ਕੀਤਾ ਹੈ।੨।੧੭।੨੬।

ਪਦਾਰਥ = ਰਸਨਾ–ਜੀਭ ਨਾਲ।ਰਵੰਤ–ਜਪਦਾ ਰਹੁ।ਆਨ–ਹੋਰ।ਬਿਉਹਾਰ–ਕੰਮ ਕਾਜ; ਲੈਣ ਦੇਣ।ਮਿਥਿਆ–ਝੂਠੇ।ਭਗਵੰਤ–ਭਗਵਾਨ।੧।ਰਹਾਉ।ਅਧਾਰੁ–ਆਸਰਾ।ਈਤ–ਇਸ ਲੋਕ ਵਿਚ।ਆਗੈ–ਅੱਗੇ (ਪ੍ਰਲੋਕ ਵਿਚ)।ਬਿਬੇਕ ਬੁਧਿ–ਸੱਤ ਅਸੱਤ ਦੀ ਵਿਚਾਰ; ਚੰਗੇ ਮੰਦੇ ਦੀ ਪਰਖ ਕਰਨ ਵਾਲੀ ਬੁੱਧੀ।੧।ਕਰਣ ਕਾਰਣ–ਸਾਰੇ ਕਾਰਣਾਂ ਦਾ ਕਰਨ ਵਾਲਾ; ਜਗਤ ਦਾ ਮੂਲ ਕਾਰਣ। ਸੰਮ੍ਰਥ–ਸਰਬ ਸ਼ਕਤੀਮਾਨ।ਸ੍ਰੀ ਧਰ–ਮਾਇਆ ਪਤੀ।ਤਾ ਕੀ–ਉਸ ਦੀ।ਮੁਕਤਿ ਜੁਗਤਿ–ਮੁਕਤੀ ਪ੍ਰਾਪਤ ਕਰਨ ਦਾ ਤਰੀਕਾ।ਰਵਾਲ ਸਾਧੂ–ਸਾਧੂਆਂ ਦੇ ਚਰਨਾਂ ਦੀ ਧੂੜ।ਹਰਿ ਨਿਧਿ–ਹਰੀ ਦੇ ਨਾਮ ਦਾ ਖਜਾਨਾ।ਲਹੀ–ਪ੍ਰਾਪਤ ਕੀਤਾ ਹੈ।੨।੧੭।੨੬।

ਗੂਜਰੀ ਮਹਲਾ ੫ ਘਰੁ ੪ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਛਾਡਿ ਸਗਲ ਸਿਆਣਪਾ, ਸਾਧ ਸਰਣੀ ਆਉ ॥ ਪਾਰਬ੍ਰਹਮ ਪਰਮੇਸਰੋ, ਪ੍ਰਭੂ ਕੇ ਗੁਣ ਗਾਉ ॥੧॥ ਰੇ ਚਿਤ ਚਰਣ ਕਮਲ ਅਰਾਧਿ ॥ ਸਰਬ ਸੂਖ ਕਲਿਆਣ ਪਾਵਹਿ, ਮਿਟੈ ਸਗਲ ਉਪਾਧਿ ॥੧॥ਰਹਾਉ॥ ਮਾਤ ਪਿਤਾ ਸੁਤ ਮੀਤ ਭਾਈ, ਤਿਸੁ ਬਿਨਾ ਨਹੀ ਕੋਇ ॥ ਈਤ ਊਤ ਜੀਅ ਨਾਲਿ ਸੰਗੀ, ਸਰਬ ਰਵਿਆ ਸੋਇ ॥੨॥ ਕੋਟਿ ਜਤਨ ਉਪਾਵ ਮਿਥਿਆ, ਕਛੁ ਨ ਆਵੈ ਕਾਮਿ ॥ ਸਰਣਿ ਸਾਧੂ ਨਿਰਮਲਾ, ਗਤਿ ਹੋਇ ਪ੍ਰਭ ਕੈ ਨਾਮਿ ॥੩॥ ਅਗਮ ਦਇਆਲ ਪ੍ਰਭੂ ਊਚਾ, ਸਰਣਿ ਸਾਧੂ ਜੋਗੁ ॥ ਤਿਸੁ ਪਰਾਪਤਿ ਨਾਨਕਾ, ਜਿਸੁ ਲਿਖਿਆ ਧੁਰਿ ਸੰਜੋਗੁ ॥੪॥੧॥੨੭॥ (ਹੇ ਮਨ!) ਸਾਰੀਆਂ ਸਿਆਣਪਾਂ ਛਡ ਕੇ ਸਾਧੂ (ਗੁਰੂ) ਦੀ ਸ਼ਰਣ ਵਿਚ ਆ ਜਾ।(ਗੁਰੂ ਦੀ ਸੰਗਤ ਵਿਚ ਬੈਠ ਕੇ) ਜਗਤ ਤੋਂ ਪਰੇ ਸਭ ਤੋਂ ਵੱਡੇ ਨਿਰਗੁਣ ਪ੍ਰਭੂ ਦੇ ਗੁਣ ਗਾ।੧।ਹੇ (ਮੇਰੇ) ਮਨ! ਪ੍ਰਭੂ ਦੇ ਚਰਨ ਕਮਲਾਂ ਦੀ ਅਰਾਧਨਾ ਕਰ।(ਇਉਂ ਕਰਕੇ ਤੂੰ) ਸਾਰੇ ਸੁਖ ਤੇ ਮੁਕਤੀ ਪ੍ਰਾਪਤ ਕਰ ਲਵੇਂਗਾ ਅਤੇ (ਤੇਰੇ) ਸਾਰੇ ਬਿਘਨ ਵੀ ਮਿਟ ਜਾਣਗੇ।੧।ਰਹਾਉ।(ਹੇ ਮਨ!) ਉਸ ਪ੍ਰਭੂ ਤੋਂ ਬਿਨਾ ਮਾਂ ਬਾਪ ਪੁਤ੍ਰ ਮਿਤ੍ਰ ਤੇ ਭਰਾ (ਆਦਿਕਾਂ ਵਿਚੋਂ ਪ੍ਰਲੋਕ ਵਿਚ) ਕੋਈ ਵੀ ਸਹਾਈ ਨਹੀਂ ਹੋਵੇਗਾ।ਜਿਹੜਾ ਹਰੀ ਸਭ ਜੀਵਾਂ ਵਿਚ ਰਮਿਆ ਹੋਇਆ ਹੈ, ਉਹ

ਹੀ ਇਥੇ ਤੇ ਉਥੇ (ਲੋਕ ਪ੍ਰਲੋਕ ਵਿਚ) ਜਿੰਦ ਦੇ ਨਾਲ ਨਿਭਣ ਵਾਲਾ ਸਾਥੀ ਹੈ।੨।(ਹੇ ਮਨ! ਤੇਰੇ ਕੀਤੇ ਤਨ ਦੇ) ਕ੍ਰੋੜਾ ਜਤਨ ਤੇ (ਮਨ ਦੇ) ਉਪਾਉ ਝੂਠੇ ਹਨ, (ਦਰਗਾਹ ਵਿਚ ਇਨ੍ਹਾਂ ਜਤਨਾਂ ਵਿਚੋਂ) ਕੁਛ ਵੀ ਕੰਮ ਨਹੀਂ ਆਵੇਗਾ।ਸਾਧੂ ਦੀ ਸ਼ਰਣ ਵਿਚ ਆ ਕੇ ਪਵਿਤ੍ਰ ਹੋ ਜਾਈਦਾ ਹੈ ਅਤੇ ਪ੍ਰਭੂ ਦੇ ਨਾਮ ਵਿਚ ਜੁੜਿਆਂ ਮੁਕਤੀ ਹੁੰਦੀ ਹੈ।੩।ਦਿਆਲ ਪ੍ਰਭੂ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਉਚਾ ਹੈ ਅਤੇ ਸ਼ਰਣ ਵਿਚ ਆਏ ਸਾਧੂਆਂ ਦੀ ਰੱਖਿਆ ਕਰਨ ਦੇ ਯੋਗ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪੁਰਖ ਨੂੰ (ਪ੍ਰਭੂ) ਪ੍ਰਾਪਤ ਹੁੰਦਾ ਹੈ, ਜਿਸ ਦੇ ਮੱਥੇ ਤੇ ਧੁਰ ਤੋਂ ਮਿਲਾਪ ਲਿਖਿਆ ਹੁੰਦਾ ਹੈ।੪।੧।੨੭।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ।ਸਗਲ–ਸਾਰੀਆਂ।ਪਾਰਬ੍ਰਹਮ–ਜਗਤ ਤੋਂ ਪਰੇ ਬ੍ਰਹਮ।ਪਰਮੇਸਰੋ–ਸਭ ਤੋਂ ਵੱਡਾ ਈਸ਼ਰ।੧।ਰੇ ਚਿਤ–ਹੇ (ਮੇਰੇ) ਮਨ!।ਅਰਾਧਿ–ਅਰਾਧਨਾ ਕਰ।ਕਲਿਆਣ–ਮੁਕਤੀ।ਉਪਾਧਿ–ਬਿਘਨ; ਦੁਖ।੧।ਰਹਾਉ।ਮਾਤ–ਮਾਂ।ਸੁਤ–ਪੁਤ੍ਰ।ਮੀਤ–ਮਿਤ੍ਰ।ਭਾਈ–ਭਰਾ।ਈਤ–ਇਥੇ (ਇਸ ਲੋਕ ਵਿਚ)।ਊਤ–ਉਥੇ (ਪ੍ਰਲੋਕ ਵਿਚ)।ਜੀਅ ਨਾਲਿ–ਜਿੰਦੇ ਦੇ ਨਾਲ।ਰਵਿਆ–ਪਸਰਿਆ ਹੋਇਆ; ਵਿਆਪਕ।ਸੋਇ–ਉਹ ਹੀ।੨।ਕੋਟਿ–ਕ੍ਰੋੜਾਂ।ਉਪਾਵ–ਜਤਨ; ਸਾਧਨ; ਇਲਾਜ।ਮਿਥਿਆ–ਝੂਠੇ; ਬਿਅਰਥ।ਨਿਰਮਲਾ–ਪਵਿਤ੍ਰ।ਕਾਮਿ–ਕੰਮ।ਗਤਿ–ਮੁਕਤੀ।ਕੈ–ਦੇ।ਨਾਮਿ–ਨਾਮ ਵਿਚ ਜੁੜਿਆਂ।੩।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਜੋਗੁ–ਯੋਗ; ਸਮਰੱਥ।ਤਿਸੁ–ਉਸ ਨੂੰ।ਧੁਰਿ–ਧੁਰ (ਦਰਗਾਹ) ਤੋਂ।ਸੰਜੋਗੁ–ਮਿਲਾਪ।੪।੧।੨੭।

ਗੂਜਰੀ ਮਹਲਾ ੫ ॥ ਆਪਨਾ ਗੁਰੁ ਸੇਵਿ ਸਦ ਹੀ, ਰਮਹੁ ਗੁਣ ਗੋਬਿੰਦ ॥ ਸਾਸਿ ਸਾਸਿ ਅਰਾਧਿ ਹਰਿ ਹਰਿ, ਲਹਿ ਜਾਇ ਮਨ ਕੀ ਚਿੰਦ ॥੧॥ ਮੇਰੇ ਮਨ ਜਾਪਿ ਪ੍ਰਭ ਕਾ ਨਾਉ ॥ ਸੂਖ ਸਹਜ ਅਨੰਦ ਪਾਵਹਿ, ਮਿਲੀ ਨਿਰਮਲ ਥਾਉ ॥੧॥ਰਹਾਉ॥ ਸਾਧ ਸੰਗਿ ਉਧਾਰਿ ਇਹੁ ਮਨੁ ,ਆਠ ਪਹਰ ਆਰਾਧਿ ॥ ਕਾਮੁ ਕ੍ਰੋਧੁ ਅਹੰਕਾਰੁ ਬਿਨਸੈ, ਮਿਟੈ ਸਗਲ ਉਪਾਧਿ ॥੨॥ ਅਟਲ ਅਛੇਦ ਅਭੇਦ ਸੁਆਮੀ, ਸਰਣਿ ਤਾ ਕੀ ਆਉ ॥ ਚਰਣ ਕਮਲ ਅਰਾਧਿ ਹਿਰਦੈ, ਏਕ ਸਿਉ ਲਿਵ ਲਾਉ ॥੩॥ ਪਾਰਬ੍ਰਹਮਿ ਪ੍ਰਭਿ ਦਇਆ ਧਾਰੀ, ਬਖਸਿ ਲੀਨੇ੍ ਆਪਿ ॥ ਸਰਬ ਸੁਖ ਹਰਿ ਨਾਮੁ ਦੀਆ, ਨਾਨਕ ਸੋ ਪ੍ਰਭੂ ਜਾਪਿ ॥੪॥੨॥੨੮॥ (ਹੇ ਭਾਈ!) ਅਪਨੇ ਗੁਰੂ ਦੀ ਸੇਵਾ ਕਰਦੇ ਹੋਏ ਸਦਾ ਹੀ ਗੋਬਿੰਦ ਦੇ ਗੁਣ ਉਚਾਰਿਆ ਕਰ।ਹਰੇਕ ਸਾਹ ਨਾਲ ਹਰਿ ਹਰਿ ਨਾਮ ਦਾ ਸਿਮਰਨ ਕਰ, (ਤਾਂ ਤੇਰੇ) ਮਨ ਦੀ ਚਿੰਤਾ ਲਹਿ ਜਾਵੇਗੀ।੧।ਹੇ ਮੇਰੇ ਮਨ! ਤੂੰ ਪ੍ਰਭੂ ਦਾ ਨਾਮ ਜਪ।(ਨਾਮ ਜਪਣ ਨਾਲ ਤੂੰ) ਕੁਦਰਤੀ ਸੁਖ ਤੇ ਆਤਮਕ ਅਨੰਦ ਪ੍ਰਾਪਤ ਕਰ ਲਵੇਂਗਾ ਅਤੇ ਤੈਨੂੰ ਪਵਿਤ੍ਰ ਟਿਕਾਣਾ ਮਿਲ ਜਾਵੇਗਾ।੧।ਰਹਾਉ।ਸਾਧ ਸੰਗਤ ਵਿਚ ਅੱਠੇ ਪਹਿਰ ਪ੍ਰਭੂ ਦਾ ਸਿਮਰਨ ਕਰਕੇ ਅਪਣੇ ਇਸ ਮਨ ਨੂੰ ਉਧਾਰ ਲੈ।(ਨਾਮ ਸਿਮਰਨ ਦੀ ਬਰਕਤ ਨਾਲ ਤੇਰਾ) ਕਾਮ ਕ੍ਰੋਧ ਤੇ ਹੰਕਾਰ ਨਾਸ਼ ਹੋ ਜਾਵੇਗਾ ਤੇ ਸਾਰੇ ਰੋਗ ਵੀ ਮਿਟ ਜਾਣਗੇ।੨।(ਹੇ ਭਾਈ! ਜਿਹੜਾ) ਪ੍ਰਭੂ ਮਾਲਕ ਟਲਣ ਰਹਿਤ (ਇਕ ਰਸ ਰਹਿਣ ਵਾਲਾ), ਕੱਟਣ ਤੋਂ ਰਹਿਤ ਤੇ ਭੇਦ ਰਹਿਤ ਹੈ, (ਤੂੰ) ਉਸ ਦੀ ਸ਼ਰਣ ਵਿਚ ਆ ਜਾ।(ਤੂੰ ਅਪਣੇ) ਹਿਰਦੇ ਵਿਚ (ਉਸ ਦੇ) ਚਰਣ ਕਮਲਾਂ ਦਾ ਸਿਮਰਨ ਕਰ ਅਤੇ (ਉਸ) ਇਕ ਨਾਲ ਲਿਵ ਲਾ ਲੈ।੩।(ਹੇ ਭਾਈ! ਜਿਨ੍ਹਾਂ ਮਨੁੱਖਾਂ ਉਤੇ) ਪਾਰਬ੍ਰਹਮ ਪ੍ਰਭੂ ਨੇ ਦਇਆ ਕੀਤੀ, (ਉਨ੍ਹਾਂ ਦੇ ਅਵਗੁਣ ਉਸ ਨੇ) ਆਪੇ ਬਖਸ਼ ਲਏ ਹਨ (ਮਾਫ ਕਰ ਦਿਤੇ।ਕਿਉਂਕਿ ਉਨ੍ਹਾਂ ਨੂੰ) ਹਰੀ ਨੇ ਸਾਰੇ ਸੁਖ ਦੇਣ ਵਾਲਾ ਅਪਣਾ ਨਾਮ ਦਿਤਾ ਹੈ, ਨਾਨਕ ਗੁਰੂ ਜੀ ਉਪਦੇਸ਼ ਦੇਂਦੇ ਹਨ (ਕਿ ਹੇ ਭਾਈ! ਤੂੰ ਵੀ), ਉਸ ਪ੍ਰਭੂ ਦਾ ਨਾਮ ਜਪਿਆ ਕਰ।੪।੨।੨੮।

ਪਦਾਰਥ = ਗੁਰੁ ਸੇਵਿ–ਗੁਰੂ ਦੀ ਸੇਵਾ ਕਰਕੇ।ਸਦ ਹੀ–ਸਦਾ ਹੀ।ਰਮਹੁ–ਉਚਾਰਨ ਕਰ।ਸਾਸਿ ਸਾਸਿ–ਸੁਆਸ ਸੁਆਸ।ਅਰਾਧਿ–ਸਿਮਰਨ ਕਰ।ਚਿੰਦ–ਚਿੰਤਾ।੧।ਸੂਖ ਸਹਜ–ਕੁਦਰਤੀ ਸੁਖ।ਮਿਲੀ–ਮਿਲ ਜਾਵੇਗਾ।ਨਿਰਮਲ–ਪਵਿਤਰ।੧।ਰਹਾਉ।ਉਧਾਰਿ–ਮੁਕਤ ਕਰ ਲੈ।ਬਿਨਸੈ–ਨਾਸ਼ ਹੋ ਜਾਵੇਗਾ।ਸਗਲ–ਸਾਰੇ।ਉਪਾਧਿ–ਰੋਗ।੨।ਅਟਲ–ਟਲਣ ਤੋਂ ਰਹਿਤ; ਅਚੱਲ।ਅਛੇਦ–(ਜਿਸ ਨੂੰ ਕੋਈ ਸ਼ਸ਼ਤ੍ਰ) ਕੱਟ ਨਾ ਸਕੇ।ਅਭੇਦ–ਜਿਸ ਦਾ ਭੇਤ ਨਾ ਪਾਇਆ ਜਾ ਸਕੇ।ਤਾ ਕੀ–ਉਸ ਦੀ।ਹਿਰਦੈ–ਹਿਰਦੇ ਵਿਚ।ਏਕ ਸਿਉ –ਇਕ ਪ੍ਰਭੂ ਨਾਲ।੩।ਪਾਰਬ੍ਰਹਮਿ ਪ੍ਰਭਿ–ਪਾਰਬ੍ਰਹਮ ਪ੍ਰਭੂ ਨੇ।ਧਾਰੀ–ਕੀਤੀ।ਸੋ–ਉਸ (ਉਸ ਨੂੰ)।੪।੨।੨੮।

ਅੰਗ ੫੦੨ = ਗੂਜਰੀ ਮਹਲਾ ੫ ॥ ਗੁਰ ਪ੍ਰਸਾਦੀ ਪ੍ਰਭੁ ਧਿਆਇਆ, ਗਈ ਸੰਕਾ ਤੂਟਿ ॥ ਦੁਖ ਅਨੇਰਾ ਭੈ ਬਿਨਾਸੇ, ਪਾਪ ਗਏ ਨਿਖੂਟਿ ॥੧॥ ਹਰਿ ਹਰਿ ਨਾਮ ਕੀ ਮਨਿ ਪ੍ਰੀਤਿ ॥ ਮਿਲਿ ਸਾਧ ਬਚਨ ਗੋਬਿੰਦ ਧਿਆਏ, ਮਹਾ ਨਿਰਮਲ ਰੀਤਿ ॥੧॥ਰਹਾਉ॥ ਜਾਪ ਤਾਪ ਅਨੇਕ ਕਰਣੀ, ਸਫਲ ਸਿਮਰਤ ਨਾਮ ॥ ਕਰਿ ਅਨੁਗ੍ਰਹੁ ਆਪਿ ਰਾਖੇ, ਭਏ ਪੂਰਨ ਕਾਮ ॥੨॥ ਸਾਸਿ ਸਾਸਿ ਨ ਬਿਸਰੁ ਕਬਹੂੰ ,ਬ੍ਰਹਮ ਪ੍ਰਭ ਸਮਰਥ ॥ ਗੁਣ ਅਨਿਕ ਰਸਨਾ ਕਿਆ ਬਖਾਨੈ, ਅਗਨਤ ਸਦਾ ਅਕਥ ॥੩॥ ਦੀਨ ਦਰਦ ਨਿਵਾਰਿ ਤਾਰਣ, ਦਇਆਲ ਕ੍ਰਿਪਾ ਕਰਣ ॥ ਅਟਲ ਪਦਵੀ ਨਾਮ ਸਿਮਰਣ, ਦ੍ਰਿੜੁ ਨਾਨਕ ਹਰਿ ਹਰਿ ਸਰਣ ॥੪॥੩॥੨੯॥ (ਹੇ ਭਾਈ! ਜਿਸ ਪੁਰਖ ਨੇ) ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਨੂੰ ਧਿਆਇਆ ਹੈ, (ਉਸ ਦੀ) ਸ਼ੰਕਾ ਦੂਰ ਹੋ ਗਈ ਹੈ।(ਨਾਮ ਸਿਮਰਨ ਦਾ ਸਦਕਾ ਉਸ ਦਾ) ਅਗਿਆਨਤਾ

ਦਾ ਹਨ੍ਹੇਰਾ, ਦੁਖ ਤੇ ਭੈ ਵੀ ਨਾਸ਼ ਹੋ ਗਏ ਅਤੇ ਪਾਪ ਵੀ ਮੁੱਕ ਗਏ ਹਨ।੧।(ਹੇ ਭਾਈ! ਮੇਰੇ) ਮਨ ਵਿਚ ਹਰਿ ਹਰਿ ਨਾਮ ਦੀ ਪ੍ਰੀਤ ਲਗ ਗਈ ਹੈ।ਸਾਧੂ ਨੂੰ ਮਿਲ ਕੇ (ਉਸ ਦੇ) ਬਚਨਾਂ ਅਨੁਸਾਰ ਗੋਬਿੰਦ ਨੂੰ ਸਿਮਰਿਆ ਹੈ, (ਗੁਰਮਤਿ ਦੀ) ਇਹ ਮਹਾਨ ਪਵਿਤ੍ਰ ਰੀਤ ਹੈ।੧।ਰਹਾਉ।ਨਾਮ ਸਿਮਰਨ ਕਰਕੇ ਜਪ ਤਪ ਆਦਿ ਅਨੇਕਾਂ ਤਰ੍ਹਾਂ ਦੀ ਕਰਣੀ ਸਫਲ ਹੋ ਗਈ ਹੈ; ਫਲ ਦੇਣ ਵਾਲੇ ਨਾਮ ਸਿਮਰਨ ਨਾਲ ਜਪ, ਤਪ ਤੇ ਹੋਰ ਅਨੇਕਾਂ ਕਿਰਿਆਵਾਂ ਆਪੇ ਹੋ ਗਈਆਂ ਹਨ (ਨਾਮ ਸਿਮਰਨ ਵਿਚ ਹੀ ਜਪ ਤਪ ਆਦਿ ਧਾਰਮਕ ਕਰਮ ਆ ਜਾਂਦੇ ਹਨ, ਇਨ੍ਹਾਂ ਦੀ ਲੋੜ ਨਹੀ ਰਹਿੰਦੀ)।ਹਰੀ ਨੇ ਕ੍ਰਿਪਾ ਕਰਕੇ ਆਪ (ਮੈਨੂੰ ਵਿਕਾਰਾਂ ਤੋਂ) ਬਚਾ ਕੇ ਰੱਖ ਲਿਆ, (ਨਾਮ ਸਿਮਰਨ ਦਾ ਸਦਕਾ ਮੇਰੇ ਸਾਰੇ) ਕੰਮ ਪੂਰਨ ਹੋ ਗਏ ਹਨ।੨।(ਅਰਦਾਸ) ਹੇ ਸਮਰੱਥ ਵਿਆਪਕ ਪ੍ਰਭੂ! ਸੁਆਸ ਸੁਆਸ ਕਦੇ ਵੀ (ਤੂੰ ਮੈਨੂੰ) ਨਾ ਭੁੱਲ।(ਤੇਰੇ) ਗੁਣ ਅਨੇਕਾਂ ਹਨ, (ਮੇਰੀ ਇਕ) ਜੀਭ ਕੀ ਬਿਆਨ ਕਰੇ? (ਕਿਉਂਕਿ ਤੇਰੇ ਗੁਣ) ਅਨਗਿਣਤ ਹਨ ਤੇ ਕਥਨ ਕਰਨ ਤੋਂ ਰਹਿਤ ਹਨ।੩।ਪ੍ਰਭੂ ਦਇਆ ਦਾ ਘਰ ਹੈ, ਕ੍ਰਿਪਾ ਕਰਨ ਵਾਲਾ ਹੈ, ਅਨਾਥਾਂ ਦੇ ਦੁਖ ਦਰਦ ਦੂਰ ਕਰਕੇ (ਸੰਸਾਰ ਸਾਗਰ ਤੋਂ) ਤਾਰ ਲੈਣ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੀ ਸ਼ਰਣ ਵਿਚ ਰਹਿਣ ਕਰਕੇ ਤੇ ਨਾਮ ਸਿਮਰਨ ਨਾਲ ਅਟੱਲ ਪਦਵੀ ਪ੍ਰਾਪਤ ਹੁੰਦੀ ਹੈ ,(ਇਸ ਲਈ ਹਰੀ ਸ਼ਰਣ ਤੇ ਹਰਿ ਨਾਮ ਨੂੰ) ਦ੍ਰਿੜ ਕਰੋ।੪।੩।੨੯।

ਪਦਾਰਥ = ਗੁਰ ਪ੍ਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਅਨੇਰਾ–ਹਨ੍ਹੇਰਾ।ਬਿਨਾਸੇ–ਨਾਸ਼ ਹੋ ਗਏ।ਨਿਖੁਟਿ–ਮੁੱਕ ਗਏ।੧।ਮਨਿ–ਮਨ ਵਿਚ।ਮਹਾ ਨਿਰਮਲ–ਬਹੁਤ ਪਵਿਤ੍ਰ।ਰੀਤਿ–ਰੀਤ; ਮਰਿਆਦਾ।੧।ਰਹਾਉ।ਜਾਪ–ਮੰਤ੍ਰਾਂ ਦੇ ਜਾਪ।ਤਾਪ–ਤਪੱਸਿਆ।ਅਨੇਕ ਕਰਣੀ–ਅਨੇਕਾਂ ਧਾਰਮਕ ਕਿਰਿਆਵਾਂ।ਕਰਿ ਅਨੁਗ੍ਰਹੁ–ਕ੍ਰਿਪਾ ਕਰਕੇ।ਭਏ–ਹੋ ਗਏ।ਕਾਮ–ਕੰਮ।੨।ਸਾਸਿ ਸਾਸਿ–ਹਰੇਕ ਸਾਹ ਦੇ ਨਾਲ।ਨ ਬਿਸਰੁ–ਨਾ ਭੁੱਲ।ਕਬਹੂੰ–ਕਦੇ ਵੀ।ਬ੍ਰਹਮ ਪ੍ਰਭ–ਵਿਆਪਕ ਪ੍ਰਭੂ।ਅਗਨਤ–ਅਨਗਿਣਤ।ਅਕਥ–ਕਥਨ ਕਰਨ ਤੋਂ ਰਹਿਤ।੩।ਦੀਨ–ਅਨਾਥਾਂ ਦਾ; ਗਰੀਬਾਂ ਦਾ।ਨਿਵਾਰਿ–ਦੂਰ ਕਰਕੇ।ਤਾਰਣ–ਪਾਰ ਕਰਨ ਵਾਲਾ।੪।੩।੨੯।

ਸੰਕਾ = ਸ਼ੱਕ; ਸੰਸਾ; ਡਰ।ਸ਼ੰਕਾ ਅਗਿਆਨ ਕਰਕੇ ਹੁੰਦੀ ਹੈ, ਜੀਵ ਤੇ ਈਸ਼ਰ ਦੇ ਭੇਦ ਦੀ ਸ਼ੰਕਾ, ਸ਼ੰਕਾ ਕਰਕੇ ਜਗਤ ਰੱਬ ਤੋਂ ਭਿੰਨ ਪ੍ਰਤੀਤ ਹੁੰਦਾ ਹੈ, ਮਾਇਆ ਦਾ ਕੀ ਰੂਪ ਹੈ, ਆਤਮਾ ਦਾ ਕੀ ਰੂਪ ਹੈ? ਇਹ ਸਭ ਸ਼ੰਕਾ ਹੈ (ਟਕਸਾਲ ਦੀ ਟੇਪ)।

ਗੂਜਰੀ ਮਹਲਾ ੫ ॥ ਅਹੰਬੁਧਿ ਬਹੁ ਸਘਨ ਮਾਇਆ, ਮਹਾ ਦੀਰਘ ਰੋਗੁ ॥ ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ, ਕਰਣ ਕਾਰਣ ਜੋਗੁ ॥੧॥ ਮਨਿ ਤਨਿ ਬਾਛੀਐ ਜਨ ਧੂਰਿ ॥ ਕੋਟਿ ਜਨਮ ਕੇ ਲਹਹਿ ਪਾਤਿਕ, ਗੋਬਿੰਦ ਲੋਚਾ ਪੂਰਿ ॥੧॥ਰਹਾਉ॥ ਆਦਿ ਅੰਤੇ ਮਧਿ ਆਸਾ, ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ, ਕਾਟੀਐ ਜਮ ਜਾਲ ॥੨॥ ਕਾਮ ਕ੍ਰੋਧ ਲੋਭ ਮੋਹ ਮੂਠੇ, ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ, ਮਿਟਤ ਜੋਨੀ ਭਵਣ ॥੩॥ ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ, ਤੀਨਿ ਤਾਪ ਜਲੰਤ ॥ ਜਪਿ ਰਾਮ ਰਾਮਾ ਦੁਖ ਨਿਵਾਰੇ, ਮਿਲੈ ਹਰਿ ਜਨ ਸੰਤ ॥੪॥ ਸਰਬ ਬਿਧਿ ਭ੍ਰਮਤੇ ਪੁਕਾਰਹਿ, ਕਤਹਿ ਨਾਹੀ ਛੋਟਿ ॥ ਹਰਿ ਚਰਣ ਸਰਣ ਅਪਾਰ ਪ੍ਰਭ ਕੇ, ਦ੍ਰਿੜੁ ਗਹੀ ਨਾਨਕ ਓਟ ॥੫॥੪॥੩੦॥ (ਹੇ ਭਾਈ!) ਹੰਕਾਰ ਵਾਲੀ ਬੁੱਧੀ ਤੇ ਮਾਇਆ ਦਾ ਬਹੁਤਾ ਪਿਆਰ ਹੋਣਾ, ਇਹ ਬੜਾ ਭਾਰੀ ਰੋਗ ਹੈ।(ਇਹ ਰੋਗ ਉਸ ਮਨੁੱਖ ਦਾ ਦੂਰ ਹੁੰਦਾ ਹੈ, ਜਿਸ ਨੂੰ) ਗੁਰੂ ਨੇ ਹਰੀ ਦਾ ਨਾਮ ਰੂਪ ਦਾਰੂ ਦਿਤਾ ਹੈ, (ਜਿਹੜਾ ਹਰੀ) ਕਰਣ ਕਾਰਣ ਸਮਰੱਥ ਹੈ।੧।ਹੇ ਭਾਈ! ਮਨ ਕਰਕੇ ਤੇ ਤਨ ਕਰਕੇ ਹਰੀ ਦੇ ਦਾਸਾਂ ਦੀ ਚਰਨ ਧੂੜ ਮੰਗਣੀ ਚਾਹੀਦੀ ਹੈ।(ਅਰਦਾਸ ਕਰਨੀ ਚਾਹੀਦੀ ਹੈ ਕਿ) ਹੇ ਹਰੀ! ਮੇਰੀ ਇਹ ਇੱਛਾ ਪੂਰੀ ਕਰ, (ਕਿਉਂਕਿ ਚਰਨ ਧੂੜ ਦੀ ਬਰਕਤ ਨਾਲ) ਕ੍ਰੋੜਾਂ ਜਨਮਾਂ ਦੇ ਪਾਪ ਲਹਿ ਜਾਂਦੇ ਹਨ।੧।ਰਹਾਉ।(ਮਾਇਕ ਪਦਾਰਥਾਂ ਦੀ) ਆਸਾ ਰੂਪ ਭਿਆਨਕ ਕੁੱਤੀ ਪਹਿਲੀ ਉਮਰ ਵਿਚ, ਵਿਚਕਾਰਲੇ ਤੇ ਅੰਤ ਸਮੇਂ ਵਿਚ (ਬਚਪਨ, ਜੁਆਨੀ ਤੇ ਬੁਢੇਪੇ ਵਿਚ ਸਾਡੇ ਪਿੱਛੇ ਲੱਗੀ ਹੋਈ ਹੋਰ ਪਦਾਰਥਾਂ ਲਈ) ਭੌਂਕਦੀ ਰਹਿੰਦੀ ਹੈ।ਗੁਰੂ ਦਾ ਗਿਆਨ ਤੇ ਹਰੀ ਦਾ ਕੀਰਤਨ ਗਾਉਣ ਨਾਲ (ਆਸਾ ਰੂਪ ਕੁੱਤੀ ਪਿੱਛਾ ਛਡ ਜਾਂਦੀ ਹੈ) ਅਤੇ ਜਮਾਂ ਦਾ ਜਾਲ ਵੀ ਕੱਟਿਆ ਜਾਂਦਾ ਹੈ।੨।(ਜਿਹੜੇ ਲੋਕ) ਕਾਮ ਕ੍ਰੋਧ, ਲੋਭ ਤੇ ਮੋਹ ਆਦਿ ਵਿਕਾਰਾਂ ਦੇ ਠੱਗੇ ਹੋਏ ਹਨ, (ਉਨ੍ਹਾਂ ਨੂੰ) ਸਦਾ ਆਵਾਗੌਣ ਦਾ ਗੇੜ ਪਿਆ ਰਹਿੰਦਾ ਹੈ।(ਪਰ ਜੋ ਲੋਕ) ਪ੍ਰਭੂ ਦੀ ਪ੍ਰੇਮਾ ਭਗਤੀ ਅਤੇ ਪ੍ਰਭੂ ਦਾ ਸਿਮਰਨ ਕਰਦੇ ਹਨ, (ਉਨ੍ਹਾਂ ਦਾ) ਜੋਨੀਆਂ ਵਿਚ ਭਟਕਣਾ ਮਿਟ ਜਾਂਦਾ ਹੈ।੩।(ਮਨੁੱਖ ਦੇ) ਸ਼ੁੱਭ ਚਿੰਤਕ ਮਿਤ੍ਰ, ਪੁਤ੍ਰ, ਇਸਤ੍ਰੀ (ਆਦਿ ਸਬੰਧੀ) ਤਿੰਨ ਤਰ੍ਹਾਂ ਦੇ ਤਾਪ ਵਿਚ ਜਲਦੇ ਰਹਿੰਦੇ ਹਨ (ਇਹ ਸਭ ਸਬੰਧੀ ਕਿਸੇ ਦਾ ਦੁਖ ਦੂਰ ਨਹੀਂ ਕਰ ਸਕਦੇ।ਇਨ੍ਹਾਂ ਵਿਚੋਂ ਜਿਹੜੇ ਕੋਈ ਸਬੰਧੀ) ਹਰੀ ਦੇ ਸੰਤ ਜਨਾਂ ਨਾਲ ਮਿਲੇ ਹਨ, (ਉਹ) ਹਰੀ ਦਾ ਨਾਮ ਜਪ ਕੇ (ਅਪਣੇ) ਦੁਖ ਦੂਰ ਕਰ ਲੈਂਦੇ ਹਨ।੪।(ਹੇ ਭਾਈ! ਦੁਨੀਆਂ ਦੇ ਲੋਕ ਵਿਕਾਰਾਂ ਵਿਚ ਫਸੇ) ਸਭ ਤਰ੍ਹਾਂ ਭਟਕਦੇ ਫਿਰਦੇ ਹਨ ਤੇ (ਦੁਖੀ ਹੋਕੇ) ਪੁਕਾਰਾਂ ਕਰਦੇ ਹਨ, (ਪਰ ਉਨ੍ਹਾਂ ਦਾ) ਕਿਤੇ ਵੀ ਛੁਟਕਾਰਾ ਨਹੀਂ ਹੁੰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਬੇਅੰਤ ਪ੍ਰਭੂ ਦੇ ਚਰਨਾਂ ਦੀ ਸ਼ਰਣ ਲਈ ਹੈ ਅਤੇ ਪ੍ਰਭੂ ਦੀ ਓਟ ਪੱਕੀ ਤਰ੍ਹਾਂ ਫੜੀ ਹੈ,

(ਉਸ ਦਾ ਆਸਾ ਰੂਪ ਕੁੱਤੀ ਤੋਂ ਛੁਟਕਾਰਾ ਹੋ ਜਾਂਦਾ ਹੈ)।੫।੪।੩੦।

ਪਦਾਰਥ = ਅਹੰਬੁਧਿ–ਹੰਕਾਰ ਵਾਲੀ ਬੁੱਧੀ। ਬਹੁ ਸਘਨ–ਬਹੁਤ ਜਿਆਦਾ। ਦੀਰਘ ਰੋਗੁ–ਬੜਾ ਭਾਰੀ। ਅਉਖਧੁ–ਦਾਰੂ। ਗੁਰਿ–ਗੁਰੂ ਨੇ। ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਦਾ ਮੂਲ ਕਾਰਣ। ਜੋਗੁ–ਸਮਰੱਥ।੧। ਮਨਿ ਤਨਿ–ਮਨ ਤਨ ਕਰਕੇ। ਬਾਛੀਐ–ਮੰਗਣੀ ਚਾਹੀਦੀ ਹੈ। ਧੂਰਿ–ਚਾਰਨ ਧੂੜ। ਕੋਟਿ–ਕ੍ਰੋੜਾਂ। ਲਹਹਿ–ਲਹਿ ਜਾਂਦੇ ਹਨ। ਪਾਤਿਕ–ਪਾਪ। ਲੋਚਾ–ਇੱਛਾ। ਪੂਰਿ–ਪੂਰੀ ਕਰ।੧। ਰਹਾਉ। ਆਦਿ–ਪਹਿਲੀ ਉਮਰ (ਬਚਪਨ)। ਮਧਿ–ਵਿਚਕਾਰਲੀ ਉਮਰ (ਜਵਾਨੀ)। ਅੰਤੇ–ਅੰਤ ਦੀ ਉਪਰ (ਬੁਢੇਪਾ) । ਕੂਕਰੀ–ਕੁੱਤੀ। ਬਿਕਰਾਲ–ਭਿਆਨਕ; ਡਰਾਉਣੀ (ਆਸਾ ਨੂੰ ਕੂਕਰੀ ਇਸ ਕਰਕੇ ਕਿਹਾ ਹੈ ਕਿਉਂਕਿ ਇਹ ਜੀਵ ਨੂੰ ਲੋਭ ਲਾਲਚ ਵਿਚ ਭਜਾਈ ਫਿਰਦੀ ਹੈ)। ਰਮਣੰ–ਗਾਉਣ ਨਾਲ। ਕਾਟੀਐ–ਕੱਟਿਆ ਜਾਂਦਾ ਹੈ। ਜਾਲ–ਫਾਹੀ।੨। ਮੂਠੇ–ਠੱਗੇ ਹੋਏ ਹਨ। ਆਵਾ ਗਵਣ–ਆਉਣ ਜਾਣ (ਜਨਮ ਮਰਨ) ਦਾ ਗੇੜ। ਜੋਨੀ ਭਵਣ–ਜੋਨੀਆਂ ਵਿਚ ਫਿਰਨਾ।੩। ਕਲਤ੍ਰ–ਇਸਤ੍ਰੀ। ਸੁਰ ਰਿਦ–ਸੁਹਿਰਦ; ਸ਼ੁੱਭ ਚਿੰਤਕ। ਤੀਨਿ ਤਾਪ–ਤਿੰਨ ਰੋਗ (ਆਧਿ–ਮਨ ਦੇ ਰੋਗ। ਬਿਆਧਿ–ਤਨ ਦੇ ਦੁੱਖ। ਉਪਾਧਿ–ਭੁਲੇਖੇ ਦੇ ਦੁੱਖ; ਸੰਸਾਰੀ ਝਗੜੇ)। ਜਲੰਤ–ਸੜਦੇ ਹਨ। ਨਿਵਾਰੇ–ਦੂਰ ਕਰ ਲਏ ਹਨ।੪। ਸਰਬ ਬਿਧਿ–ਸਭ ਤਰ੍ਹਾਂ ਨਾਲ। ਭ੍ਰਮਤੇ–ਭਟਕਦੇ ਫਿਰਦੇ ਹਨ। ਕਤਹਿ–ਕਿਤੇ ਵੀ। ਛੋਟਿ–ਛੁਟਕਾਰਾ। ਅਪਾਰ–ਬੇਅੰਤ। ਦ੍ਰਿੜ–ਪੱਕੀ ਤਰ੍ਹਾਂ। ਗਹੀ–ਫੜੀ ਹੈ।੫।੪।੩੦।

ਗੂਜਰੀ ਮਹਲਾ ੫ ਘਰੁ ੪ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਆਰਾਧਿ ਸ੍ਰੀ ਧਰ ਸਫਲ ਮੂਰਤਿ, ਕਰਣ ਕਾਰਣ ਜੋਗੁ ॥ ਗੁਣ ਰਮਣ ਸ੍ਰਵਣ ਅਪਾਰ ਮਹਿਮਾ, ਫਿਰਿ ਨ ਹੋਤ ਬਿਓਗੁ ॥੧॥ ਮਨ ਚਰਣਾਰਬਿੰਦ ਉਪਾਸ ॥ ਕਲਿ ਕਲੇਸ ਮਿਟੰਤ ਸਿਮਰਣਿ, ਕਾਟਿ ਜਮ ਦੂਤ ਫਾਸ ॥੧॥ਰਹਾਉ॥ ਸਤ੍ਰੁ ਦਹਨ ਹਰਿ ਨਾਮ ਕਹਨ, ਅਵਰ ਕਛੁ ਨ ਉਪਾਉ ॥ ਕਰਿ ਅਨੁਗ੍ਰਹੁ ਪ੍ਰਭੂ ਮੇਰੇ, ਨਾਨਕ ਨਾਮ ਸੁਆਉ ॥੨॥੩੧॥ (ਹੇ ਮੇਰੇ ਮਨ!) ਮਾਇਆ ਦੇ ਮਾਲਕ ਵਾਹਿਗੁਰੂ ਦੀ ਅਰਾਧਨਾ ਕਰ, (ਜੋ) ਫਲਦਾਇਕ ਹਸਤੀ ਹੈ ਅਤੇ ਸਾਰੇ ਕਾਰਣਾਂ ਨੂੰ ਕਰਨ ਦੇ ਜੋਗ ਹੈ। (ਉਸ ਦੇ) ਗੁਣ ਗਾਉਣ ਤੇ (ਉਸ ਦੀ) ਬੇਅੰਤ ਮਹਿਮਾ ਕੰਨਾਂ ਨਾਲ ਸੁਣਨ ਕਰਕੇ ਫਿਰ (ਤੇਰਾ ਉਸ ਤੋਂ) ਵਿਛੋੜਾ ਨਹੀਂ ਹੋਵੇਗਾ।੧। ਹੇ ਮਨ! ਵਾਹਿਗੁਰੂ ਦੇ ਚਰਨ ਕਮਲਾਂ ਦੀ ਉਪਾਸ਼ਨਾ ਕਰ। (ਉਸ ਦਾ) ਸਿਮਰਨ ਕਰਨ ਨਾਲ ਕਲ ਜੁਗ ਦੇ ਦੁਖ ਮਿਟ ਜਾਂਦੇ ਹਨ ਅਤੇ ਜਮ ਦੂਤਾਂ ਦੀ ਪਾਈ ਫਾਹੀ ਵੀ (ਸਾਡੇ ਗਲੇ ਵਿਚੋਂ) ਕੱਟੀ ਜਾਂਦੀ ਹੈ (ਮੁੜ ਦੁਬਾਰਾ ਜਨਮ ਮਰਨ ਨਹੀਂ ਹੁੰਦਾ)।੧। ਰਹਾਉ। (ਕਾਮਾਦਿਕ) ਵੈਰੀ ਨੂੰ ਸਾੜਨ ਵਾਸਤੇ ਹਰੀ ਦਾ ਨਾਮ ਉਚਾਰਨਾ (ਹੀ ਅਸਲੀ ਸਾਧਨ) ਹੈ, (ਇਸ ਤੋਂ ਬਿਨਾ) ਹੋਰ ਕੁਛ ਉਪਾਉ ਨਹੀਂ। ਹੇ ਮੇਰੇ ਪ੍ਰਭੂ! ਮੇਹਰ ਕਰ, ਨਾਨਕ ਨੂੰ (ਅਪਣੇ) ਨਾਮ ਦਾ ਸੁਆਦ ਪ੍ਰਦਾਨ ਕਰ।੨।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ। ਸ੍ਰੀ ਧਰ–ਮਾਇਆ ਦਾ ਪਤੀ ਵਾਹਿਗੁਰੂ। ਸਫਲ ਮੂਰਤਿ–ਫਲ ਦਾਇਕ ਹਸਤੀ (ਸਰੂਪ) । ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਦਾ ਮੂਲ ਕਾਰਣ। ਜੋਗੁ–ਲਾਇਕ; ਸਮਰੱਥ। ਰਮਣ–ਉਚਾਰਨ (ਗਾਉਣ) ਨਾਲ। ਸ੍ਰਵਣ–(ਕੰਨਾਂ ਨਾਲ) ਸੁਣਨ ਕਰਕੇ। ਅਪਾਰ–ਪਾਰ ਰਹਿਤ (ਬੇਅੰਤ)। ਫਿਰਿ–ਮੁੜ ਦੁਬਾਰਾ। ਨ ਹੋਤ–ਨਹੀਂ ਹੁੰਦਾ। ਬਿਓਗੁ–ਵਿਛੋੜਾ।੧। ਮਨ–ਹੇ ਮਨ!। ਚਰਣਾਰਬਿੰਦ–ਚਰਨ ਕਮਲ। ਉਪਾਸ–ਉਪਾਸ਼ਨਾ ਕਰ। ਕਲਿ ਕਲੇਸ–ਕਲਜੁਗ ਦੇ ਦੁੱਖ (ਮ.ਕੋ.); ਝਗੜੇ ਤੇ ਕਲੇਸ਼। ਸਿਮਰਣਿ–ਸਿਮਰਨ ਨਾਲ। ਫਾਸ–ਫਾਹੀ।੧। ਰਹਾਉ। ਸਤ੍ਰੁ–ਵੈਰੀ (ਇਕ ਵਚਨ)। ਦਹਨ–ਸਾੜਨ ਲਈ। ਕਹਨ–ਉਚਾਰਨ। ਅਵਰ–ਹੋਰ। ਉਪਾਉ–ਜਤਨ; ਸਾਧਨ। ਕਰਿ ਅਨੁਗ੍ਰਹੁ–ਮੇਹਰ ਕਰ। ਸੁਆਉ–ਸੁਆਦ; ਲਾਭ; ਮਨੋਰਥ।੨।੩੧।

ਗੂਜਰੀ ਮਹਲਾ ੫ ॥ ਤੂੰ ਸਮਰਥੁ ਸਰਨਿ ਕੋ ਦਾਤਾ, ਦੁਖ ਭੰਜਨੁ ਸੁਖ ਰਾਇ ॥ ਜਾਹਿ ਕਲੇਸ ਮਿਟੇ ਭੈ ਭਰਮਾ, ਨਿਰਮਲ ਗੁਣ ਪ੍ਰਭ ਗਾਇ ॥੧॥ ਗੋਵਿੰਦ ਤੁਝ ਬਿਨੁ ਅਵਰੁ ਨ ਠਾਉ ॥ ਕਰਿ ਕਿਰਪਾ ਪਾਰਬ੍ਰਹਮ ਸੁਆਮੀ, ਜਪੀ ਤੁਮਾਰਾ ਨਾਉ ॥੧॥ਰਹਾਉ॥ (ਹੇ ਪ੍ਰਭੂ!) ਤੂੰ ਸਰਬ ਸ਼ਕਤੀਵਾਨ ਹੈਂ, ਸ਼ਰਣ ਵਿਚ ਆਏ ਦਾਸਾਂ ਨੂੰ ਸ਼ਰਣ ਦੇਣ ਵਾਲਾ ਹੈਂ ਤੇ (ਉਨ੍ਹਾਂ ਦੇ) ਦੁਖ ਨਾਸ਼ ਕਰਨ ਵਾਲਾ ਹੈਂ ਅਤੇ ਸੁੱਖਾਂ ਦਾ ਰਾਜਾ (ਦਾਤਾ) ਹੈਂ। ਹੇ ਪ੍ਰਭੂ! ਤੇਰੇ ਪਵਿਤ੍ਰ ਗੁਣ ਗਾਉਣ ਕਰਕੇ (ਜੀਵਾਂ ਦੇ ਸਾਰੇ) ਕਲੇਸ਼ ਦੂਰ ਹੋ ਜਾਂਦੇ ਹਨ, ਭੈ ਤੇ ਭਰਮ ਵੀ ਮਿਟ ਜਾਂਦੇ ਹਨ।੧। ਹੇ ਗੋਵਿੰਦ! ਤੇਰੇ ਬਿਨਾ (ਦਾਸਾਂ ਨੂੰ) ਹੋਰ ਕੋਈ ਥਾਂ ਟਿਕਾਣਾ ਨਹੀਂ ਹੈ। (ਇਸ ਲਈ) ਹੇ ਪਾਰਬ੍ਰਹਮ ਸੁਆਮੀ! (ਮੇਰੇ ਤੇ ਇਹ) ਕ੍ਰਿਪਾ ਕਰ, (ਤਾਂ ਜੋ) ਮੈਂ ਤੇਰਾ ਨਾਮ ਸਦਾ ਜਪਦਾ ਰਹਾਂ।੧। ਰਹਾਉ।

ਅੰਗ ੫੦੩ = ਸਤਿਗੁਰ ਸੇਵਿ ਲਗੇ ਹਰਿ ਚਰਨੀ, ਵਡੈ ਭਾਗਿ ਲਿਵ ਲਾਗੀ ॥ ਕਵਲ ਪ੍ਰਗਾਸ ਭਏ ਸਾਧ ਸੰਗੇ, ਦੁਰਮਤਿ ਬੁਧਿ ਤਿਆਗੀ ॥੨॥ ਆਠ ਪਹਰ ਹਰਿ ਕੇ ਗੁਣ ਗਾਵੈ, ਸਿਮਰੈ ਦੀਨ ਦੈਆਲਾ ॥ ਆਪਿ ਤਰੈ ਸੰਗਤਿ ਸਭ ਉਧਰੈ, ਬਿਨਸੇ ਸਗਲ ਜੰਜਾਲਾ ॥੩॥ ਚਰਣ ਅਧਾਰੁ ਤੇਰਾ ਪ੍ਰਭ ਸੁਆਮੀ, ਓਤਿ ਪੋਤਿ ਪ੍ਰਭੁ ਸਾਥਿ ॥ ਸਰਨਿ ਪਰਿਓ ਨਾਨਕ ਪ੍ਰਭ ਤੁਮਰੀ, ਦੇ ਰਾਖਿਓ ਹਰਿ ਹਾਥ ॥੪॥੩੨॥ (ਜਿਹੜੇ ਮਨੁੱਖ) ਸਤਿਗੁਰੂ ਦੀ ਸੇਵਾ ਕਰਕੇ ਹਰੀ ਦੇ ਚਰਨੀਂ ਲੱਗ ਗਏ ਹਨ, ਵੱਡੇ ਭਾਗਾਂ ਨਾਲ (ਉਨ੍ਹਾਂ ਦੀ)

ਲਿਵ (ਹਰੀ ਨਾਲ) ਲਗ ਗਈ ਹੈ।(ਉਨ੍ਹਾਂ ਦੇ) ਹਿਰਦੇ ਰੂਪ ਕਮਲ ਸਾਧ ਸੰਗਤ ਵਿਚ ਰਹਿ ਕੇ ਪ੍ਰਕਾਸ਼ਿਤ ਹੋ ਗਏ ਹਨ ਅਤੇ (ਉਨ੍ਹਾਂ ਨੇ) ਖੋਟੀ ਮੱਤ ਵਾਲੀ ਬੁੱਧੀ ਛਡ ਦਿਤੀ ਹੈ।੨।(ਜਿਹੜਾ ਮਨੁੱਖ) ਅੱਠੇ ਪਹਿਰ ਹਰੀ ਦੇ ਗੁਣ ਗਾਉਂਦਾ ਹੈ ਅਤੇ ਦੀਨਾਂ ਉਤੇ ਦਇਆ ਕਰਨ ਵਾਲੇ ਹਰੀ ਨੂੰ ਸਿਮਰਦਾ ਹੈ।(ਸੰਸਾਰ ਸਮੁੰਦਰ ਤੋਂ ਉਹ) ਆਪ ਵੀ ਤਰ ਜਾਂਦਾ ਹੈ ਤੇ (ਉਸ ਦੀ) ਸੰਗਤ ਕਰਨ ਵਾਲੇ (ਮਨੁੱਖ) ਵੀ ਤਰ ਜਾਂਦੇ ਹਨ ਅਤੇ (ਉਸ ਦੇ) ਸਾਰੇ ਜੰਜਾਲ ਨਾਸ਼ ਹੋ ਜਾਂਦੇ ਹਨ।੩।ਹੇ ਪ੍ਰਭੂ! ਹੇ ਸੁਆਮੀ! (ਦਾਸਾਂ ਨੂੰ) ਤੇਰੇ ਚਰਣਾਂ ਦਾ ਆਸਰਾ ਹੈ, ਹੇ ਪ੍ਰਭੂ! ਤਾਣੇ ਪੇਟੇ ਵਾਂਗ (ਤੂੰ ਅਪਣੇ ਦਾਸਾਂ) ਨਾਲ ਰਹਿੰਦਾ ਹੈਂ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਜਿਹੜਾ ਮਨੁੱਖ) ਤੇਰੀ ਸ਼ਰਣ ਵਿਚ ਪਿਆ ਹੈ, ਹੇ ਹਰੀ! (ਉਸ ਦੀ ਤੈਂ) ਹੱਥ ਦੇ ਕੇ ਰੱਖਿਆ ਕੀਤੀ ਹੈ।੪।੩੨।

ਪਦਾਰਥ = ਸਮਰਥ–ਸਾਰੀਆਂ ਤਾਕਤਾਂ ਦਾ ਮਾਲਕ।ਕੋ–ਦਾ।ਦੁਖ ਭੰਜਨ–ਦੁੱਖ ਨਾਸ਼ ਕਰਨ ਵਾਲਾ।ਸੁਖ ਰਾਇ–ਸੁੱਖਾਂ ਦਾ ਰਾਜਾ (ਦਾਤਾ)।ਜਾਹਿ–ਦੂਰ ਹੋ ਜਾਂਦੇ ਹਨ।ਭੈ–ਮੌਤ ਦਾ ਡਰ।ਨਿਰਮਲ–ਪਵਿਤ੍ਰ।ਗਾਇ–ਗਾ ਕੇ (ਗਾਉਣ ਕਰਕੇ)।੧।ਗੋਵਿੰਦ–ਹੇ ਗੋਬਿੰਦ !।ਅਵਰੁ–ਹੋਰ ਦੂਜਾ।ਠਾਉ–ਥਾਂ ਟਿਕਾਣਾ।ਪਾਰਬ੍ਰਹਮ ਸੁਆਮੀ–ਹੇ ਪਾਰਬ੍ਰਹਮ! ਹੇ ਸੁਆਮੀ!।ਜਪੀ–ਜਪਦਾ ਰਹਾਂ।੧।ਰਹਾਉ। ਸੇਵਿ–ਸੇਵਾ ਕਰਕੇ।ਵਡੈ ਭਾਗਿ–ਵੱਡੇ ਭਾਗਾਂ ਨਾਲ।ਕਵਲ–ਹਿਰਦਾ ਰੂਪ ਕਮਲ।ਪ੍ਰਗਾਸ ਭਏ–ਖਿੜਾਉ ਵਾਲੇ (ਗਿਆਨਵਾਨ) ਹੋਏ ਹਨ।ਸਾਧ ਸੰਗੇ–ਸਾਧ ਸੰਗਤ ਵਿਚ ਰਹਿ ਕੇ।ਦੁਰਮਤਿ ਬੁਧਿ–ਖੋਟੀ ਮੱਤ ਵਾਲੀ ਬੁੱਧੀ।ਦੀਨ ਦੈਆਲਾ–ਨਿਮਾਣਿਆਂ ਉਤੇ ਦਇਆ ਕਰਨ ਵਾਲਾ।ਉਧਰੈ–ਤਰ ਜਾਂਦੀ ਹੈ।ਤਰੈ–ਤਰ ਜਾਂਦਾ ਹੈ।ਬਿਨਸੇ–ਨਾਸ਼ ਹੋ ਜਾਂਦੇ ਹਨ।ਸਗਲ–ਸਾਰੇ।ਜੰਜਾਲਾ–ਬੰਧਨ।੩।ਅਧਾਰੁ –ਆਸਰਾ।ਓਤਿ–ਉਣੇ ਹੋਏ।ਪੋਤਿ–ਪ੍ਰੋਤੇ ਹੋਏ (ਓਤਿ ਪੋਤਿ–ਜਿਵੇਂ ਤਾਣੇ ਪੇਟੇ ਦੇ ਧਾਗੇ ਆਪਸ ਵਿਚ ਮਿਲੇ ਹੁੰਦੇ ਹਨ)।ਸਾਥਿ– ਨਾਲ।ਪਰਿਓ–ਪਿਆ ਹੈ।ਦੇ–ਦੇ ਕੇ।ਰਾਖਿਓ–ਰੱਖਿਆ ਕੀਤੀ।ਹਾਥ–ਹੱਥ।੪।੩੨।

ਗੁਜਰੀ ਅਸਟਪਦੀਆ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਏਕ ਨਗਰੀ ਪੰਚ ਚੋਰ ਬਸੀਅਲੇ, ਬਰਜਤ ਚੋਰੀ ਧਾਵੈ ॥ ਤ੍ਰਿਹਦਸ ਮਾਲ ਰਖੈ ਜੋ ਨਾਨਕ, ਮੋਖ ਮੁਕਤਿ ਸੋ ਪਾਵੈ ॥੧॥ ਚੇਤਹੁ ਬਾਸੁਦੇਉ ਬਨਵਾਲੀ ॥ ਰਾਮੁ ਰਿਦੈ ਜਪਮਾਲੀ ॥੧॥ਰਹਾਉ ॥ ਉਰਧ ਮੂਲ ਜਿਸੁ ਸਾਖ ਤਲਾਹਾ, ਚਾਰਿ ਬੇਦ ਜਿਤੁ ਲਾਗੇ ॥ ਸਹਜ ਭਾਇ ਜਾਇ ਤੇ ਨਾਨਕ, ਪਾਰਬ੍ਰਹਮ ਲਿਵ ਜਾਗੇ ॥੨॥ ਪਾਰ ਜਾਤੁ ਘਰਿ ਆਗਨਿ ਮੇਰੈ, ਪੁਹਪ ਪਤ੍ਰ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ,ਛੋਡਹੁ ਬਹੁਤੁ ਜੰਜਾਲਾ ॥੩॥ ਸੁਣਿ ਸਿਖਵੰਤੇ ਨਾਨਕੁ ਬਿਨਵੈ, ਛੋਡਹੁ ਮਾਇਆ ਜਾਲਾ ॥ ਮਨਿ ਬੀਚਾਰਿ ਏਕ ਲਿਵ ਲਾਗੀ, ਪੁਨਰਪਿ ਜਨਮੁ ਨ ਕਾਲਾ ॥੪॥ ਇਕ ਸਰੀਰ ਰੂਪ ਸ਼ਹਿਰ ਵਿਚ ਪੰਜ ਕਾਮਾਦਿਕ ਚੋਰ ਵਸ ਰਹੇ ਹਨ, (ਹਰੇਕ ਚੋਰ) ਰੋਕਦੇ ਹੋਇਆਂ ਵੀ (ਨੌਂ ਗੋਲਕਾਂ ਰਾਹੀ ਮਨੁੱਖ ਦੇ ਮਨ ਵਿਚ ਦਾਖਲ ਹੋ ਕੇ ਸ਼ੁੱਭ ਗੁਣਾਂ ਦੀ ਪੂੰਜੀ) ਚੋਰੀ ਕਰਨ ਨੂੰ ਦੌੜਦਾ ਹੈ।ਗੁਰ ਨਾਨਕ ਦੇਵ ਜੀ ਆਖਦੇ ਹਨ ਕਿ ਜੋ ਮਨੁੱਖ ਤਿੰਨ ਗੁਣਾਂ ਤੇ ਦਸ ਇੰਦ੍ਰੀਆਂ ਤੋਂ ਆਤਮਕ ਗੁਣਾਂ ਦੇ ਮਾਲ ਨੂੰ ਬਚਾ ਕੇ ਰਖਦਾ ਹੈ, ਉਹ ਪੂਰਨ ਮੁਕਤੀ ਪ੍ਰਾਪਤ ਕਰਦਾ ਹੈ।੧।(ਹੇ ਭਾਈ!) ਸਰਬ ਵਿਆਪਕ ਤੇ ਸੰਸਾਰ ਰੂਪ ਬਨ ਦੇ ਮਾਲਕ ਪ੍ਰਭੂ ਨੂੰ ਯਾਦ ਕਰੋ (ਤਾਂ ਇਨ੍ਹਾਂ ਚੋਰਾਂ ਤੋਂ ਬਚਿਆ ਜਾ ਸਕਦਾ ਹੈ)।ਪ੍ਰਭੂ ਨੂੰ ਹਿਰਦੇ ਵਿਚ ਟਿਕਾਈ ਰੱਖਣਾ ਹੀ ਜਪਣ ਵਾਲੀ ਮਾਲਾ ਹੈ।੧।ਰਹਾਉ।(ਹੇ ਭਾਈ!) ਬ੍ਰਹਮ ਇਕ ਬ੍ਰਿਛ ਰੂਪ ਹੈ, ਉਪਰਲੇ ਲੋਕ ਜਿਸ ਦਾ ਮੁੱਢ ਤੇ ਥੱਲੇ ਦੇ ਲੋਕ ਸ਼ਾਖਾਂ ਹਨ, ਚਾਰ ਬੇਦ (ਇਸ ਬ੍ਰਿਛ ਨੂੰ ਪੱਤੇ) ਲਗੇ ਹੋਏ ਹਨ; ਚਾਰ ਬੇਦ ਜਿਸ (ਬ੍ਰਹਮ) ਨੂੰ ਕਥਨ ਕਰਨ ਲੱਗੇ ਹੋਏ ਹਨ।ਗੁਰੂ ਨਾਨਕ ਦੇਵ ਜੀ ਆਖਦੇ ਕਿ ਉਹ ਪੁਰਖ ਪਾਰਬ੍ਰਹਮ ਵਿਚ ਲਿਵ ਲਾ ਕੇ (ਗਿਆਨ ਅਵਸਥਾ ਵਿਚ) ਜਾਗ ਪੈਂਦੇ ਹਨ, (ਜਿਨ੍ਹਾਂ ਦੇ ਹਿਰਦੇ ਅੰਦਰ ਅਜੇਹਾ ਬ੍ਰਹਮ ਰੂਪ ਬ੍ਰਿਛ) ਸਹਿਜ ਸੁਭਾਵਕ ਹੀ ਉਤਪੰਨ ਹੋ ਜਾਂਦਾ ਹੈ।੨।(ਹੇ ਭਾਈ!) ਪਾਰਜਾਤ ਰੂਪ ਨਾਮ ਮੇਰੇ ਸਰੀਰ ਘਰ ਦੇ ਹਿਰਦੇ ਰੂਪ ਵੇਹੜੇ ਵਿਚ ਪ੍ਰਗਟ ਹੋ ਗਿਆ ਹੈ, ਜਿਸ ਦੇ ਸੱਚ ਰੂਪ ਫੁੱਲ, ਪਤੇ ਤੇ ਟਾਹਣੀਆਂ ਹਨ।ਪ੍ਰਭੂ ਦੀ ਜੋਤ ਸਭ ਜੀਵਾਂ ਵਿਚ ਵਿਆਪਕ ਹੈ, (ਉਹ) ਮਾਇਆ ਤੋਂ ਨਿਰਲੇਪ ਹੈ ਤੇ ਅਪਣੇ ਆਪ ਪ੍ਰਕਾਸ਼ਵਾਨ ਹੈ, (ਤੁਸੀਂ ਵੀ ਪ੍ਰਭੂ ਨੂੰ ਜਪੋ ਅਤੇ) ਮਾਇਆ ਦੇ ਬਹੁਤੇ ਜੰਜਾਲ ਛਡ ਦਿਓ।੩।ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਹੇ ਸਿੱਖਿਆ ਦੇਣ ਵਾਲੇ (ਪੰਡਤ)! ਸੁਣ, ਮਾਇਆ ਦੇ ਜਾਲ ਛਡ ਦਿਓ।(ਜਿਸ ਮਨੁੱਖ ਦੇ) ਮਨ ਵਿਚ ਗੁਰੂ ਦੀ ਵਿਚਾਰ ਦੁਆਰਾ ਇਕ ਪ੍ਰਭੂ ਦੀ ਲਿਵ ਲਗ ਜਾਂਦੀ ਹੈ, (ਉਸ ਦਾ) ਮੁੜ ਦੁਬਾਰਾ ਜਨਮ ਨਹੀਂ ਹੁੰਦਾ (ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ)।੪।

ਅੰਕ ੨ ਦੇ ਕੁਝ ਹੋਰ ਅਰਥ = ੧. ਸੰਸਾਰ ਇਕ ਬ੍ਰਿਛ ਹੈ, ਸੰਸਾਰ ਰੂਪ ਬ੍ਰਿਛ ਦਾ ਮੁੱਢ ਰੂਪ ਪ੍ਰਭੂ ਉਪਰ ਹੈ, (ਮਾਇਆ ਤੇ ਇਸ ਦੇ ਤਿੰਨ ਗੁਣ ਇਸ ਬ੍ਰਿਛ ਦੀਆਂ) ਸ਼ਾਖਾਂ ਹਨ, ਜੋ ਹੇਠਾਂ ਨੂੰ ਹਨ ਅਤੇ ਚਾਰ ਬੇਦ ਜਿਸ (ਤਿੰਨ ਗੁਣਾਂ) ਨੂੰ ਕਥਨ ਕਰਨ ਲੱਗੇ ਹੋਏ ਹਨ।ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਉਹ ਮਨੁੱਖ ਪ੍ਰਭੂ ਵਿਚ ਲਿਵ ਲਾ ਕੇ (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗੇ ਹਨ, (ਜਿਨ੍ਹਾਂ ਦੇ ਮਨ ਵਿਚ) ਸ਼ਾਂਤੀ ਸੁਭਾਵ ਪੈਦਾ ਹੋਇਆ ਹੈ।(ਸੰ.ਸ.; ਫ.ਸ.; ਟਕਸਾਲ)।

੨. ਜਿਸ ਦੀ ਜੜ ਉਪਰ ਨੂੰ ਹੈ ਤੇ ਸ਼ਾਖਾ ਹੇਠਾਂ ਨੂੰ ਅਤੇ ਚਾਰ ਬੇਦ ਜਿਸ ਨੂੰ ਪੱਤੇ ਲੱਗੇ ਹਨ ਭਾਵ ਬ੍ਰਹਮ ਰੂਪ ਬ੍ਰਿਛ ਦੀ ਮਾਇਆ ਜੜ ਹੈ ਤੇ ਤਿੰਨ ਗੁਣ ਸ਼ਾਖਾਂ ਹਨ, (ਇਨ੍ਹਾਂ ਤਿੰਨਾਂ ਗੁਣਾਂ ਦਾ) ਵਿਸਥਾਰ ਬੇਦ ਕਰਨ ਲਗੇ ਹੋਏ ਹਨ (ਪਰ ਚੌਥੇ ਪਦ ਦੀ ਖਬਰ ਨਹੀਂ ਦੇਂਦੇ) {ਜਨਮਿ ਮਰੈ ਤ੍ਰੈ ਗੁਣ ਹਿਤਕਾਰੁ। ਚਾਰੇ ਬੇਦ ਕਥਹਿ ਆਕਾਰੁ। ਤੀਨਿ ਅਵਸਥਾ ਕਹਹਿ ਵਖਿਆਨੁ। ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ੧੫੪} (ਪਰ ਜਿਹੜੇ ਮਨੁੱਖ ਇਨ੍ਹਾਂ ਤਿੰਨਾਂ ਗੁਣਾਂ ਨੂੰ ਛਡ ਕੇ ਚੌਥੀ) ਸਹਿਜ ਅਵਸਥਾ ਵਾਲੇ ਭਾਵ ਵਿਚ ਜਾਂਦੇ ਹਨ, ਉਹ ਪਾਰਬ੍ਰਹਮ ਵਿਚ ਲਿਵ ਲਾ ਕੇ (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗ ਪੈਂਦੇ ਹਨ (ਸ਼ਬਦਾਰਥ ਨਾਲ ਮਿਲਦੇ ਅਰਥ)

ਪਦਾਰਥ = ਨਗਰੀ-ਸ਼ਹਿਰ। ਪੰਚ ਚੋਰ-ਕਾਮਾਦਿਕ ਪੰਜ ਚੋਰ। ਬਸੀਅਲੇ-ਵਸਦੇ ਹਨ। ਬਰਜਤ-ਰੋਕਦਿਆਂ ਰੋਕਦਿਆਂ। ਚੋਰੀ ਧਾਵੈ-ਚੋਰੀ ਕਰਨ ਲਈ ਦੌੜਦਾ ਹੈ। ਤ੍ਰਿਹ-ਮਾਇਆ ਦੇ ਤਿੰਨ ਗੁਣ (ਰਜੋ, ਸਤੋ ਤੇ ਤਮੋ)। ਦਸ-ਦਸ ਇੰਦ੍ਰੇ (ਪੰਜ ਕਰਮ ਇੰਦ੍ਰੇ ਤੇ ਪੰਜ ਗਿਆਨ ਇੰਦ੍ਰੇ)। ਮਾਲ-ਸੰਪਦਾ (ਧਨ)। ਮੋਖ ਮੁਕਤਿ-ਪੂਰਨ ਮੁਕਤੀ। ਸੋ-ਉਹ।੧। ਚੇਤਹੁ-ਯਾਦ ਕਰੋ। ਬਾਸੁਦੇਉ-ਜਿਸ ਦਾ ਵਾਸਾ ਸਭ ਜੀਵਾਂ ਵਿਚ ਹੈ (ਸਰਬ ਵਿਆਪਕ ਹਰੀ)। ਬਨਵਾਲੀ-ਸੰਸਾਰ ਬਨ ਦਾ ਮਾਲਕ ਪ੍ਰਭੂ। ਰਿਦੈ-ਹਿਰਦੇ ਵਿਚ। ਜਪਮਾਲੀ-ਜਪ ਕਰਨ ਵਾਲੀ ਮਾਲਾ।੧। ਰਹਾਉ। ਉਰਧ-ਉਪਰ ਨੂੰ; ਉਚਾ। ਮੂਲ-ਮੁੱਢ; ਜੜ। ਸਾਖ-ਸ਼ਾਖਾਂ (ਟਾਹਣੀਆਂ)। ਤਲਾਹਾ-ਤਲੇ (ਥੱਲੇ)। ਜਿਤੁ-ਜਿਸ (ਬ੍ਰਿਛ) ਨੂੰ। ਸਹਜ ਭਾਇ-ਸਹਿਜ ਅਵਸਥਾ ਵਾਲੇ ਭਾਵ ਵਿਚ; ਸਹਿਜ ਸੁਭਾਵਕ ਹੀ; ਸ਼ਾਂਤੀ ਸੁਭਾਵ। ਜਾਇ-ਜਾਂਦੇ ਹਨ। ਤੇ-ਉਹ। ਜਾਇਤੇ-ਪੈਦਾ ਹੋਇਆ ਹੈ (ਸੰ.ਸ.; ਫ.ਸ.; ਟਕਸਾਲ ਨੇ ਜੁੜਤ ਪਾਠ 'ਜਾਇਤੇ' ਕੀਤਾ ਹੈ)। ਜਾਗੇ-ਜਾਗ ਪਏ ਹਨ।੨। ਪਾਰਜਾਤੁ-ਸਵੱਰਗ ਦਾ ਇਕ ਰੁੱਖ, ਜੋ ਸਾਰੀਆਂ ਇੱਛਾਂ ਪੂਰੀਆਂ ਕਰਨ ਵਾਲਾ ਮੰਨਿਆ ਗਿਆ ਹੈ। ਘਰਿ-ਸਰੀਰ ਰੂਪ ਘਰ ਦੇ। ਆਗਨਿ-ਵੇਹੜੇ ਵਿਚ। ਪੁਹਪ-(ਧਰਮ ਰੂਪ) ਫੁੱਲ। ਪਤ੍ਰ-(ਨਿਸ਼ਕਾਮ ਕਰਮ ਰੂਪ) ਪੱਤੇ। ਤਤੁ-ਸੱਚ; ਅਸਲੀਅਤ। ਸਰਬ-ਸਾਰਿਆਂ ਵਿਚ। ਨਿਰੰਜਨ-ਮਾਇਆ ਤੋਂ ਨਿਰਲੇਪ। ਸੰਭੂ-ਆਪਣੇ ਆਪ ਤੋਂ ਪ੍ਰਕਾਸ਼ਵਾਨ। ਜੰਜਾਲਾ-ਬੰਧਨ; ਬਿਅਰਥ ਦੇ ਕੰਮ ਧੰਧੇ।੩। ਸਿਖਵੰਤੇ-ਹੇ ਸਿਖਿਆ ਦੇਣ ਵਾਲੇ (ਪੰਡਤ)!। ਬਿਨਵੈ-ਬੇਨਤੀ ਕਰਦਾ ਹੈ। ਜਾਲਾ-ਜਾਲ; ਫਾਹੀ। ਏਕ-ਇਕ ਪ੍ਰਭੂ ਦੀ। ਲਿਵ ਲਾਗੀ-ਸੁਰਤ ਜੁੜ ਗਈ। ਪੁਨਰਪਿ-ਮੁੜ ਦੁਬਾਰਾ; ਫਿਰ ਕਦੇ ਵੀ। ਜਨਮ ਨ ਕਾਲਾ-ਜਨਮ ਤੇ ਮੌਤ ਨਹੀਂ ਹੁੰਦੀ।੪।

ਵਿਆਖਿਆ = ਇਹ ਅਸ਼ਟਪਦੀ ਕਿਸੇ ਵਿਦਵਾਨ ਪੰਡਤ ਦੇ ਤਾਈਂ ਉਚਾਰੀ ਹੋਈ ਹੈ, ਜੋ ਬੇਦਾਂ ਦਾ ਗਿਆਤਾ ਹੈ ਅਤੇ ਲੋਕਾਂ ਨੂੰ ਸਿਖਿਆ ਦੇਂਦਾ ਹੈ। ਗੁਰੂ ਜੀ ਇਨ੍ਹਾਂ ਅਸ਼ਟਪਦੀਆਂ ਵਿਚ ਬ੍ਰਹਮ ਬਾਰੇ ਪ੍ਰਚਲਤ ਖਿਆਲ ਦੀ ਭੁੱਲ ਕੱਢ ਕੇ ਗੁਰਮਤਿ ਵਾਲਾ ਸਹੀ ਖਿਆਲ ਪੰਡਤ ਨੂੰ ਦੇ ਰਹੇ ਹਨ। ਮਾਇਆ ਜਾਲ ਵਾਲੇ ਤ੍ਰਿਗੁਣੀ ਬ੍ਰਹਮ ਦਾ ਖਿਆਲ ਹਟਾ ਕੇ ਇਕ ਅਵਿਗਤ, ਨਿਰੰਜਨ, ਸੈਭੰ ਅਤੇ ਸੁੰਨ ਰੂਪ ਹਸਤੀ ਵੱਲ ਧਿਆਨ ਦਿਵਾਇਆ ਹੈ, ਜਿਸ ਨੂੰ ਨਾਮ ਕਿਹਾ ਹੈ। ਅੰਕ ੨ = ਬ੍ਰਹਮ ਬਹੁਤ ਉਚਾ ਹੈ, ਬਾਕੀ ਸਭ ਬ੍ਰਹਮੰਡ ਤੇ ਹੋਰ ਜੀਵ ਜੰਤ ਉਸ ਤੋਂ ਥੱਲੇ (ਨੀਵੇਂ) ਹਨ, ਜੋ ਉਸ ਦੀਆਂ ਸ਼ਾਖਾ ਹਨ। ਸੰਸਾਰ ਰੂਪ ਬ੍ਰਿਛ ਦਾ ਮੂਲ ਬ੍ਰਹਮ ਹੈ, ਜੋ ਸਭ ਤੋਂ ਉਚਾ ਹੈ ਤੇ (ਬਾਕੀ ਸਭ ਉਸ ਤੋਂ) ਥੱਲੇ ਹਨ, ਜੋ ਉਸ ਦੀਆਂ ਸ਼ਾਖਾ ਹਨ ਭਾਵ ਹੋਰ ਬ੍ਰਹਮੰਡ ਤੇ ਉਨ੍ਹਾਂ ਵਿਚ ਵਸਣ ਵਾਲੇ ਜੀਵ ਜੰਤ ਉਸ ਤੋਂ ਨੀਵੇਂ ਹਨ, ਜੋ ਉਸ ਮੂਲ ਰੂਪ ਬ੍ਰਹਮ ਦੀਆਂ ਸ਼ਾਖਾਂ ਹਨ। ਸਾਰੇ ਅਕਾਰ ਬ੍ਰਹਮ ਵਿਚ ਸਮਾਏ ਹੋਏ ਹਨ, ਕੁਛ ਵੀ ਉਸ ਤੋਂ ਬਾਹਰ ਨਹੀਂ। ਜਾਂ ਮਾਇਆ ਦੇ ਤਿੰਨ ਗੁਣ ਮਾਨੋਂ ਸ਼ਾਖਾਂ ਹਨ ਤੇ ਤਿੰਨ ਗੁਣਾਂ ਦੀ ਵਿਆਖਿਆ ਕਰਨ ਵਿਚ ਚਾਰ ਬੇਦ ਲੱਗੇ ਹਨ।

ਸੋ ਗੁਰੂ ਸੋ ਸਿਖੁ ਕਥੀਅਲੇ, ਸੋ ਵੈਦੁ ਜਿ ਜਾਣੈ ਰੋਗੀ ॥ ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ, ਧੰਧੈ ਗਿਰਹੀ ਜੋਗੀ ॥੫॥ ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ, ਲੋਭੁ ਮੋਹੁ ਤਿਸ ਮਾਇਆ ॥ ਮਨਿ ਤਤੁ ਅਵਿਗਤੁ ਧਿਆਇਆ, ਗੁਰ ਪਰਸਾਦੀ ਪਾਇਆ ॥੬॥ ਗਿਆਨੁ ਧਿਆਨੁ ਸਭ ਦਾਤਿ ਕਥੀਅਲੇ, ਸੇਤ ਬਰਨ ਸਭਿ ਦੂਤਾ ॥ ਬ੍ਰਹਮ ਕਮਲ ਮਧੁ ਤਾਸੁ ਰਸਾਦੰ, ਜਾਗਤ ਨਾਹੀ ਸੂਤਾ ॥੭॥ ਮਹਾ ਗੰਭੀਰ ਪਤ੍ਰ ਪਾਤਾਲਾ, ਨਾਨਕ ਸਰਬ ਜੁਆਇਆ ॥ ਉਪਦੇਸ ਗੁਰੂ ਮਮ ਪੁਨਹਿ ਨ ਗਰਭੰ, ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥ (ਹੇ ਸਿੱਖਿਆ ਦੇਣ ਵਾਲੇ ਪੰਡਤ! ਤੂੰ ਗੁਰੂ ਕਹਾਉਂਦਾ ਹੈਂ, ਜਿਵੇਂ ਅਸਲੀ) ਵੈਦ ਉਹ ਹੈ, ਜਿਹੜਾ ਰੋਗੀ ਦਾ ਰੋਗ ਦੂਰ ਕਰਨ ਜਾਣਦਾ ਹੋਵੇ, (ਇਸੇ ਤਰ੍ਹਾਂ ਸੱਚਾ) ਗੁਰੂ ਉਹ ਹੈ, (ਜਿਹੜਾ ਸਿਖ ਦਾ ਰੋਗ ਜਾਣਦਾ ਹੋਵੇ) ਅਤੇ ਸਿੱਖ ਉਹ ਕਿਹਾ ਜਾ ਸਕਦਾ ਹੈ, ਜਿਹੜਾ ਗੁਰੂ ਦੀ ਆਗਿਆ ਦਾ ਪਾਲਨ ਕਰੇ। ਉਸ (ਗੁਰੂ ਤੇ ਉਸ ਦੇ ਸਿਖ ਨੂੰ ਦੁਨੀਆਂ ਦਾ ਕੋਈ ਵੀ) ਕੰਮ ਧੰਦਾ ਮਾਇਆ ਪ੍ਰਾਪਤੀ ਦਾ ਕਾਰਨ ਨਹੀਂ ਹੈ, (ਭਾਵੇਂ ਗੁਰੂ ਤੇ ਉਸ ਦਾ ਸਿੱਖ) ਕੰਮ ਧੰਧੇ ਵਿਚ ਗ੍ਰਿਹਸਤੀ ਦਿਸਦੇ ਹਨ, (ਫਿਰ ਵੀ ਉਹ ਜਗਤ ਤੋਂ ਨਿਰਲੇਪ ਰਬ ਨਾਲ ਜੁੜੇ) ਜੋਗੀ ਹਨ।੫। (ਉਨ੍ਹਾਂ ਨੇ) ਕਾਮ ਕ੍ਰੋਧ ਹੰਕਾਰ ਲੋਭ ਮੋਹ ਅਤੇ ਮਾਇਆ ਦੀ ਤ੍ਰਿਸ਼ਨਾ (ਆਦਿ ਵਿਕਾਰ) ਛਡ ਦਿਤੇ ਹਨ। ਮਨ ਵਿਚ (ਉਨ੍ਹਾਂ ਨੇ) ਅਕਾਰ ਰਹਿਤ ਪ੍ਰਭੂ ਨੂੰ ਧਿਆਇਆ ਹੈ, (ਜੋ ਕਿ ਉਨ੍ਹਾਂ ਨੇ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕਰ ਲਿਆ ਹੈ।੬। (ਹੇ ਪੰਡਤ!) ਗਿਆਨ ਤੇ ਧਿਆਨ ਸਭ (ਪ੍ਰਭੂ ਦੀ) ਦਾਤ ਆਖੀ ਜਾਂਦੀ ਹੈ, (ਜਿਸ ਨੂੰ ਇਹ ਦਾਤਾਂ ਮਿਲ ਜਾਂਦੀਆਂ ਹਨ,

ਉਸ ਦੇ ਵਿਕਾਰ ਰੂਪ) ਦੂਤਾਂ ਦੇ ਰੰਗ ਬੱਗੇ ਪੈ ਜਾਂਦੇ ਹਨ (ਡਰ ਜਾਂਦੇ ਹਨ)। ਬ੍ਰਹਮ ਰੂਪ ਕਮਲ (ਜੋ ਹਿਰਦੇ ਵਿਚ ਹੈ, ਜਿਸ ਮਨੁੱਖ ਨੇ) ਉਸ ਦਾ ਮਿੱਠਾ ਰਸ ਚੱਖਿਆ ਹੈ, (ਉਹ ਸਦਾ ਗਿਆਨ ਅਵਸਥਾ ਵਿਚ) ਜਾਗਦਾ ਰਹਿੰਦਾ ਤੇ (ਮੋਹ ਮਾਇਆ ਦੀ ਨੀਂਦ ਵਿਚ) ਨਹੀਂ ਸੌਂਦਾ।੭। ਬ੍ਰਹਮ ਰੂਪ ਬ੍ਰਿਛ ਬਹੁਤ ਡੂੰਘਾ ਹੈ, ਪਤਾਲ (ਜਿਸ ਦੇ) ਪੱਤੇ ਹਨ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਵਿਸ਼ਾਲ ਹੁੰਦਾ ਹੋਇਆ ਵੀ ਉਹ) ਸਭ ਨਾਲ ਜੁੜਿਆ ਹੋਇਆ (ਵਿਆਪਕ) ਹੈ। ਗੁਰੂ ਦੇ ਉਪਦੇਸ਼ ਕਰਕੇ ਮੇਰਾ ਮੁੜ ਦੁਬਾਰਾ ਜਨਮ ਨਹੀਂ ਹੋਵੇਗਾ, (ਕਿਉਂਕਿ ਗੁਰੂ ਨੇ) ਬਿਖ ਰੂਪ ਮਾਇਆ ਛੁਡਾ ਕੇ ਨਾਮ ਅੰਮ੍ਰਿਤ ਪਿਲਾਇਆ ਹੈ।੮।੧।

ਪਦਾਰਥ = ਸੋ-ਉਹ। ਕਥੀਅਲੇ-ਕਿਹਾ ਜਾ ਸਕਦਾ ਹੈ। ਜਿ-ਜਿਹੜਾ। ਤਿਸੁ-ਉਸ ਨੂੰ। ਕਾਰਣਿ-(ਮਾਇਆ ਕਮਾਉਣ ਦਾ) ਕਾਰਣ ਨਹੀਂ। ਧੰਧੈ-ਕੰਮ ਧੰਧੇ ਵਿਚ। ਗਿਰਹੀ-ਗ੍ਰਿਹਸਤੀ। ਜੋਗੀ-ਤਿਆਗੀ; ਰੱਬ ਨਾਲ ਜੁੜਿਆ।੫। ਤਜੀਅਲੇ-ਛਡ ਦਿਤੇ ਹਨ। ਤਿਸ-ਤ੍ਰਿਸ਼ਨਾ। ਤਤੁ ਅਵਿਗਤੁ-ਅਕਾਰ ਰਹਿਤ ਪ੍ਰਭੂ ਨੂੰ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।੬। ਸੇਤ ਬਰਨ-ਬੱਗਾ (ਫਿੱਕਾ) ਰੰਗ। ਦੂਤਾ -(ਵਿਕਾਰ ਆਦਿ; ਜਮ) ਦੂਤਾਂ ਦਾ। ਮਧੁ-ਸ਼ਹਿਦ (ਕਮਲ ਦਾ ਮਿੱਠਾ ਰਸ)। ਤਾਸੁ-ਜਿਸ ਨੇ। ਰਸਾਦੰ-ਰਸ ਖਾਂਦਾ ਹੈ। ਨਾਹੀ ਸੂਤਾ-ਸੌਂਦਾ ਨਹੀਂ।੭। ਮਹਾ ਗੰਭੀਰ-ਬਹੁਤ ਡੂੰਘਾ। ਪਤ੍ਰ-ਪੱਤੇ। ਸਰਬ-ਸਭ। ਜੁਆਇਆ-ਜੁੜਿਆ ਹੋਇਆ ਹੈ। ਮਮ-ਮੇਰਾ। ਪੁਨਹਿ-ਮੁੜ ਕੇ। ਗਰਭੰ-(ਗਰਭ ਵਿਚ ਵਾਸਾ) ਜਨਮ। ਬਿਖੁ-ਮਾਇਆ। ਤਜਿ-ਛੁਡਾ ਕੇ। ਪੀਆਇਆ-ਪਿਲਾ ਦਿਤਾ।੮।੧।

ਗੂਜਰੀ ਮਹਲਾ ੧ ॥ ਕਵਨ ਕਵਨ ਜਾਚਹਿ ਪ੍ਰਭ ਦਾਤੇ, ਤਾ ਕੇ ਅੰਤ ਨ ਪਰਹਿ ਸੁਮਾਰ ॥ ਜੈਸੀ ਭੂਖ ਹੋਇ ਅਭ ਅੰਤਰਿ, ਤੂੰ ਸਮਰਥੁ ਸਚੁ ਦੇਵਣਹਾਰ ॥੧॥ ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ ॥ ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ, ਤੇਰੀ ਭਗਤਿ ਭਰੇ ਭੰਡਾਰ ॥੧॥ਰਹਾਉ॥ ਸੁੰਨ ਸਮਾਧਿ ਰਹਹਿ ਲਿਵ ਲਾਗੇ, ਏਕਾ ਏਕੀ ਸਬਦੁ ਬੀਚਾਰ ॥ ਜਲੁ ਥਲੁ ਧਰਣਿ ਗਗਨੁ ਤਹ ਨਾਹੀ, ਆਪੇ ਆਪੁ ਕੀਆ ਕਰਤਾਰ ॥੨॥ ਨਾ ਤਦਿ ਮਾਇਆ ਮਗਨੁ ਨ ਛਾਇਆ, ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ, ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥ ਹੇ ਦਾਤਾਰ ਪ੍ਰਭੂ! ਕਿਹੜੇ ਕਿਹੜੇ (ਜੀਵ ਤੇਰੇ ਕੋਲੋਂ ਦਾਤਾਂ) ਮੰਗਦੇ ਹਨ? ਉਨ੍ਹਾਂ ਦੀ ਗਿਣਤੀ ਦਾ ਅੰਤ ਨਹੀਂ ਪੈ ਸਕਦਾ। ਜਿਸ ਤਰ੍ਹਾਂ ਦੀ ਭੁੱਖ ਕਿਸੇ ਦੇ ਦਿਲ ਦੇ ਅੰਦਰ ਹੁੰਦੀ ਹੈ, ਤੂੰ (ਉਹ ਭੁੱਖ ਪੂਰੀ ਕਰ ਕਰਨ ਦੇ) ਸਮਰੱਥ ਹੈਂ, ਸਚਾ ਹੈਂ ਤੇ (ਸਭ ਤਰ੍ਹਾਂ ਦੀਆਂ ਦਾਤਾਂ) ਦੇਣ ਵਾਲਾ ਹੈਂ।੧। ਹੇ ਪ੍ਰਭੂ ਜੀ! ਤੇਰਾ ਸੱਚਾ ਆਸਰਾ ਹੀ (ਮੇਰੇ ਲਈ) ਜਪ ਤਪ ਤੇ ਸੰਜਮ ਹਨ। (ਹੇ ਪ੍ਰਭੂ! ਸਾਨੂੰ ਜੀਵਾਂ ਨੂੰ ਅਪਣਾ) ਹਰਿ ਹਰਿ ਨਾਮ ਦੀ ਦਾਤ ਦੇਹ, (ਜਿਸ ਦੀ ਬਰਕਤ ਨਾਲ ਅਸੀਂ ਆਤਮਕ) ਸੁਖ ਪ੍ਰਾਪਤ ਕਰੀਏ, ਤੇਰੀ ਭਗਤੀ ਦੇ ਖਜਾਨੇ ਭਰੇ ਪਏ ਹਨ।੧। ਰਹਾਉ। (ਕਈ ਮਨੁੱਖ ਐਸੇ ਮੰਗਤੇ ਹਨ, ਜੋ) ਅਫੁਰ ਸਮਾਧੀ ਵਿਚ ਲਿਵ ਲਗਾ ਕੇ ਟਿਕੇ ਰਹਿੰਦੇ ਹਨ ਅਤੇ ਇਕੋ ਇਕ ਸ਼ਬਦ ਨੂੰ ਹੀ ਵਿਚਾਰਦੇ ਹਨ। ਉਸ ਅਵਸਥਾ ਵਿਚ ਜਲ ਥਲ ਧਰਤੀ ਤੇ ਅਕਾਸ਼ (ਉਨ੍ਹਾਂ ਨੂੰ ਪ੍ਰਤੀਤ) ਨਹੀਂ ਹੁੰਦੇ, (ਉਨ੍ਹਾਂ ਨੇ ਅਪਣੇ ਆਪ ਨੂੰ) ਕਰਤਾਰ ਰੂਪ ਅਨੁਭਵ ਕੀਤਾ ਹੈ; (ਉਨ੍ਹਾਂ ਨੂੰ ਕੇਵਲ) ਕਰਤਾਰ ਅਨੁਭਵ ਹੁੰਦਾ ਹੈ, (ਜਿਸ ਨੇ) ਅਪਣੇ ਤੋਂ ਆਪ ਨੂੰ ਰਚਿਆ ਹੈ।੨। ਤਦੋਂ (ਸੁੰਨ ਸਮਾਧੀ ਦੀ ਹਾਲਤ ਵਿਚ) ਨਾ ਮਾਇਆ, (ਨਾ ਮਾਇਆ ਵਿਚ ਕੋਈ ਜੀਵ) ਮਸਤ, ਨਾ ਅਗਿਆਨਤਾ ਦਾ ਹਨ੍ਹੇਰਾ, ਨਾ ਸੂਰਜ ਤੇ ਨਾ ਹੀ ਚੰਦ ਹੁੰਦਾ ਹੈ, (ਇਕੋ ਇਕ) ਜੋਤੀ ਸਰੂਪ ਬੇਅੰਤ ਪ੍ਰਭੂ ਹੁੰਦਾ ਹੈ। ਸਭ ਨੂੰ ਦੇਖਣ ਵਾਲੀਆਂ ਅੱਖਾਂ ਹਿਰਦੇ ਵਿਚ ਹੀ ਪ੍ਰਗਟ ਹੋ ਜਾਂਦੀਆਂ ਹਨ ਅਤੇ ਇਕੋ ਨਜਰ ਨਾਲ ਤਿੰਨਾਂ ਲੋਕਾਂ (ਸਾਰੀ ਸ੍ਰਿਸਟੀ) ਦੀ ਖਬਰ ਹੋ ਜਾਂਦੀ ਹੈ (ਸ਼ਬਦਾਰਥ); ਸਭ ਨੂੰ ਦੇਖਣ ਵਾਲੀ ਅੱਖ ਤੇ ਤਿੰਨਾਂ ਭਵਨਾਂ ਦੀ ਸਾਰ ਲੈਣ ਵਾਲੀ ਤੇਰੀ ਉਹ ਇਕ ਨਜਰ ਤੇਰੇ ਦਿਲ ਦੇ ਅੰਦਰ ਹੀ ਸੀ (ਇਸ ਤਰ੍ਹਾਂ ਦੇ ਅਰਥ ਸਭ ਨੇ ਕੀਤੇ ਹਨ)।੩।

ਅੰਗ ੫੦੪ = ਪਵਣੁ ਪਾਣੀ ਅਗਨਿ ਤਿਨਿ ਕੀਆ, ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ, ਦਾਤਿ ਕਰੇ ਅਪੁਨੈ ਬੀਚਾਰ ॥੪॥ ਉਸ ਪ੍ਰਭੂ ਨੇ ਪੌਣ ਪਾਣੀ ਅੱਗ (ਆਦਿ ਤੱਤ), ਬ੍ਰਹਮਾ, ਵਿਸ਼ਨੂ ,ਸ਼ਿਵ ਜੀ ਤੇ ਹੋਰ (ਬਹੁਤ ਸਾਰੇ) ਅਕਾਰਾਂ ਨੂੰ ਪੈਦਾ ਕੀਤਾ। (ਤੇਰੇ ਪੈਦਾ ਕੀਤੇ ਵੱਡੇ ਛੋਟੇ ਦੇਵਤੇ ਤੇ ਜੀਵ ਜੰਤੂ ਤੇਰੇ ਦਰ ਦੇ) ਸਾਰੇ ਮੰਗਤੇ ਹਨ, ਹੇ ਪ੍ਰਭੂ! ਤੂੰ (ਸਭ ਦਾ) ਦਾਤਾ ਹੈਂ, (ਪਰ ਸਭ ਨੂੰ) ਤੂੰ ਅਪਣੇ ਵਿਚਾਰ ਅਨੁਸਾਰ ਦਾਤਾਂ ਦੇਣਾ ਕਰਦਾ ਹੈਂ।੪।

ਅੰਕ ੨ = (ਹੇ ਪ੍ਰਭੂ! ਜਦ ਤੂੰ) ਅਫੁਰ ਸਮਾਧੀ ਵਿਚ ਲਿਵ ਲਾ ਕੇ ਰਹਿੰਦਾ ਸੀ, (ਉਦੋਂ ਤੂੰ) ਇਕੋ ਇਕ ਸ਼ਬਦ ਰੂਪ ਸੀ ਤੇ ਇਕ ਹੀ ਵਿਚਾਰ ਸੀ (ਉਦੋਂ ਤੇਰੇ ਹੁਕਮ ਤੇ ਵਿਚਾਰ ਨੇ ਵੱਖ ਵੱਖ ਅਕਾਰ ਨਹੀਂ ਸਨ ਧਾਰਨ ਕੀਤੇ)। ਉਦੋਂ ਜਲ ਥਲ ਧਰਤੀ ਤੇ ਅਕਾਸ਼ ਨਹੀਂ ਸਨ, (ਉਦੋਂ ਕੇਵਲ) ਕਰਤਾਰ ਨੇ ਅਪਣੇ ਆਪ ਨੂੰ ਰਚਿਆ ਸੀ; ਹਰੀ ਨੇ ਅਪਣੇ ਆਪ ਸਾਰਾ ਪਸਾਰਾ ਰਚਿਆ ਹੈ।੨।

ਪਦਾਰਥ = ਕਵਨ ਕਵਨ-ਕਿਹੜੇ ਕਿਹੜੇ। ਜਾਚਹਿ-ਮੰਗਦੇ ਹਨ। ਪ੍ਰਭ ਦਾਤੇ-ਹੇ ਦਾਤਾਰ ਪ੍ਰਭੂ!। ਤਾ ਕੇ-ਉਨ੍ਹਾਂ ਦੇ। ਨ ਪਰਹਿ-ਨਹੀਂ ਪੈਂਦਾ। ਸੁਮਾਰ-ਗਿਣਤੀ। ਭੂਖ-ਭੁੱਖ; ਇੱਛਾ। ਅਭ ਅੰਤਰਿ-ਹਿਰਦੇ ਅੰਦਰ। ਸਮਰਥੁ-ਸਰਬ ਸ਼ਕਤੀਮਾਨ। ਦੇਵਣਹਾਰ-ਦੇਣ

ਵਾਲਾ।੧।ਐ ਜੀ–ਹੇ ਪ੍ਰਭੂ ਜੀ!।ਸੰਜਮੁ–ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕ ਰੱਖਣ ਦਾ ਕਰਮ।ਅਧਾਰ–ਆਸਰਾ।ਭੰਡਾਰ–ਖਜਾਨੇ।੧।ਰਹਾਉ।ਸੁੰਨ ਸਮਾਧੀ–ਫੁਰਨਿਆਂ ਤੋਂ ਰਹਿਤ ਸਮਾਧੀ।ਰਹਹਿ–ਰਹਿੰਦਾ ਹੈ।ਏਕਾ ਏਕੀ–ਇਕੋ ਇਕ।ਸਬਦੁ–ਬ੍ਰਹਮ; ਹੁਕਮ।ਥਲੁ–ਮਾਰੂ ਥਲ।ਧਰਣਿ–ਧਰਤੀ।ਗਗਨੁ–ਅਕਾਸ਼।ਤਹ–ਉਦੋਂ (ਉਸ ਵੇਲੇ)।੨।ਤਦਿ–ਤਦੋਂ।ਮਗਨੁ–ਮਸਤੀ।ਛਾਇਆ–ਅਗਿਆਨਤਾ ਦਾ ਹਨ੍ਹੇਰਾ।ਜੋਤਿ ਅਪਾਰ–ਜੋਤੀ ਸਰੂਪ ਬੇਅੰਤ ਪ੍ਰਭੂ।ਸਰਬ–ਸਭ ਨੂੰ।ਦ੍ਰਿਸਟਿ–ਦੇਖਣ ਵਾਲੀ।ਲੋਚਨ–ਅੱਖਾਂ।ਅਭ ਅੰਤਰਿ–ਦਿਲ ਦੇ ਅੰਦਰ।ਸਾਰ–ਖਬਰ; ਸਮਝ।੩।ਪਵਣੁ–ਹਵਾ।ਅਗਨਿ–ਅੱਗ।ਤਿਨਿ–ਉਸ ਨੇ।ਮਹੇਸੁ–ਸ਼ਿਵ ਜੀ।ਅਕਾਰ–ਵਜੂਦ; ਸਰੀਰ। ਜਾਚਿਕ–ਮੰਗਤੇ।ਅਪੁਨੈ ਬੀਚਾਰ–ਅਪਣੇ ਵਿਚਾਰ ਅਨੁਸਾਰ।੪।

ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ, ਦੇਦੇ ਤੋਟਿ ਨਾਹੀ ਭੰਡਾਰ ॥ ਊਂਧੈ ਭਾਂਡੈ ਕਛੁ ਨ ਸਮਾਵੈ, ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥ ਸਿਧ ਸਮਾਧੀ ਅੰਤਰਿ ਜਾਚਹਿ, ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥ ਜੈਸੀ ਪਿਆਸ ਹੋਇ ਮਨ ਅੰਤਰਿ, ਤੈਸੋ ਜਲੁ ਦੇਵਹਿ ਪਰਕਾਰ ॥੬॥ ਬਡੇ ਭਾਗ ਗੁਰੁ ਸੇਵਹਿ ਅਪੁਨਾ, ਭੇਦੁ ਨਾਹੀ ਗੁਰਦੇਵ ਮੁਰਾਰ ॥ ਤਾ ਕਉ ਕਾਲੁ ਨਾਹੀ ਜਮੁ ਜੋਹੈ, ਬੂਝਹਿ ਅੰਤਰਿ ਸਬਦੁ ਬੀਚਾਰ ॥੭॥ ਅਬ ਤਬ ਅਵਰੁ ਨ ਮਾਗਉ ਹਰਿ ਪਹਿ, ਨਾਮੁ ਨਿਰੰਜਨ ਦੀਜੈ ਪਿਆਰਿ ॥ ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ, ਹਰਿ ਜਸੁ ਦੀਜੈ ਕਿਰਪਾ ਧਾਰਿ ॥੮॥੨॥ ਹੇ ਮਾਲਕ ਪ੍ਰਭੂ! ਤੇਤੀ ਕ੍ਰੋੜ ਦੇਵਤੇ (ਵੀ ਤੈਥੋਂ ਦਾਤਾਂ) ਮੰਗਦੇ ਹਨ, ਦਾਤਾਂ ਦੇਂਦਿਆਂ ਤੇਰੇ ਭੰਡਾਰਿਆਂ ਵਿਚ ਕੋਈ ਤੋਟਾ ਨਹੀਂ ਆਉਂਦਾ।(ਸ਼ਰਧਾ ਹੀਣ ਮਨਮੁੱਖਾਂ ਦੇ ਹਿਰਦੇ ਰੂਪ) ਭਾਂਡੇ ਪੁੱਠੇ ਹਨ, (ਉਨ੍ਹਾਂ ਵਿਚ) ਕੁਛ ਵੀ ਨਹੀਂ ਪੈ ਸਕਦਾ (ਜਿਵੇਂ ਵਰਸ ਰਹੀ ਵਰਖਾ ਤੋਂ ਮੂਧਾ ਭਾਂਡਾ ਖਾਲੀ ਰਹਿੰਦਾ ਹੈ, ਪਰ ਗੁਰਮੁਖਾਂ ਦੇ ਹਿਰਦੇ ਰੂਪ) ਸਿੱਧੇ ਭਾਂਡਿਆਂ ਵਿਚ ਅੰਮ੍ਰਿਤ ਪੈਂਦਾ ਦਿਸਦਾ ਹੈ।੫।ਸਿੱਧ ਲੋਕ ਸਮਾਧੀ ਵਿਚ ਮੰਗਦੇ ਹਨ, ਰਿਧੀਆਂ ਸਿਧੀਆਂ ਮੰਗ ਕੇ (ਜਦ ਕੁਝ ਪ੍ਰਾਪਤ ਕਰ ਲੈਂਦੇ ਹਨ, ਤਾਂ ਹੇ ਪ੍ਰਭੂ! ਉਹ ਤੇਰੀ) ਜੈ ਜੈਕਾਰ ਕਰਦੇ ਹਨ।ਜਿਹੋ ਜਿਹੀ ਪਿਆਸ (ਕਿਸੇ ਮਨੁੱਖ ਦੇ) ਮਨ ਅੰਦਰ ਹੁੰਦੀ ਹੈ, (ਹੇ ਪ੍ਰਭੂ! ਉਸ ਨੂੰ ਤੂੰ) ਉਸੇ ਪ੍ਰਕਾਰ ਦਾ ਜਲ ਰੂਪ ਪਦਾਰਥ ਦੇ ਦੇਂਦਾ ਹੈਂ।੬।(ਉਨ੍ਹਾਂ ਪੁਰਖਾਂ ਦੇ) ਵੱਡੇ ਭਾਗ ਹਨ, (ਜਿਹੜੇ) ਗੁਰੂ ਦੀ ਦਸੀ ਸੇਵਾ ਕਰਦੇ ਹਨ, (ਉਹ ਜਾਣਦੇ ਹਨ ਕਿ) ਗੁਰੂ ਤੇ ਪ੍ਰਭੂ ਵਿਚ ਕੋਈ ਫਰਕ ਨਹੀਂ।ਉਨ੍ਹਾਂ ਪੁਰਖਾਂ ਨੂੰ ਮੌਤ ਤੇ ਜਮ ਦੇਖ ਵੀ ਨਹੀਂ ਸਕਦੇ, (ਜਿਹੜੇ ਅਪਣੇ) ਮਨ ਦੇ ਅੰਦਰ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਬੁਝਦੇ ਹਨ।੭।ਮੈਂ ਕਿਸੇ ਸਮੇਂ ਵੀ ਹਰੀ ਪਾਸੋਂ ਹੋਰ ਕੁਝ ਨਹੀਂ ਮੰਗਦਾ, (ਅਰਦਾਸ ਕਰਦਾ ਹਾਂ ਕਿ ਹੇ ਹਰੀ! ਮੈਨੂੰ ਅਪਣਾ) ਪਵਿਤ੍ਰ ਨਾਮ ਬਖਸ਼ ਦਿਓ।ਹੇ ਹਰੀ! ਨਾਨਕ ਪਪੀਹਾ ਤੇਰੇ ਪਾਸੋਂ ਕੀਰਤਨ ਰੂਪ ਅੰਮ੍ਰਿਤ ਜਲ ਮੰਗਦਾ ਹੈ, ਕ੍ਰਿਪਾ ਕਰਕੇ (ਮੈਨੂੰ ਇਹ ਦਾਤ) ਬਖਸ਼ ਦਿਓ ਜੀ।੮।੨।

ਪਦਾਰਥ = ਕੋਟਿ ਤੇਤੀਸ–ਤੇਤੀ ਕ੍ਰੋੜ।ਜਾਚਹਿ–ਮੰਗਦੇ ਹਨ।ਨਾਇਕ–ਮਾਲਕ; ਸੁਆਮੀ।ਤੋਟਿ ਨਾਹੀ–ਘਾਟਾ ਨਹੀਂ।ਊਂਧੈ ਭਾਂਡੈ–ਪੁੱਠੇ ਪਏ ਭਾਂਡੇ ਵਿਚ।ਸੀਧੈ–ਸਿੱਧੇ ਪਏ ਭਾਂਡੇ ਵਿਚ।ਪਰੈ ਨਿਹਾਰ–ਪੈਂਦਾ ਦਿਸਦਾ ਹੈ।੫।ਸਿਧ–ਕਰਾਮਾਤੀ ਜੋਗੀ।ਰਿਧਿ ਸਿਧਿ–ਕਰਾਮਾਤੀ ਤਾਕਤਾਂ।ਜਾਚਿ–ਮੰਗ ਕੇ।ਪਿਆਸ–ਇੱਛਾ।ਤੈਸੋ ਪਰਕਾਰ–ਉਸੇ ਪ੍ਰਕਾਰ ਦਾ।੬।ਸੇਵਹਿ–ਸੇਵਾ ਕਰਦੇ ਹਨ।ਭੇਦੁ–ਫਰਕ।ਮੁਰਾਰ–ਪ੍ਰਮਾਤਮਾ।ਤਾ ਕਉ–ਉਨ੍ਹਾਂ ਨੂੰ।ਕਾਲੁ–ਮੌਤ।ਨਾਹੀ ਜੋਹੈ–ਦੇਖ ਨਹੀਂ ਸਕਦੇ।ਅੰਤਰਿ–ਮਨ ਦੇ ਅੰਦਰ।ਬੂਝਹਿ–ਸਮਝਦੇ ਹਨ।੭।ਅਬ ਤਬ–ਸਦਾ ਹੀ; ਕਿਸੇ ਸਮੇਂ ਵੀ; ਹੁਣ ਤੇ ਬਾਦ ਵਿਚ।ਅਵਰੁ–ਹੋਰ ਕੁਛ।ਹਰਿ ਪਹਿ–ਹਰੀ ਪਾਸੋਂ।ਪਿਆਰਿ–ਪਿਆਰ ਨਾਲ।ਚਾਤ੍ਰਿਕੁ–ਪਪੀਹਾ।ਕਿਰਪਾ ਧਾਰਿ–ਕ੍ਰਿਪਾ ਕਰਕੇ।੮।੨।

ਗੂਜਰੀ ਮਹਲਾ ੧ ॥ ਐ ਜੀ ਜਨਮਿ ਮਰੈ ਆਵੈ ਫੁਨਿ ਜਾਵੈ, ਬਿਨੁ ਗੁਰ ਗਤਿ ਨਹੀ ਕਾਈ ॥ ਗੁਰਮੁਖਿ ਪ੍ਰਾਣੀ ਨਾਮੇ ਰਾਤੇ, ਨਾਮੇ ਗਤਿ ਪਤਿ ਪਾਈ ॥੧॥ ਭਾਈ ਰੇ ਰਾਮ ਨਾਮਿ ਚਿਤੁ ਲਾਈ ॥ ਗੁਰ ਪਰਸਾਦੀ ਹਰਿ ਪ੍ਰਭ ਜਾਚੇ, ਐਸੀ ਨਾਮ ਬਡਾਈ ॥੧॥ਰਹਾਉ॥ ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ,ਕੇਤੇ ਉਦਰੁ ਭਰਨ ਕੈ ਤਾਈ ॥ ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ, ਬਿਨੁ ਗੁਰ ਗਰਬੁ ਨ ਜਾਈ ॥੨॥ ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ, ਜਨਮਿ ਜਨਮਿ ਵੈਰਾਈ ॥ ਸਾਚੈ ਸਬਦਿ ਰਤੇ ਸੇ ਬਾਚੇ, ਸਤਿਗੁਰ ਬੂਝ ਬੁਝਾਈ ॥੩॥ ਗੁਰ ਸਰਣਾਈ ਜੋਹਿ ਨ ਸਾਕੈ, ਦੂਤੁ ਨ ਸਕੈ ਸੰਤਾਈ ॥ ਅਵਿਗਤ ਨਾਥ ਨਿਰੰਜਨਿ ਰਾਤੇ, ਨਿਰਭਉ ਸਿਉ ਲਿਵ ਲਾਈ ॥੪॥ ਹੇ ਭਾਈ! (ਮਨਮੁਖ) ਜਨਮਦਾ ਤੇ ਮਰਦਾ ਹੈ, ਮੁੜ ਆਉਂਦਾ ਜਾਂਦਾ (ਜੰਮਦਾ ਮਰਦਾ ਰਹਿੰਦਾ) ਹੈ, ਗੁਰੂ ਤੋਂ ਬਿਨਾ ਕਿਸੇ ਪ੍ਰਾਣੀ ਦੀ ਮੁਕਤੀ ਨਹੀਂ ਹੁੰਦੀ।(ਜਿਹੜੇ) ਪ੍ਰਾਣੀ ਗੁਰਮੁਖ ਬਣ ਕੇ ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੇ) ਨਾਮ ਸਿਮਰਨ ਦੁਆਰਾ ਮੁਕਤੀ ਤੇ (ਲੋਕ ਪ੍ਰਲੋਕ ਵਿਚ) ਇੱਜਤ ਪਾਈ ਹੈ।੧।ਹੇ ਭਾਈ! ਤੂੰ ਪ੍ਰਮਾਤਮਾ ਦੇ ਨਾਮ ਵਿਚ ਚਿਤ ਲਾਈ ਰੱਖ।ਪ੍ਰਭੂ ਦੇ ਨਾਮ ਦੀ ਐਸੀ ਵਡਿਆਈ ਹੈ, (ਕਿ ਜੇ ਤੂੰ) ਗੁਰੂ ਦੀ ਕ੍ਰਿਪਾ ਨਾਲ (ਗੁਰੂ ਪਾਸੋਂ) ਹਰੀ ਪ੍ਰਭੂ ਦਾ ਨਾਮ ਮੰਗੇਂ, (ਤਾਂ ਤੇਰਾ ਜਨਮ ਮਰਨ ਦਾ ਗੇੜ ਮੁੱਕ ਜਾਵੇਗਾ)।੧।ਰਹਾਉ।ਹੇ ਭਾਈ! (ਕਈ ਲੋਕ) ਭਿੱਖਿਆ ਮੰਗਣ ਲਈ ਬਹੁਤੇ ਭੇਖ ਧਾਰਨ ਕਰਦੇ ਹਨ ਅਤੇ

ਕਿੰਨੇ ਹੀ ਲੋਕ ਪੇਟ ਭਰਨ ਲਈ ਹੀ ਸਾਧੂ ਬਣਦੇ ਹਨ।(ਪਰ) ਹਰੀ ਦੀ ਭਗਤੀ ਤੋਂ ਬਿਨਾ ਪ੍ਰਾਣੀ ਨੂੰ ਸੁਖ ਨਹੀਂ ਮਿਲਦਾ ਅਤੇ ਨਾ ਹੀ ਗੁਰੂ ਤੋਂ ਬਿਨਾ (ਮਨੁੱਖ ਦਾ) ਹੰਕਾਰ ਜਾਂਦਾ ਹੈ।੨।ਹੇ ਭਾਈ! ਕਾਲ ਸਦਾ ਹੀ (ਹਰੇਕ ਜੀਵ ਦੇ) ਸਿਰ ਉਪਰ ਖੜਾ ਰਹਿੰਦਾ ਹੈ, (ਜੋ ਕਿ) ਹਰੇਕ ਜਨਮ ਵਿਚ (ਜੀਵ ਨਾਲ) ਵੈਰ ਕਰਨ ਵਾਲਾ ਹੈ।(ਜਿਨ੍ਹਾਂ ਮਨੁੱਖਾਂ ਨੂੰ) ਸਤਿਗੁਰੂ ਨੇ ਸਮਝ ਬੁਝਾਈ ਹੈ (ਸੂਝ ਬੂਝ ਬਖਸ਼ੀ ਹੈ), ਉਹ ਸੱਚੇ ਗੁਰੂ ਦੇ ਸ਼ਬਦਿ ਵਿਚ ਰੰਗੇ ਹੋਏ (ਕਾਲ ਤੋਂ) ਬਚ ਜਾਂਦੇ ਹਨ।੩।(ਜਿਹੜੇ ਮਨੁੱਖ) ਗੁਰੂ ਦੀ ਸ਼ਰਣ ਵਿਚ ਆ ਜਾਂਦੇ ਹਨ, (ਉਨ੍ਹਾਂ) ਨੂੰ ਜਮ ਦੂਤ ਦੇਖ ਵੀ ਨਹੀਂ ਸਕਦਾ ਤੇ ਨਾ ਹੀ ਦੁੱਖ ਦੇ ਸਕਦਾ ਹੈ।(ਕਿਉਂਕਿ ਉਹ ਜਗਤ ਦੇ) ਮਾਲਕ ਸਰੀਰ ਰਹਿਤ ਪਵਿਤ੍ਰ ਪ੍ਰਭੂ ਵਿਚ ਰੰਗੇ ਹੋਏ ਹੁੰਦੇ ਹਨ ਅਤੇ (ਉਸੇ) ਭੈ ਰਹਿਤ ਪ੍ਰਭੂ ਨਾਲ ਲਿਵ ਲਾਈ ਰੱਖਦੇ ਹਨ।੪।

ਪਦਾਰਥ = ਐ ਜੀ–ਹੇ ਭਾਈ!।ਜਨਮਿ ਮਰੈ–ਜਨਮਦਾ ਤੇ ਮਰਦਾ ਹੈ।ਫੁਨਿ–ਮੁੜ ਮੁੜ।ਕਾਈ–ਕੋਈ; ਕਿਸੇ ਦੀ।ਨਾਮੇ–ਨਾਮ ਵਿਚ ;ਨਾਮ ਦੁਆਰਾ।ਰਾਤੇ–ਰੰਗੇ ਹੋਏ ਹਨ।ਗਤਿ ਪਤਿ–ਮੁਕਤੀ ਤੇ ਇੱਜਤ।੧।ਚਿਤੁ ਲਾਈ–ਚਿਤ ਲਾਈ ਰੱਖ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਜਾਚੇ–ਮੰਗੇਂ।ਬਡਾਈ–ਵਡਿਆਈ।੧।ਰਹਾਉ।ਕਰਹਿ–ਕਰਦਾ ਹੈ।ਕਉ–ਨੂੰ; ਲਈ।ਕੇਤੇ–ਕਿਤਨੇ ਹੀ।ਉਦਰੁ–ਪੇਟ।ਕੈ ਤਾਈ–ਦੇ ਵਾਸਤੇ।ਗਰਬੁ–ਹੰਕਾਰ।ਨ ਜਾਈ–ਨਹੀਂ ਜਾਂਦਾ।੨।ਕਾਲੁ–ਮੌਤ।ਠਾਢੇ–ਖੜਾ ਹੈ।ਜਨਮਿ ਜਨਮਿ–ਹਰੇਕ ਜਨਮ ਵਿਚ।ਵੈਰਾਈ–ਵੈਰ ਕਰਨ ਵਾਲਾ।ਸਾਚੈ–ਸੱਚੇ ਗੁਰੂ ਦੇ।ਸੇ–ਉਹ।ਬਾਚੇ–ਬਚ ਜਾਂਦੇ ਹਨ।ਬੂਝ–ਸਮਝ; ਗਿਆਨ।੩।ਜੋਹਿ ਨ ਸਾਕੈ –ਦੇਖ ਨਹੀਂ ਸਕਦਾ।ਦੂਤੁ–ਜਮ ਦੂਤ।ਨ ਸਕੈ ਸੰਤਾਈ–ਦੁਖ ਨਹੀਂ ਦੇ ਸਕਦਾ।ਅਵਿਗਤ–ਸਰੀਰ ਰਹਿਤ ਹਰੀ।ਨਾਥ–ਮਾਲਕ। ਨਿਰੰਜਨਿ–ਨਿਰਲੇਪ ਹਰੀ ਵਿਚ।ਨਿਰਭਉ ਸਿਉ–ਭੈ ਰਹਿਤ ਹਰੀ ਨਾਲ।ਲਿਵ–ਬਿਰਤੀ।੪।

ਐ ਜੀਉ ਨਾਮੁ ਦਿੜਹੁ ਨਾਮੇ ਲਿਵ ਲਾਵਹੁ ,ਸਤਿਗੁਰ ਟੇਕ ਟਿਕਾਈ ॥ ਜੋ ਤਿਸੁ ਭਾਵੈ ਸੋਈ ਕਰਸੀ, ਕਿਰਤੁ ਨ ਮੇਟਿਆ ਜਾਈ ॥੫॥ ਐ ਜੀ ਭਾਗਿ ਪਰੇ ਗੁਰ ਸਰਣਿ ਤੁਮਾਰੀ, ਮੈ ਅਵਰ ਨ ਦੂਜੀ ਭਾਈ ॥ ਅਬ ਤਬ ਏਕੋ ਏਕੁ ਪੁਕਾਰਉ ,ਆਦਿ ਜੁਗਾਦਿ ਸਖਾਈ ॥੬॥ ਐ ਜੀ ਰਾਖਹੁ ਪੈਜ ਨਾਮ ਅਪੁਨੇ ਕੀ, ਤੁਝ ਹੀ ਸਿਉ ਬਨਿ ਆਈ ॥ ਕਰਿ ਕਿਰਪਾ ਗੁਰ ਦਰਸੁ ਦਿਖਾਵਹੁ ,ਹਉਮੈ ਸਬਦਿ ਜਲਾਈ ॥੭॥ ਐ ਜੀ ਕਿਆ ਮਾਗਉ ਕਿਛੁ ਰਹੈ ਨ ਦੀਸੈ, ਇਸੁ ਜਗ ਮਹਿ ਆਇਆ ਜਾਈ ॥ ਨਾਨਕ ਨਾਮੁ ਪਦਾਰਥੁ ਦੀਜੈ, ਹਿਰਦੈ ਕੰਠਿ ਬਣਾਈ ॥੮॥੩॥ ਹੇ ਭਾਈ! (ਅਪਣੇ ਹਿਰਦੇ ਅੰਦਰ ਹਰੀ ਦਾ) ਨਾਮ ਦ੍ਰਿੜ ਕਰੋ ਤੇ ਨਾਮ ਵਿਚ ਹੀ ਲਿਵ ਲਗਾਵੋ ਅਤੇ ਸਤਿਗੁਰੂ ਦੀ ਟੇਕ (ਅਪਣੇ ਮਨ ਵਿਚ) ਟਿਕਾਈ ਰੱਖੋ।ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਕਰਦਾ ਹੈ, ਉਸ ਦੀ ਕੀਤੀ ਨੂੰ (ਕਿਸੇ ਪਾਸੋਂ) ਮੇਟਿਆ ਨਹੀਂ ਜਾ ਸਕਦਾ (ਇਸ ਕਰਕੇ ਉਸ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ; ਜੀਵ ਦੇ ਪਿਛਲੇ ਜਨਮਾਂ ਦੇ) ਕੀਤੇ ਕਰਮਾਂ ਦਾ ਫਲ (ਸੰਸਕਾਰਾਂ ਦੇ ਰੂਪ ਵਿਚ ਨਾਮ ਸਿਮਰਨ ਤੋਂ ਬਿਨਾ) ਮੇਟਿਆ ਨਹੀਂ ਜਾ ਸਕਦਾ।੫।ਹੇ ਗੁਰੂ ਜੀ! ਮੈਂ ਭੱਜ ਕੇ ਤੁਹਾਡੀ ਸ਼ਰਣ ਵਿਚ ਆ ਪਿਆ ਹਾਂ, ਮੈਨੂੰ ਦੂਜੀ ਹੋਰ (ਕਿਸੇ ਦੀ ਸ਼ਰਣ) ਚੰਗੀ ਨਹੀਂ ਲੱਗੀ।ਮੈਂ ਸਦਾ ਹੀ ਇਕੋ ਇਕ (ਪ੍ਰਭੂ ਦਾ ਨਾਮ) ਪੁਕਾਰਦਾ ਹਾਂ, ਜੋ ਆਦਿ ਕਾਲ ਤੋਂ (ਭਗਤਾਂ ਦਾ) ਸਹਾਈ ਹੈ।੬।ਹੇ ਪਿਆਰੇ (ਪ੍ਰਭੂ) ਜੀ! ਅਪਣੇ ਨਾਮ ਦੀ ਪੈਜ ਰੱਖੋ, (ਕਿਉਂਕਿ ਮੇਰੀ) ਪ੍ਰੀਤੀ ਤੇਰੇ ਨਾਲ ਹੀ ਬਣ ਆਈ ਹੈ।ਕ੍ਰਿਪਾ ਕਰਕੇ ਮੈਨੂੰ ਗੁਰੂ ਦਾ ਦਰਸ਼ਨ ਦਿਖਾ ਦਿਓ, (ਤਾਂ ਜੋ ਗੁਰੂ ਅਪਣੇ) ਸ਼ਬਦ ਦੁਆਰਾ (ਮੇਰੇ ਮਨ ਵਿਚੋਂ) ਹਉਮੈ ਸਾੜ ਦੇਵੇ।੭।ਹੇ ਪਿਆਰੇ (ਪ੍ਰਭੂ) ਜੀ! (ਮੈਂ ਤੇਰੇ ਪਾਸੋਂ ਨਾਮ ਤੋਂ ਬਿਨਾ ਹੋਰ) ਕੀ ਮੰਗਾਂ ? (ਕਿਉਂਕਿ) ਕੁਛ ਵੀ ਸਥਿਰ ਰਹਿੰਦਾ ਦਿਸਦਾ ਨਹੀਂ, ਇਸ ਜਗਤ ਵਿਚ ਜੋ ਵੀ ਆਇਆ ਹੈ, ਉਹ ਚਲੇ ਜਾਂਦਾ ਹੈ (ਜੋ ਜੰਮਦਾ ਹੈ, ਉਹ ਮਰ ਜਾਂਦਾ ਹੈ, ਸਭ ਕੁਝ ਨਾਸ਼ਵੰਤ ਹੈ)।ਗੁਰੂ ਨਾਨਕ ਦੇਵ ਜੀ ਅਰਦਾਸ ਕਰਦੇ ਹਨ (ਕਿ ਹੇ ਪ੍ਰਭੂ! ਮੈਨੂੰ) ਨਾਮ ਪਦਾਰਥ ਬਖਸ ਦਿਓ, (ਜੋ ਮੈਂ) ਕੰਠ ਤੇ ਹਿਰਦੇ ਵਿਚ ਸਜਾ ਕੇ ਰੱਖ ਲਵਾਂ।੮।੩।

ਪਦਾਰਥ = ਐ ਜੀ–ਹੇ ਭਾਈ!।ਦਿੜਹੁ–(ਮਨ ਵਿਚ) ਪੱਕਾ ਕਰੋ।ਭਾਵੈ–ਚੰਗਾ ਲਗਦਾ ਹੈ।ਸੋਈ–ਉਹ ਹੀ।ਕਰਸੀ–ਕਰਦਾ ਹੈ। ਕਿਰਤੁ–ਕੀਤਾ ਹੋਇਆ; ਕੀਤਾ ਕਰਮ ਫਲ।੫।ਭਾਗਿ ਪਰੇ–ਭੱਜ ਪਏ ਹਾਂ।ਅਵਰ ਦੂਜੀ–ਹੋਰ ਦੂਜੀ।ਨ ਭਾਈ–ਚੰਗੀ ਨਹੀਂ ਲੱਗੀ ।ਏਕੋ ਏਕੁ–ਇਕ ਹਰੀ (ਦਾ ਨਾਮ)।ਅਬ ਤਬ–ਸਦਾ; ਹੁਣ ਤੇ ਫਿਰ ਬਾਦ ਵਿਚ।ਪੁਕਾਰਉ–ਮੈਂ ਪੁਕਾਰਦਾ ਹਾਂ।ਆਦਿ ਜੁਗਾਦਿ–ਆਦਿ ਕਾਲ ਤੋਂ।ਸਖਾਈ–ਸਹਾਈ; ਮਿਤ੍ਰ।੬।ਪੈਜ–ਲਾਜ; ਇੱਜਤ।ਤੁਝ ਹੀ ਸਿਉ–ਤੇਰੇ ਨਾਲ ਹੀ।ਬਨਿ ਆਈ–ਪ੍ਰੀਤ ਬਣ ਆਈ ਹੈ।ਜਲਾਈ–ਸਾੜ ਦੇਵੇ।੭।ਮਾਗਉ–ਮੈਂ ਮੰਗਾਂ।ਰਹੈ ਨ ਦੀਸੈ–(ਸਦਾ) ਰਹਿੰਦਾ ਨਹੀਂ ਦਿਸਦਾ।ਆਇਆ ਜਾਈ–ਜੋ ਆਇਆ ਹੈ, ਉਹ ਚਲੇ ਜਾਂਦਾ ਹੈ।ਦੀਜੈ–ਦੇ ਦਿਓ।ਹਿਰਦੈ–ਹਿਰਦੇ ਵਿਚ।ਕੰਠਿ–ਗਲੇ ਵਿਚ।ਬਣਾਈ–ਬਣਾ (ਸਜਾ) ਲਵਾਂ।੮।੩।

ਗੂਜਰੀ ਮਹਲਾ ੧ ॥ ਐ ਜੀ ਨਾ ਹਮ ਉਤਮ ਨੀਚ ਨ ਮਧਿਮ, ਹਰਿ ਸਰਣਾਗਤਿ ਹਰਿ ਕੇ ਲੋਗ ॥ ਨਾਮ ਰਤੇ ਕੇਵਲ ਬੈਰਾਗੀ, ਸੋਗ ਬਿਜੋਗ ਬਿਸਰਜਿਤ ਰੋਗ ॥੧॥ ਹੇ ਭਾਈ! ਅਸੀਂ ਨਾ ਉਤਮ ਹਾਂ, ਨਾ ਨੀਵੇਂ ਹਾਂ ਤੇ ਨਾ ਹੀ ਵਿਚਕਾਰਲੇ ਮੇਲ ਦੇ ਜੀਵ ਹਾਂ, (ਜਾਤ

ਵਰਣ ਤੋਂ ਰਹਿਤ ਹਾਂ, ਅਸੀਂ) ਹਰੀ ਦੀ ਸ਼ਰਣ ਵਿਚ ਆਏ ਹੋਏ ਹਰੀ ਦੇ ਲੋਕ (ਸੇਵਕ) ਹਾਂ।(ਜਿਹੜੇ ਪੁਰਖ) ਨਾਮ ਵਿਚ ਰੰਗੇ ਹੋਏ ਹਨ, ਕੇਵਲ (ਉਹ ਹੀ) ਬੈਰਾਗੀ ਹਨ, (ਇਸ ਵੈਰਾਗ ਕਰਕੇ ਉਨ੍ਹਾਂ ਨੇ) ਸੋਗ ਵਿਜੋਗ ਅਤੇ (ਹੰਕਾਰ ਆਦਿ) ਰੋਗ ਛੱਡੇ ਹੋਏ ਹਨ।

ਅੰਗ ੫੦੫ = ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥ ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ,ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ਰਹਾਉ॥ ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ, ਜੋ ਤਿਸੁ ਭਾਵੈ ਸਹਜਿ ਹਰੀ ॥ ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ,ਹਰਿ ਬਿਨੁ ਨਿਹਫਲ ਮੇਕ ਘਰੀ ॥੨॥ ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ, ਨਿੰਦਕ ਗਤਿ ਨਹੀ ਕਾਈ ॥ ਰੋਸੁ ਕਰੈ ਪ੍ਰਭੁ ਬਖਸ ਨ ਮੇਟੈ, ਨਿਤ ਨਿਤ ਚੜੈ ਸਵਾਈ ॥੩॥ ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ, ਮੇਰੈ ਠਾਕੁਰਿ ਆਪਿ ਦਿਵਾਈ ॥ ਨਿੰਦਕ ਨਰ ਕਾਲੇ ਮੁਖ ਨਿੰਦਾ, ਜਿਨ੍ ਗੁਰ ਕੀ ਦਾਤਿ ਨ ਭਾਈ ॥੪॥ ਹੇ ਭਾਈ! ਗੁਰੂ ਦੀ ਕ੍ਰਿਪਾ ਨਾਲ ਮਾਲਕ ਪ੍ਰਭੂ ਦੀ ਭਗਤੀ ਮਿਲਦੀ ਹੈ।ਸਤਿਗੁਰੂ ਦੇ ਬਚਨਾਂ ਨਾਲ ਪਵਿਤ੍ਰ ਹਰੀ (ਜਿਸ ਮਨੁੱਖ ਦੇ) ਹਿਰਦੇ ਵਿਚ ਵਸ ਜਾਵੇ, ਤਾਂ ਜਮ ਦੀ ਮੁਥਾਜੀ ਨਹੀਂ ਰਹਿੰਦੀ ਤੇ ਨਾ ਹੀ ਜਮ ਦੀ ਬਾਕੀ ਰਹਿੰਦੀ ਹੈ (ਕਿਉਂਕਿ ਨਾਮ ਸਿਮਰਨ ਨਾਲ ਮੰਦ ਕਰਮਾਂ ਦਾ ਲੇਖਾ ਮੁੱਕ ਜਾਂਦਾ ਹੈ)।੧।ਰਹਾਉ।(ਜੋ ਮਨੁੱਖ) ਜੀਭ ਨਾਲ ਹਰੀ ਦੇ ਗੁਣ ਗਾਉਂਦੇ ਹਨ, ਉਹ ਪ੍ਰਭੂ ਦੇ ਨਾਲ ਮਿਲੇ ਹੋਏ ਹਨ (ਪ੍ਰਭੂ ਨੂੰ ਅੰਗ ਸੰਗ ਸਮਝਦੇ ਹਨ ਅਤੇ ਉਨ੍ਹਾਂ ਨੂੰ ਗਿਆਨ ਹੈ ਕਿ) ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਸੁਭਾਵਕ ਹੀ ਹੁੰਦਾ ਹੈ (ਭਾਣੇ ਵਿਚ ਰਹਿੰਦੇ ਹਨ।ਉਹ ਜਾਣਦੇ ਹਨ ਕਿ) ਹਰੀ ਤੋਂ ਬਿਨਾ ਜਗਤ ਵਿਚ ਜਿਉਣਾ ਬ੍ਰਿਥਾ ਹੈ ਅਤੇ ਹਰੀ ਤੋਂ ਬਿਨਾ ਇਕ ਘੜੀ ਵੀ ਗੁਜਾਰਨੀ ਨਿਸਫਲ ਹੈ।੨।ਹੇ ਭਾਈ! ਖੋਟੇ ਮਨੁੱਖਾਂ ਨੂੰ ਘਰ ਵਿਚ ਤੇ (ਘਰ ਤੋਂ) ਬਾਹਰ (ਜਗਤ ਵਿਚ ਜਾਂ ਲੋਕ ਪ੍ਰਲੋਕ ਵਿਚ ਕਿਤੇ ਵੀ) ਟਿਕਾਣਾ ਨਹੀਂ ਮਿਲਦਾ (ਉਨ੍ਹਾਂ ਦਾ ਮਨ ਕਿਤੇ ਨਹੀਂ ਟਿਕਦਾ), ਨਿੰਦਕਾਂ ਦੀ ਕੋਈ ਮੁਕਤੀ ਨਹੀਂ ਹੁੰਦੀ।(ਨਿੰਦਕ ਲੋਕ) ਰੋਸ ਕਰਦੇ ਹਨ (ਕਿ ਹਰੀ ਭਗਤਾਂ ਨੂੰ ਵਡਿਆਈ ਕਿਉਂ ਦੇਂਦਾ ਹੈ? ਨਿੰਦਕਾਂ ਦੇ ਰੋਸ ਦੇ ਕਾਰਣ) ਪ੍ਰਭੂ ਬਖਸ਼ਿਸ ਕਰਨੀ ਮੇਟਦਾ ਨਹੀਂ (ਬੰਦ ਨਹੀਂ ਕਰਦਾ, ਸੱਗੋਂ ਭਗਤਾਂ ਉਤੇ ਪ੍ਰਭੂ ਦੀ ਬਖਸ਼ਿਸ਼) ਨਿਤ ਨਿਤ ਵਧਦੀ ਜਾਂਦੀ ਹੈ।੩।ਹੇ ਭਾਈ! ਗੁਰੂ ਦੀ ਦਿਤੀ ਦਾਤ ਨੂੰ ਕੋਈ ਮੇਟ ਨਹੀਂ ਸਕਦਾ, (ਕਿਉਂਕਿ ਨਾਮ ਸਿਮਰਨ ਦੀ ਉਹ ਦਾਤ ਗੁਰੂ ਤੋਂ) ਮੇਰੇ ਪ੍ਰਭੂ ਨੇ ਆਪ ਦਿਵਾਈ ਹੈ।ਨਿੰਦਾ ਕਰਨ ਨਾਲ (ਉਨ੍ਹਾਂ) ਨਿੰਦਕ ਮਨੁੱਖਾਂ ਦੇ ਮੂੰਹ ਕਾਲੇ ਹੁੰਦੇ ਹਨ, ਜਿਨ੍ਹਾਂ ਨੂੰ (ਗੁਰੂ ਵੱਲੋਂ ਅਪਣੇ ਦਾਸਾਂ ਨੂੰ ਦਿਤੀ ਦਾਤ) ਚੰਗੀ ਨਹੀਂ ਲਗਦੀ।੪।

ਪਦਾਰਥ = ਐ ਜੀ–ਹੇ ਭਾਈ!।ਹਮ–ਅਸੀਂ।ਉਤਮ–ਉਚੀ ਜਾਤ ਦੇ; ਵੱਡੇ ਬੰਦੇ।ਨੀਚ–ਨੀਵੀਂ ਪੱਧਰ ਦੇ।ਮਧਿਮ–ਵਿਚਕਾਰਲੇ ਮੇਲ ਦੇ।ਸਰਨਾਗਤਿ–ਸ਼ਰਣ ਵਿਚ ਆਏ ਹੋਏ।ਹਰਿ ਕੇ ਲੋਗ–ਹਰੀ ਦੇ ਲੋਕ (ਦਾਸ)।ਰਤੇ–ਰੰਗੇ ਹੋਏ।ਬੈਰਾਗੀ–ਉਪਰਾਮ; ਤਿਆਗੀ ।ਸੋਗ–ਗਮ।ਬਿਜੋਗ–ਵਿਛੋੜਾ।ਬਿਸਰਜਿਤ–ਛੱਡ ਦਿਤੇ ਹਨ।੧।ਭਾਈ ਰੇ–ਹੇ ਭਾਈ!।ਗੁਰ ਕਿਰਪਾ ਤੇ–ਗੁਰੂ ਦੀ ਕ੍ਰਿਪਾ ਨਾਲ। ਠਾਕੁਰ ਕੀ–ਪ੍ਰਭੂ ਦੀ।ਵਾਕਿ–ਉਪਦੇਸ਼ ਨਾਲ।ਨਿਰਮਲੁ–ਪਵਿਤ੍ਰ।ਕਾਣਿ–ਮੁਥਾਜੀ; ਗੁਲਾਮੀ।ਬਾਕੀ–ਕਰਮਾਂ ਦੇ ਲੇਖੇ ਦੀ ਬਾਕੀ।੧। ਰਹਾਉ।ਰਸਨ–ਜੀਭ ਨਾਲ।ਰਵਹਿ–ਉਚਾਰਦੇ (ਗਾਉਂਦੇ) ਹਨ।ਪ੍ਰਭ ਸੰਗੇ–ਪ੍ਰਭੂ ਨਾਲ ਮਿਲੇ ਹੋਏ ਹਨ (ਹਰੀ ਨੂੰ ਅੰਗ ਸੰਗ ਜਾਣਦੇ ਹਨ)।ਤਿਸੁ–ਉਸ (ਪ੍ਰਭੂ) ਨੂੰ।ਭਾਵੈ–ਚੰਗਾ ਲਗਦਾ ਹੈ।ਸਹਜਿ ਹਰੀ–ਹਰੀ ਸੁਭਾਵਕ ਹੀ ਕਰਦਾ ਹੈ।ਜਗਿ–ਜਗਤ ਵਿਚ।ਮੇਕ ਘਰੀ –ਇਕ ਘੜੀ।੨।ਠਉਰ–ਥਾਂ ਟਿਕਾਣਾ।ਗਤਿ–ਮੁਕਤੀ।ਕਾਈ–ਕੋਈ; ਕਦੇ ਵੀ।ਰੋਸੁ–ਗੁੱਸਾ।ਬਖਸ–ਬਖਸ਼ਿਸ਼।ਨਿਤ ਨਿਤ–ਹਰ ਰੋਜ; ਸਦਾ।ਚੜੈ ਸਵਾਈ–ਜਿਆਦਾ ਵਧਦੀ ਹੈ।੩।ਠਾਕੁਰਿ–ਮਾਲਕ ਪ੍ਰਭੂ ਨੇ।ਨਿੰਦਕ ਨਰ–ਨਿੰਦਾ ਕਰਨ ਵਾਲੇ ਮਨੁੱਖਾਂ ਦੇ।ਮੁਖ –ਮੂੰਹ।ਨ ਭਾਈ–ਚੰਗੀ ਨਹੀਂ ਲਗਦੀ; ਪਸੰਦ ਨਹੀਂ ਆਉਂਦੀ।੪।

ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ, ਬਿਲਮ ਨ ਅਧੂਆ ਰਾਈ ॥ ਆਨਦ ਮੂਲੁ ਨਾਥੁ ਸਿਰਿ ਨਾਥਾ, ਸਤਿਗੁਰੁ ਮੇਲਿ ਮਿਲਾਈ ॥੫॥ ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ, ਗੁਰਮਤਿ ਭ੍ਰਮਨਿ ਚੁਕਾਈ ॥ ਪਾਰਸੁ ਭੇਟਿ ਕੰਚਨੁ ਧਾਤੁ ਹੋਈ, ਸਤਸੰਗਤ ਕੀ ਵਡਿਆਈ ॥੬॥ ਹਰਿ ਜਲੁ ਨਿਰਮਲੁ ਮਨੁ ਇਸਨਾਨੀ, ਮਜਨੁ ਸਤਿਗੁਰੁ ਭਾਈ ॥ ਪੁਨਰਪਿ ਜਨਮ ਨਾਹੀ ਜਨ ਸੰਗਤ, ਜੋਤੀ ਜੋਤਿ ਮਿਲਾਈ ॥੭॥ ਤੂੰ ਵਡ ਪੁਰਖੁ ਅਗੰਮ ਤਰੋਵਰੁ ,ਹਮ ਪੰਖੀ ਤੁਝ ਮਾਹੀ ॥ ਨਾਨਕ ਨਾਮੁ ਨਿਰੰਜਨ ਦੀਜੈ, ਜੁਗਿ ਜੁਗਿ ਸਬਦਿ ਸਲਾਹੀ ॥੮॥੪॥ ਹੇ ਭਾਈ! (ਜਿਹੜੇ ਨਿੰਦਕ ਪ੍ਰਭੂ ਦੀ) ਸ਼ਰਣ ਵਿਚ ਆ ਪੈਂਦੇ ਹਨ, ਪ੍ਰਭੂ (ਉਨ੍ਹਾਂ ਨੂੰ) ਬਖਸ਼ ਕੇ (ਗੁਨਾਹ ਮਾਫ ਕਰਕੇ ਅਪਣੇ) ਨਾਲ ਮਿਲਾ ਲੈਂਦਾ ਹੈ, (ਮੇਲਣ ਲੱਗਿਆਂ ਉਹ) ਰਾਈ ਦੇ ਅੱਧੇ ਦਾਣੇ ਜਿੰਨੀ ਵੀ ਦੇਰ ਨਹੀਂ ਲਗਾਉਂਦਾ।(ਪ੍ਰਭੂ) ਅਨੰਦ ਦਾ ਸੋਮਾ ਹੈ, ਨਾਥਾਂ ਦਾ ਸ਼੍ਰੋਮਣੀ ਨਾਥ ਹੈ, (ਨਿੰਦਕਾਂ ਨੂੰ ਪ੍ਰਭੂ ਦੇ) ਮੇਲ ਵਿਚ ਸਤਿਗੁਰੂ ਮਿਲਾਉਂਦਾ ਹੈ।੫।ਹੇ ਭਾਈ! ਪ੍ਰਭੂ ਸਦਾ ਦਇਆ ਕਰਨ ਵਾਲਾ ਹੈ, (ਜਿਸ ਪੁਰਖ ਨੇ ਉਸ ਨੂੰ ਗੁਰੂ ਦੀ) ਦਇਆ ਕਰਕੇ ਜਪਿਆ ਹੈ, ਗਰੂ ਦੀ ਮੱਤ ਨੇ (ਉਸ ਦੀ ਜਨਮ ਮਰਨ ਦੀ) ਭ੍ਰਮਣਾ ਮੁਕਾ ਦਿਤੀ ਹੈ।(ਜਿਵੇਂ ਕੋਈ ਨੀਵੀਂ) ਧਾਤ ਪਾਰਸ ਨੂੰ ਮਿਲ ਕੇ ਸੋਨਾ ਹੋ ਜਾਂਦੀ ਹੈ, (ਉਸੇ ਤਰ੍ਹਾਂ ਪਾਪੀ ਮਨੁੱਖ

ਗੁਰੂ ਨੂੰ ਮਿਲ ਕੇ ਉਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ, ਇਹ ਗੁਰੂ ਦੀ) ਸਤਸੰਗਤ ਦੀ ਵਡਿਆਈ ਹੈ।੬।(ਹੇ ਭਾਈ!) ਹਰੀ ਦਾ ਨਾਮ ਪਵਿਤ੍ਰ ਜਲ ਹੈ, ਮਨ (ਉਸ ਵਿਚ) ਇਸ਼ਨਾਨ ਕਰਨ ਵਾਲਾ ਹੈ ਅਤੇ (ਜਿਹੜੇ ਮਨੁੱਖ) ਸਤਿਗੁਰੂ ਨੂੰ ਚੰਗੇ ਲਗੇ ਹਨ (ਉਨ੍ਹਾਂ ਦਾ ਨਾਮ ਜਪਣ ਰੂਪ) ਇਸ਼ਨਾਨ ਸਫਲ ਹੈ।ਹਰੀ ਦੇ ਦਾਸਾਂ ਦੀ ਸੰਗਤ ਕਰਕੇ ਮੁੜ ਦੁਬਾਰਾ ਜਨਮ ਮਰਨ ਨਹੀਂ ਹੁੰਦਾ, (ਕਿਉਂਕਿ ਗੁਰੂ ਉਸ ਦੀ) ਆਤਮਕ ਜੋਤ ਹਰੀ ਦੀ ਜੋਤ ਵਿਚ ਮਿਲਾ ਦੇਂਦਾ ਹੈ।੭।(ਅਰਦਾਸ) ਹੇ ਪ੍ਰਭੂ! ਤੂੰ ਵੱਡਾ ਪੁਰਖ ਹੈਂ, ਬਹੁਤ ਭਾਰਾ ਬ੍ਰਿਛ ਹੈਂ, ਅਸੀਂ ਤੇਰੇ ਆਸਰੇ ਵਿਚ ਰਹਿਣ ਵਾਲੇ ਪੰਛੀ ਹਾਂ।ਹੇ ਮਾਇਆ ਤੋਂ ਨਿਰਲੇਪ ਪ੍ਰਭੂ! ਨਾਨਕ ਨੂੰ ਅਪਣਾ ਨਾਮ ਬਖਸ਼ ਦੇਹ (ਤਾਂ ਕਿ ਮੈਂ) ਹਰੇਕ ਜੁਗ ਵਿਚ ਗੁਰੂ ਦੇ ਸ਼ਬਦ ਵਿਚ ਜੁੜ ਕੇ ਤੇਰੀ ਸਿਫਤ ਸਲਾਹ ਕਰਦਾ ਰਹਾਂ।੮।੪।

ਪਦਾਰਥ = ਐ ਜੀ–ਹੇ ਭਾਈ!।ਸਰਣਿ ਪਰੇ–ਸ਼ਰਣ ਵਿਚ ਪੈਂਦੇ ਹਨ।ਬਖਸਿ–ਬਖਸ਼ (ਮਾਫ ਕਰ) ਕੇ।ਬਿਲਮ–ਦੇਰ।ਅਧੂਆ ਰਾਈ –ਰਾਈ ਦੇ ਅੱਧੇ ਦਾਣੇ ਜਿੰਨੀ (ਛੇਤੀ)।ਆਨਦ ਮੂਲੁ–ਅਨੰਦ ਦਾ ਸੋਮਾ।ਨਾਥੁ ਸਿਰਿ ਨਾਥਾ–ਨਾਥਾਂ ਦਾ ਸ਼੍ਰੋਮਣੀ ਨਾਥ; ਪਾਤਸ਼ਾਹਾਂ ਦਾ ਸ਼੍ਰੋਮਣੀ ਪਾਤਸ਼ਾਹ।ਮੇਲਿ ਮਿਲਾਈ–ਮੇਲ ਵਿਚ ਮਿਲਾਉਂਦਾ ਹੈ।੫।ਕਰਿ–ਕਰਕੇ।ਰਵਿਆ–ਜਪਿਆ ਹੈ।ਗੁਰਮਤਿ–ਗੁਰੂ ਦੀ ਸਿਖਿਆ ਨੇ।ਭ੍ਰਮਨਿ–ਜਨਮ ਮਰਨ ਦੀ ਭ੍ਰਮਣਾ (ਫਿਰਨਾ)।ਚੁਕਾਈ–ਮੁਕਾ ਦਿਤੀ।ਪਾਰਸੁ–ਇਕ ਪੱਥਰ, ਜੋ ਲੋਹੇ ਨੂੰ ਸੋਨਾ ਬਣਾ ਦੇਂਦਾ ਹੈ। ਭੇਟਿ–ਮਿਲ ਕੇ।ਕੰਚਨੁ–ਸੋਨਾ।੬।ਨਿਰਮਲੁ–ਪਵਿਤ੍ਰ।ਮਜਨੁ–ਇਸ਼ਨਾਨ।ਭਾਈ–ਚੰਗੇ ਲੱਗੇ ਹਨ।ਪੁਨਰਪਿ–ਮੁੜ ਮੁੜ।ਜਨ–ਦਾਸਾਂ ਦੀ।੭।ਪੁਰਖ–ਸਰਬ ਵਿਆਪਕ।ਤਰੋਵਰੁ–ਬ੍ਰਿਛ।ਹਮ–ਅਸੀਂ।ਤੁਝ ਮਾਹੀ–ਤੇਰੇ (ਆਸਰੇ) ਵਿਚ।ਜੁਗਿ ਜੁਗਿ–ਹਰੇਕ ਜੁਗ ਵਿਚ; ਹਰ ਸਮੇਂ।ਹੇ ਨਿਰੰਜਨ–ਮਾਇਆ ਤੋਂ ਨਿਰਲੇਪ ਪ੍ਰਭੂ!।ਸਬਦਿ–ਸ਼ਬਦ ਵਿਚ ਜੁੜ ਕੇ।ਸਲਾਹੀ–ਸਲਾਹੁੰਦੇ ਰਹੀਏ।੮।੪।

ਉਥਾਨਕਾ = ਗਾਥਾ ਵਿਚ ਰਚਿਆ ਇਹ ਸ਼ਬਦ ਕਾਂਸ਼ੀ ਦੇ ਇਕ ਪੰਡਤ ਪ੍ਰਤੀ ਉਚਾਰਨ ਹੋਇਆ ਹੈ।ਇਸ ਵਿਚ ਸੋਚਾਂ ਵਿਚਾਰਾਂ ਵਿਚ ਰੁੜ੍ਹਦੇ ਜੀਵ ਨੂੰ ਗੁਰੂ ਨਾਨਕ ਦੇਵ ਜੀ ਨੇ ਹਰੀ ਦਾ ਨਾਮ ਹੀ ਬਚਾਉ ਦਾ ਸਾਧਨ ਦਸਿਆ ਹੈ (ਸ਼ਬਦਾਰਥ)।

ਗੂਜਰੀ ਮਹਲਾ ੧ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਭਗਤਿ ਪ੍ਰੇਮ ਆਰਾਧਿਤੰ, ਸਚੁ ਪਿਆਸ ਪਰਮ ਹਿਤੰ ॥ ਬਿਲਲਾਪ ਬਿਲਲ ਬਿਨੰਤੀਆ, ਸੁਖ ਭਾਇ ਚਿਤ ਹਿਤੰ ॥੧॥ ਜਪਿ ਮਨ ਨਾਮੁ ਹਰਿ ਸਰਣੀ ॥ ਸੰਸਾਰ ਸਾਗਰ ਤਾਰਿ ਤਾਰਣ, ਰਮ ਨਾਮ ਕਰਿ ਕਰਣੀ ॥੧॥ਰਹਾਉ॥ ਏ ਮਨ ਮਿਰਤ ਸੁਭ ਚਿੰਤੰ, ਗੁਰ ਸਬਦਿ ਹਰਿ ਰਮਣੰ ॥ ਮਤਿ ਤਤੁ ਗਿਆਨੰ ਕਲਿਆਣ ਨਿਧਾਨੰ, ਹਰਿ ਨਾਮੁ ਮਨਿ ਰਮਣੰ ॥੨॥ ਚਲ ਚਿਤ ਵਿਤ ਭ੍ਰਮਾ ਭ੍ਰਮੰ, ਜਗੁ ਮੋਹ ਮਗਨ ਹਿਤੰ ॥ ਥਿਰੁ ਨਾਮੁ ਭਗਤਿ ਦਿੜੰ ਮਤੀ, ਗੁਰ ਵਾਕਿ ਸਬਦ ਰਤੰ ॥੩॥ ਭਰਮਾਤਿ ਭਰਮੁ ਨ ਚੁਕਈ, ਜਗੁ ਜਨਮਿ ਬਿਆਧਿ ਖਪੰ ॥ ਅਸਥਾਨੁ ਹਰਿ ਨਿਹਕੇਵਲੰ, ਸਤਿ ਮਤੀ ਨਾਮ ਤਪੰ ॥੪॥ (ਜੋ ਮਨੁੱਖ) ਪ੍ਰੇਮਾ ਭਗਤੀ ਨਾਲ ਸੱਚੇ ਪ੍ਰਭੂ ਨੂੰ ਅਰਾਧਦੇ ਹਨ ਅਤੇ ਅਤਿਅੰਤ ਪ੍ਰੇਮ ਦੇ ਪਿਆਸੇ ਹਨ।(ਉਹ) ਘਬਰਾ ਕੇ ਤੇ ਰੋ ਰੋ ਕੇ ਬੇਨਤੀਆਂ ਕਰਦੇ ਹਨ ਅਤੇ ਉਨ੍ਹਾਂ ਨੂੰ ਚਿਤ ਦੇ ਪ੍ਰੇਮ ਭਾਵ ਕਰਕੇ (ਸਾਰੇ) ਸੁਖ ਪ੍ਰਾਪਤ ਹੁੰਦੇ ਹਨ।੧।(ਇਸ ਕਰਕੇ) ਹੇ ਮੇਰੇ ਮਨ! (ਤੂੰ ਵੀ) ਹਰੀ ਦੀ ਸਰਣ ਵਿਚ ਪੈ ਕੇ (ਉਸ ਦਾ) ਨਾਮ ਜਪ।(ਹਰੀ ਦਾ) ਨਾਮ ਸੰਸਾਰ ਸਾਗਰ ਤੋਂ ਤਾਰਣ ਵਾਲਾ ਜਹਾਜ ਹੈ, (ਇਸ ਕਰਕੇ ਹੇ ਮਨ! ਤੂੰ) ਨਾਮ ਜਪ, (ਇਹ) ਕਰਨੀ ਕਰ।੧।ਰਹਾਉ।ਹੇ ਮਨ! (ਤੂੰ) ਗੁਰੂ ਦੇ ਉਪਦੇਸ਼ ਰਾਹੀ ਹਰੀ ਦਾ ਸਿਮਰਨ ਕਰ, (ਫਿਰ) ਮੌਤ ਵੀ (ਤੇਰੀ) ਸ਼ੁੱਭ ਚਿੰਤਕ ਬਣ ਜਾਵੇਗੀ (ਜੋ ਹੋਰਨਾਂ ਨੂੰ ਤਬਾਹ ਕਰਦੀ ਹੈ) {ਭਗਵੰਤ ਭਗਤ ਕਉ ਭਉ ਕਿਛੁ ਨਾਹੀ, ਆਦਰੁ ਦੇਵਤ ਜਾਮ ੭੦੨}; ਹੇ ਮਨ! ਤੂੰ ਸ਼ੁੱਭ ਚਿੰਤਨ ਵੱਲੋਂ ਮੁਰਦਾ ਹੈਂ, (ਉਹ ਸ਼ੁਭ ਚਿਤਵਨੀ ਹੈ ਕਿ) ਗੁਰੂ ਦੇ ਸ਼ਬਦ ਵਿਚ ਜੁੜ ਕੇ ਤੂੰ ਹਰੀ ਦਾ ਸਿਮਰਨ ਕਰ।(ਕਿਉਂਕਿ) ਮਨ ਵਿਚ ਹਰੀ ਦਾ ਨਾਮ ਸਿਮਰਨ ਕਰਨ ਨਾਲ ਮੱਤ ਆਤਮ ਗਿਆਨ ਵਾਲੀ ਹੋ ਜਾਂਦੀ ਹੈ ਅਤੇ ਸੁੱਖਾਂ ਦਾ ਖਜਾਨਾ ਵੀ ਮਿਲ ਜਾਂਦਾ ਹੈ।੨।(ਮਨੁੱਖ ਦਾ) ਚੰਚਲ ਮਨ ਧਨ ਵਾਸਤੇ ਭੱਜਿਆ ਫਿਰਦਾ ਹੈ, (ਜੋ ਕਿ) ਆਉਣ ਜਾਣ ਵਾਲਾ ਹੈ (ਕਿਸੇ ਕੋਲ ਟਿਕਿਆ ਨਹੀਂ ਰਹਿੰਦਾ); ਚੰਚਲ ਚਿਤ ਧਨ ਦਾ ਭਰਮਾਇਆ ਭਰਮ ਜਾਂਦਾ ਹੈ, (ਇਕ ਮਨੁੱਖ ਹੀ ਕੀ, ਸਾਰਾ) ਜਗਤ ਹੀ (ਧਨ ਦੇ) ਮੋਹ ਤੇ ਪ੍ਰੇਮ ਵਿਚ ਮਗਨ ਹੈ।(ਪਰ ਜਿਹੜੇ ਮਨੁੱਖ) ਗੁਰੂ ਦੇ ਉਪਦੇਸ਼ ਦੁਆਰਾ ਸ਼ਬਦ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੇ ਇਹ) ਸਿੱਖਿਆ ਦ੍ਰਿੜ ਕੀਤੀ ਹੈ ਕਿ (ਜਗਤ ਵਿਚ) ਨਾਮ ਸਿਮਰਨ ਦੀ ਭਗਤੀ ਹੀ ਸਥਿਰ ਹੈ।੩।(ਜੰਗਲਾਂ ਤੇ ਤੀਰਥਾਂ ਤੇ) ਵਿਚਰਨ ਨਾਲ (ਮਨ ਦਾ) ਭਰਮ ਦੂਰ ਨਹੀਂ ਹੁੰਦਾ, (ਇਸੇ ਕਰਕੇ) ਜਗਤ ਜਨਮ ਮਰਨ ਦੇ ਰੋਗਾਂ ਵਿਚ ਖਪਦਾ ਹੈ। ਹਰੀ ਦਾ ਅਸਥਾਨ ਵਾਸ਼ਨਾ ਰਹਿਤ (ਸ਼ੁੱਧ) ਹੈ, (ਇਸ ਲਈ ਉਸ ਦੇ) ਨਾਮ ਦਾ ਤਪ ਕਰਨਾ ਹੀ ਸੱਚੀ ਮੱਤ (ਅਕਲ) ਹੈ।੪।

ਚਲ ਚਿਤ ਵਿਤ ਭ੍ਰਮਾ ਭ੍ਰਮੰ = ਚੰਚਲ ਚਿਤ ਤੇ ਧਨ ਭ੍ਰਮਣ ਹੀ ਭ੍ਰਮਣ (ਟਿਕ ਕੇ ਨਾ ਰਹਿਣ) ਵਾਲੇ ਹਨ।

ਪਦਾਰਥ = ਭਗਤਿ ਪ੍ਰੇਮ–ਪ੍ਰੇਮਾ ਭਗਤੀ।ਅਰਾਧਿਤੰ–ਅਰਾਧਦੇ ਹਨ।ਸਚੁ–ਸੱਚੇ ਪ੍ਰਭੂ ਨੂੰ।ਪਰਮ ਹਿਤੰ–ਅਤਿਅੰਤ ਪ੍ਰੇਮ ਨਾਲ। ਬਿਲਲਾਪ–ਵਿਰਲਾਪ।ਬਿਲਲ–ਵਿਲਕਣੀਆਂ; ਘਬਰਾ ਕੇ।ਭਾਇ ਹਿਤੰ–ਪ੍ਰੇਮ ਭਾਵ ਕਰਕੇ।੧।ਏ ਮਨ–ਹੇ ਮਨ!।ਮਿਰਤ–ਮੌਤ।ਸੁਭ

ਚਿਤੰ–ਸ਼ੁੱਭ ਚਿੰਤਨ; ਨੇਕ ਖਿਆਲ।ਰਮਣੰ–ਸਿਮਰਨ ਕਰ।ਮਤਿ–ਬੁੱਧੀ।ਤਤੁ ਗਿਆਨੰ–ਆਤਮ ਗਿਆਨ।ਕਲਿਆਣ–ਸੁੱਖਾਂ ਦਾ। ਨਿਧਾਨੰ–ਖਜਾਨਾ।ਮਨਿ–ਮਨ ਵਿਚ।੨।ਚਲ ਚਿਤ–ਚਿਤ ਚੰਚਲ ਹੈ।ਵਿਤ–ਧਨ।ਭ੍ਰਮਾ ਭ੍ਰਮ–ਭਰਮ ਦਾ ਭਰਮਾਇਆ; ਆਉਂਦਾ ਜਾਂਦਾ ਹੈ।ਜਗੁ–ਜਗਤ।ਮਗਨ–ਮਸਤ।ਹਿਤੰ–ਪ੍ਰੇਮ ਵਿਚ।ਥਿਰੁ–ਸਦਾ ਕਾਇਮ ਰਹਿਣ ਵਾਲਾ।ਦਿੜੰ–ਪੱਕੀ ਹੋ ਜਾਂਦੀ ਹੈ।ਮਤੀ–ਬੁੱਧੀ।ਵਾਕਿ–ਬਚਨਾਂ ਦੁਆਰਾ।ਸਬਦ ਰਤੰ–ਸ਼ਬਦ ਵਿਚ ਰੰਗੇ ਹਨ।੩।ਭਰਮਾਤਿ–(ਤੀਰਥਾਂ ਤੇ) ਭਰਮਣ (ਵਿਚਰਨ) ਨਾਲ।ਨ ਚੂਕਈ–ਦੂਰ ਨਹੀਂ ਹੁੰਦਾ।ਜਨਮਿ–ਜਨਮ (ਮਰਨ) ਵਿਚ।ਬਿਆਧਿ–ਰੋਗਾਂ ਵਿਚ।ਖਪੰ–ਖੁਆਰ; ਨਾਸ਼ ਹੁੰਦਾ ਹੈ।ਅਸਥਾਨੁ–ਟਿਕਾਣਾ।ਨਿਹਕੇਵਲੰ–ਵਾਸ਼ਨਾ ਰਹਿਤ; ਸ਼ੁੱਧ।ਸਤਿ ਮਤੀ–ਸੱਚੀ ਮੱਤ ਹੈ।ਨਾਮ ਤਪੰ–ਨਾਮ ਦਾ ਤਪ (ਸਿਮਰਨ)।੪।

ਇਹੁ ਜਗੁ ਮੋਹ ਹੇਤ ਬਿਆਪਿਤੰ, ਦੁਖੁ ਅਧਿਕ ਜਨਮ ਮਰਣੰ ॥ ਭਜੁ ਸਰਣਿ ਸਤਿਗੁਰ ਊਬਰਹਿ, ਹਰਿ ਨਾਮੁ ਰਿਦ ਰਮਣੰ ॥੫॥ ਗੁਰਮਤਿ ਨਿਹਚਲ ਮਨਿ, ਮਨੁ ਮਨੰ ਸਹਜ ਬੀਚਾਰੰ ॥ ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ, ਗਿਆਨ ਰਤਨੁ ਸਾਰੰ ॥੬॥ ਭੈ ਭਾਇ ਭਗਤਿ ਤਰੁ ਭਵਜਲੁ ਮਨਾ, ਚਿਤੁ ਲਾਇ ਹਰਿ ਚਰਣੀ ॥ ਇਸ ਜਗਤ ਨੂੰ ਮੋਹ ਦੇ ਕਾਰਣ ਜਨਮ ਮਰਨ ਦਾ ਬਹੁਤਾ ਦੁਖ ਚਿੰਬੜਿਆ ਹੋਇਆ ਹੈ।(ਹੇ ਮਨ!) ਸਤਿਗੁਰੂ ਦੀ ਸ਼ਰਣ ਵਿਚ ਭੱਜ ਜਾਹ, ਉਥੇ ਹਰੀ ਦਾ ਨਾਮ ਹਿਰਦੇ ਵਿਚ ਸਿਮਰ, (ਫਿਰ ਤੂੰ ਜਨਮ ਮਰਨ ਤੋਂ) ਮੁਕਤ ਹੋ ਜਾਏਂਗਾ।੫।ਗੁਰੂ ਦੀ ਨਿਹਚਲ ਮੱਤ (ਜਿਸ ਮਨੁੱਖ ਦੇ) ਮਨ ਵਿਚ ਹੋਵੇ, (ਉਸ ਦਾ) ਮਨ ਗਿਆਨ ਦੇ ਵਿਚਾਰ ਨੂੰ ਮੰਨ ਜਾਂਦਾ ਹੈ।ਉਹ ਮਨ ਪਵਿਤ੍ਰ ਹੈ, ਜਿਸ ਦੇ ਅੰਦਰ ਸੱਚ ਅਤੇ ਗਿਆਨ ਦਾ ਅਸਲ ਰਤਨ ਹੈ।੬।ਹੇ ਮਨ! ਹਰੀ ਦੇ ਚਰਨਾਂ ਨਾਲ ਚਿਤ ਲਾ ਕੇ (ਹਰੀ ਦੇ) ਭੈ ਤੇ ਭਗਤੀ ਭਾਵ ਨਾਲ ਸੰਸਾਰ ਸਮੁੰਦਰ ਨੂੰ ਤਰ ਜਾ।

ਅੰਗ ੫੦੬ = ਹਰਿ ਨਾਮੁ ਹਿਰਦੈ ਪਵਿਤ੍ਰੁ ਪਾਵਨੁ ,ਇਹੁ ਸਰੀਰੁ ਤਉ ਸਰਣੀ ॥੭॥ ਲਬ ਲੋਭ ਲਹਰਿ ਨਿਵਾਰਣੰ, ਹਰਿ ਨਾਮ ਰਾਸਿ ਮਨੰ ॥ ਮਨੁ ਮਾਰਿ ਤੁਹੀ ਨਿਰੰਜਨਾ, ਕਹੁ ਨਾਨਕਾ ਸਰਨੰ ॥੮॥੧॥੫॥ ਹਿਰਦੇ ਵਿਚ ਪਵਿਤ੍ਰ ਹਰੀ ਦਾ ਪਵਿਤ੍ਰ ਨਾਮ ਰੱਖ ਕੇ (ਇਉਂ ਅਰਦਾਸ ਕਰ ਕਿ ਹੇ ਹਰੀ! ਮੇਰਾ) ਇਹ ਸਰੀਰ ਤੇਰੀ ਸ਼ਰਨ ਵਿਚ ਆਇਆ ਹੈ।੭।ਹਰੀ ਦੇ ਨਾਮ ਦੀ ਪੂੰਜੀ ਮਨ ਵਿਚ ਰੱਖ, ਜੋ ਲੋਭ ਲਾਲਚ ਦੀਆਂ ਲਹਿਰਾਂ ਦੂਰ ਕਰ ਦੇਂਦੀ ਹੈ।ਹੇ ਨਾਨਕ! ਇਉਂ ਆਖ ਕਿ ਹੇ ਮਾਇਆ ਤੋਂ ਨਿਰਲੇਪ ਹਰੀ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਤੂੰ ਹੀ ਮੇਰੇ ਮਨ ਨੂੰ ਮਾਰ (ਵਸ ਕਰ; ਮਨ ਦੀਆਂ ਬੁਰਿਆਈਆਂ ਖਤਮ ਕਰ) ਦੇਹ।੮।੧।੫।

ਪਦਾਰਥ = ਜਗੁ–ਜਗਤ।ਮੋਹ ਹੇਤ–ਮੋਹ ਦੇ ਕਾਰਣ।ਬਿਆਪਤੰ–ਚਿੰਬੜਿਆ ਹੈ।ਅਧਿਕ–ਬਹੁਤਾ।ਭਜੁ–ਦੌੜ ਜਾ।ਊਬਰਹਿ–ਮੁਕਤ ਹੋ ਜਾਏਂਗਾ।ਰਿਦ–ਹਿਰਦੇ ਵਿਚ।ਰਮਣੰ–ਸਿਮਰਨ ਕਰ।੫।ਨਿਹਚਲ–ਅਚੱਲ।ਮਨਿ–ਮਨ ਵਿਚ।ਮਨੰ–ਮੰਨ ਜਾਂਦਾ ਹੈ।ਸਹਜ ਬੀਚਾਰੰ–ਗਿਆਨ ਦੀ ਬਿਚਾਰ।ਸੋ–ਉਹ।ਨਿਰਮਲੁ–ਪਵਿਤ੍ਰ।ਜਿਤੁ–ਜਿਸ ਦੇ।ਅੰਤਰਿ–(ਹਿਰਦੇ) ਅੰਦਰ।ਸਾਰੰ–ਅਸਲ; ਸ੍ਰੇਸ਼ਟ।੬।ਭੈ–ਡਰ।ਭਾਇ ਭਗਤਿ–ਭਗਤੀ ਭਾਵ।ਭਵਜਲੁ–ਸੰਸਾਰ ਸਮੁੰਦਰ।ਮਨਾ–ਹੇ ਮਨ!।ਲਾਇ–ਲਾ ਕੇ।ਪਾਵਨੁ–ਪਵਿਤ੍ਰ।ਤਉ–ਤੇਰੀ। ਸਰਣੀ–ਸ਼ਰਣ ਵਿਚ।੭।ਲਬ–(ਪਦਾਰਥਾਂ ਦੇ ਖਾਣ ਦਾ) ਲਾਲਚ।ਲੋਭ–(ਮਾਇਆ ਜੋੜਨ ਦਾ) ਲਾਲਚ।ਨਿਵਾਰਣੰ–ਦੂਰ ਕਰਦੀ ਹੈ।ਰਾਸਿ–ਪੂੰਜੀ।ਮਨੰ–ਮਨ ਵਿਚ।ਨਿਰੰਜਨਾ–ਹੇ ਮਾਇਆ ਤੋਂ ਨਿਰਲੇਪ ਪ੍ਰਭੂ!।ਸਰਨੰ–ਸ਼ਰਣ ਵਿਚ।੮।੧।੫।

ਗੂਜਰੀ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਨਿਰਤਿ ਕਰੀ ਇਹੁ ਮਨੁ ਨਚਾਈ ॥ ਗੁਰ ਪਰਸਾਦੀ ਆਪੁ ਗਵਾਈ ॥ ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ, ਜੋ ਇਛੀ ਸੋਈ ਫਲੁ ਪਾਈ ॥੧॥ ਨਾਚੁ ਰੇ ਮਨ ਗੁਰ ਕੈ ਆਗੈ ॥ ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ, ਅੰਤੇ ਜਮ ਭਉ ਭਾਗੈ ॥੧॥ਰਹਾਉ॥ ਆਪਿ ਨਚਾਏ ਸੋ ਭਗਤੁ ਕਹੀਐ, ਆਪਣਾ ਪਿਆਰੁ ਆਪਿ ਲਾਏ ॥ ਆਪੇ ਗਾਵੈ ਆਪਿ ਸੁਣਾਵੈ, ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥ ਅਨਦਿਨੁ ਨਾਚੈ ਸਕਤਿ ਨਿਵਾਰੈ, ਸਿਵ ਘਰਿ ਨੀਦ ਨ ਹੋਈ ॥ ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ, ਮਨਮੁਖਿ ਭਗਤਿ ਨ ਹੋਈ ॥੩॥ ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ, ਮੁਨਿ ਜਨ ਗਿਆਨ ਬੀਚਾਰੀ ॥ ਸਿਧ ਸਾਧਿਕ ਲਿਵ ਲਾਗੀ ਨਾਚੇ, ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥ (ਹੇ ਭਾਈ! ਰਾਸ ਧਾਰੀਏ ਰਾਸਾਂ ਪਾ ਪਾ ਕੇ ਨੱਚਦੇ ਹਨ ਤੇ ਅਪਣੇ ਆਪ ਨੂੰ ਭਗਤ ਕਹਾਉਂਦੇ ਹਨ, ਮੈਂ ਵੀ) ਨਾਚ ਕਰਦਾ ਹਾਂ, (ਪਰ ਮੈਂ ਸਰੀਰ ਨੂੰ ਨਚਾਉਣ ਦੇ ਥਾਂ ਅਪਣੇ) ਇਸ ਮਨ ਨੂੰ ਨਚਾਉਂਦਾ ਹਾਂ।ਅਤੇ ਗੁਰੂ ਦੀ ਕ੍ਰਿਪਾ ਨਾਲ (ਅਪਣੇ ਮਨ ਵਿਚੋਂ) ਆਪਾ ਭਾਵ ਗੁਆਉਂਦਾ ਹਾਂ।(ਜੋ ਮਨੁੱਖ ਅਪਣੇ) ਚਿਤ ਨੂੰ ਕਾਇਮ ਰਖਦਾ ਹੈ, ਉਹ ਮੁਕਤ ਹੁੰਦਾ ਹੈ ਅਤੇ (ਉਹ) ਜੋ ਇੱਛਾ ਕਰਦਾ ਹੈ, ਉਹ ਹੀ ਫਲ ਪਾ ਲੈਂਦਾ ਹੈ।੧ ਹੇ ਮੇਰੇ ਮਨ! ਗੁਰੂ ਦੇ ਅੱਗੇ ਨੱਚ (ਗੁਰੂ ਦੀ ਸੇਵਾ ਕਰ ਤੇ ਉਸ ਦੇ ਹੁਕਮ ਵਿਚ ਚੱਲ।ਜੇ ਤੂੰ) ਗੁਰੂ ਦੇ ਭਾਣੇ ਵਿਚ ਨਚੇਂਗਾ (ਗੁਰੂ ਦੇ ਹੁਕਮ ਵਿਚ ਚਲੇਂਗਾ), ਤਾਂ ਸੁਖ ਪਾਵੇਂਗਾ ਅਤੇ ਅੰਤ ਸਮੇਂ ਜਮ ਦਾ ਡਰ (ਤੈਥੋਂ) ਦੂਰ ਭੱਜ ਜਾਵੇਗਾ।੧।ਰਹਾਉ।(ਜਿਸ ਮਨੁੱਖ ਨੂੰ ਪ੍ਰਭੂ) ਆਪ ਨਚਾਵੇ (ਅਪਣੇ ਹੁਕਮ ਵਿਚ ਤੋਰਦਾ ਹੈ), ਉਹ ਭਗਤ ਕਹੀਦਾ ਹੈ (ਐਸੇ ਭਗਤ ਨੂੰ ਪ੍ਰਭੂ) ਅਪਣਾ ਪਿਆਰ ਆਪੇ

ਲਾਉਂਦਾ ਹੈ।(ਫਿਰ ਉਹ ਪਿਆਰ ਵਿਚ) ਆਪੇ ਗਾਉਂਦਾ ਹੈ ਤੇ ਆਪੇ (ਲੋਕਾਂ ਨੂੰ) ਸੁਣਾਉਂਦਾ ਹੈ (ਉਸ ਦਾ ਗਾਉਣਾ ਤੇ ਸੁਣਾਉਣਾ ਸੁਤੇ ਸਿੱਧ ਹੁੰਦਾ ਹੈ, ਬੱਧਾ ਚੱਟੀ ਕਰਕੇ ਨਹੀਂ ਹੁੰਦਾ) ਅਤੇ ਇਸ ਅੰਨ੍ਹੇ ਮਨ ਨੂੰ ਸਿੱਧੇ ਰਸਤੇ ਪਾਉਂਦਾ ਹੈ।੨।(ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਇਸ ਤਰ੍ਹਾਂ ਦਾ ਨਾਚ) ਹਰ ਰੋਜ ਨੱਚਦਾ ਹੈ, ਮਾਇਆ (ਦਾ ਮੋਹ ਉਹ) ਦੂਰ ਕਰ ਲੈਂਦਾ ਹੈ ਅਤੇ ਪ੍ਰਮਾਤਮਾ ਦੇ ਸਰੂਪ ਵਿਚ ਵਾਸਾ ਪਾ ਲੈਂਦਾ ਹੈ, (ਫਿਰ ਉਸ ਨੂੰ ਅਵਿਦਿਆ ਦੀ) ਨੀਂਦ ਨਹੀਂ ਹੁੰਦੀ।ਸਾਰਾ ਜਗਤ ਮਾਇਆ ਦੇ ਘਰ ਵਿਚ ਸੁੱਤਾ ਪਿਆ ਨੱਚਦ ਟੱਪਦਾ ਹੈ (ਮਾਇਆ ਵਾਸਤੇ ਦੌੜ ਭੱਜ ਕਰਦਾ ਹੈ, ਰੱਬ ਦੀ ਸਿਫਤ ਸਲਾਹ ਛਡ ਕੇ ਕੁਛ) ਹੋਰ ਹੀ ਗਾਉਂਦਾ ਹੈ, (ਅਜੇਹੇ) ਮਨਮੁਖ ਪਾਸੋਂ ਭਗਤੀ ਨਹੀਂ ਹੋ ਸਕਦੀ।੩।ਦੈਵੀ ਗੁਣਾਂ ਵਾਲੇ ਮਨੁੱਖ, ਤਿਆਗੀ, ਕਰਮ ਕਾਂਡੀ, ਰਿਸ਼ੀ ਮੁਨੀ ਲੋਕ ਅਤੇ ਗਿਆਨ ਦੀ ਵਿਚਾਰ ਕਰਨ ਵਾਲੇ ਨੱਚ (ਰੱਬ ਦੇ ਹੁਕਮ ਵਿਚ ਕਰਮ ਕਰ) ਰਹੇ ਹਨ।ਸਿੱਧ, ਸਾਧਨਾ ਕਰਨ ਵਾਲੇ ਸਾਧੂ (ਆਪੋ ਅਪਣੀ) ਲੱਗੀ ਲਿਵ ਵਿਚ ਨੱਚ ਰਹੇ ਹਨ, ਜਿਨ੍ਹਾਂ ਨੇ ਗੁਰੂ ਦੁਆਰਾ ਬੁੱਧੀ ਵਿਚ ਵਿਚਾਰ ਕੀਤੀ ਹੈ (ਉਹ ਵੀ ਨੱਚ ਰਹੇ ਹਨ); ਜਿਨ੍ਹਾਂ ਨੇ (ਅਪਣੇ ਅਪਣੇ ਸਿਖਿਆ ਦਾਤੇ) ਗੁਰੂ ਦੀ ਮੱਤ ਦਾ ਵਿਚਾਰ ਕੀਤਾ ਹੈ।੪।

ਪਦਾਰਥ = ਨਿਰਤਿ ਕਰੀ–ਨਾਚ ਕਰਦਾ ਹਾਂ।ਨਚਾਈ–ਨਚਾਉਂਦਾ ਹਾਂ।ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਆਪੁ–ਆਪਾ ਭਾਵ। ਗਵਾਈ–ਗਵਾਉਂਦਾ ਹਾਂ।ਥਿਰੁ ਰਾਖੈ–ਕਾਇਮ (ਅਚੱਲ) ਰਖਦਾ ਹੈ।ਸੋ–ਉਹ।ਇਛੀ–ਇੱਛਾ ਕਰਦਾ ਹਾਂ।ਸੋਈ–ਉਹ ਹੀ।ਪਾਈ–ਪਾ ਲੈਂਦਾ ਹੈ।੧।ਰੇ ਮਨ–ਹੇ ਮਨ!।ਗੁਰ ਕੈ ਆਗੈ–ਗੁਰੂ ਦੇ ਅੱਗੇ (ਸਨਮੁਖ ਰਹਿ ਕੇ)।ਭਾਣੈ–ਹੁਕਮ ਵਿਚ।ਅੰਤੇ–ਅੰਤ ਸਮੇਂ। ਭਉ–ਡਰ।ਭਾਗੈ–ਦੌੜ ਜਾਂਦਾ ਹੈ।੧।ਰਹਾਉ।ਨਚਾਏ–ਨਚਾਵੇ (ਹੁਕਮ ਵਿਚ ਚਲਾਵੇ)।ਅੰਧੇ ਕਉ–ਅੰਨ੍ਹੇ ਨੂੰ।ਮਾਰਗਿ ਪਾਏ–ਸਿੱਧੇ (ਗੁਰਮਤਿ ਦੇ) ਰਸਤੇ ਪਾਉਂਦਾ ਹੈ।੨।ਅਨਦਿਨੁ–ਹਰ ਰੋਜ।ਨਾਚੈ–ਨਚਦਾ (ਰੱਬ ਦੇ ਹੁਕਮ ਵਿਚ ਰਹਿੰਦਾ) ਹੈ।ਸਕਤਿ–ਮਾਇਆ। ਨਿਵਾਰੈ–ਦੂਰ ਕਰਦਾ ਹੈ।ਸਿਵ ਘਰਿ–ਹਰੀ ਦੇ ਸਰੂਪ ਵਿਚ।ਨੀਦ–ਅਵਿਦਿਆ ਦੀ ਨੀਂਦ।ਸਕਤੀ ਘਰਿ–ਮਾਇਆ ਦੇ ਘਰ ਵਿਚ; ਅਗਿਆਨ ਵਿਚ।ਅਵਰੋ–ਹੋਰ ਹੀ।੩।ਸੁਰਿ ਨਰ–ਦੈਵੀ ਗੁਣਾਂ ਵਾਲੇ ਮਨੁੱਖ।ਵਿਰਤਿ ਪਖਿ–ਸੰਨਿਆਸੀ; ਤਿਆਗੀ; ਗ੍ਰਿਹਸਤੀ। ਕਰਮੀ–ਕਰਮ ਕਾਂਡੀ।ਮੁਨਿ ਜਨ–ਰਿਸ਼ੀ ਮੁਨੀ ਲੋਕ।ਸਿਧ–ਰੁਹਾਨੀ ਤਾਕਤ ਵਾਲੇ ਸੰਤ।ਸਾਧਿਕ–ਸਾਧਨਾ ਕਰਨ ਵਾਲੇ ਸਾਧੂ।੪।

ਵਿਆਖਿਆ = ਇਹ ਅਸ਼ਟਪਦੀ ਰਾਸਧਾਰੀਆਂ ਦੀ ਰਾਸ ਪ੍ਰਤੀ ਉਚਾਰਨ ਕੀਤੀ ਹੋਈ ਹੈ।ਰਾਸਧਾਰੀਆਂ ਦੀ ਰਾਸ ਵਿਚ ਨੱਚਣ ਵਾਲੇ ਨੂੰ ਭਗਤ ਕਹਿੰਦੇ ਹਨ ਤੇ ਰਾਸ ਪਾਉਣ ਨੂੰ ਹਰੀ ਦੀ ਭਗਤੀ ਕਹਿੰਦੇ ਹਨ।ਲੋਕ ਰਾਸ ਪਾਉਣ ਵਾਲੇ ਨੂੰ ਹਰੀ ਦਾ ਭਗਤ ਸਮਝ ਲੈਂਦੇ ਹਨ, ਗੁਰੂ ਜੀ ਨੇ ਇਸ ਭੁੱਲ ਨੂੰ ਦਰੁਸਤ ਕੀਤਾ ਹੈ।ਪੰਜਾਬੀ ਵਿਚ ਨੱਚਣ ਦਾ ਇਕ ਹੋਰ ਅਰਥ ਮੁਹਾਵਰੇ ਵਿਚ ਹੈ, ਉਹ ਹੈ, ਕਿਸੇ ਦੇ ਕਹੇ ਜਾਂ ਇਸ਼ਾਰੇ ਤੇ ਅਪਣੀ ਅਕਲ ਛਡ ਕੇ ਕੰਮ ਕਰਨਾ, ਜਿਵੇਂ ਬਾਂਦਰ ਮਦਾਰੀ ਦੇ ਇਸ਼ਾਰੇ ਤੇ ਨੱਚਦਾ ਹੈ।ਅਤੇ ਜਿਵੇਂ ਕਾਠ ਦੀਆਂ ਪੁਤਲੀਆਂ ਨੂੰ ਨਚਾਉਣ ਵਾਲਾ ਬੰਦਾ ਕੋਈ ਹੋਰ ਹੁੰਦਾ ਹੈ।ਇਉਂ ਮੁਹਾਵਰਾ ਬਣ ਗਿਆ ਕਿ ਫਲਾਣਾ, ਫਲਾਣੇ ਦੇ ਇਸ਼ਾਰੇ ਤੇ ਨੱਚਦਾ ਹੈ।ਇਸ ਤਰ੍ਹਾਂ ਨੱਚਣ ਦੇ ਦੋ ਅਰਥ ਹੋ ਗਏ, ਇਕ ਚੰਗਾ ਤੇ ਦੂਜਾ ਮਾੜਾ, ਬੇਸਮਝ ਹੋ ਕੇ ਦੂਜੇ ਦੇ ਅਧੀਨ ਰਹਿ ਕੇ ਕੰਮ ਕਰਨਾ ਮਾੜਾ ਹੈ।ਕਿਸੇ ਭਲੇ ਪੁਰਖ, ਗੁਰੂ ਜਾਂ ਰੱਬ ਦੇ ਆਗਿਆਕਾਰੀ ਹੋ ਕੇ ਕੰਮ ਕਰਨ ਨਾਲ ਮਨੁੱਖ ਗੁਣਵਾਨ ਬਣ ਜਾਂਦਾ ਹੈ।ਇਸ ਪ੍ਰਕਾਰ ਦਾ ਉਪਦੇਸ਼ ਇਸ ਅਸ਼ਟਪਦੀ ਵਿਚ ਗੁਰੂ ਜੀ ਦੇ ਰਹੇ ਹਨ ਅਤੇ ਦੱਸਦੇ ਹਨ ਕਿ ਹੇ ਭਾਈ! ਨੱਚੀਂ ਜਰੂਰ, ਪਰ ਸਰੀਰ ਨੂੰ ਨਾ ਨਚਾਈਂ, ਮਨ ਨੂੰ ਨਚਾ।ਆਪਾ ਭਾਵ ਦੂਰ ਕਰਕੇ ਮਨ ਨੂੰ ਗੁਰੂ ਦੀ ਸੇਵਾ ਵਿਚ ਲਾ, ਰੱਬ ਅਤੇ ਗੁਰੂ ਦੀ ਆਗਿਆ ਦਾ ਪਾਲਨ ਕਰ, ਇਹੋ ਅਸਲੀ ਨੱਚਣਾ ਹੈ।ਸਰੀਰਕ ਨਾਚ ਮਨ੍ਹਾਂ ਕਰ ਦਿਤਾ, ਜੋ ਬੁੱਧੂ ਬਣ ਕੇ ਮਾਇਆ ਲਈ ਦੂਜਿਆਂ ਦੇ ਅਧੀਨ ਰਹਿੰਦਾ ਹੈ ।ਮਨੁੱਖ ਦਾ ਮਨ ਅੰਨ੍ਹਾ ਹੈ, ਗੁਰੂ ਸੁਜਾਖਾ ਹੈ, ਜੇ ਅੰਨ੍ਹਾ ਸੁਜਾਖੇ ਦੀ ਬਾਂਹ ਫੜ ਕੇ ਤੁਰੇ ਤਾਂ ਅੰਨ੍ਹਾ ਟੋਏ ਵਿਚ ਡਿਗਣ ਤੋਂ ਬਚ ਜਾਂਦਾ ਹੈ।ਜਗਤ ਵਿਚ ਲੋਕ ਜੋ ਵੀ ਕੰਮ ਕਰਦੇ ਹਨ, ਉਹ ਵੀ ਇਕ ਪ੍ਰਕਾਰ ਦਾ ਨੱਚਣਾ ਹੈ, ਇਹ ਸਭ ਮਾਇਆ ਕਮਾਉਣ ਦਾ ਸਾਧਨ ਹੈ ,ਇਸ ਤਰ੍ਹਾਂ ਦਾ ਨਾਚ ਮਨੁੱਖ ਨੂੰ ਰੱਬ ਦਾ ਭਗਤ ਨਹੀਂ ਬਣਾਉਂਦਾ।ਰਾਸ ਧਾਰੀਏ ਵੀ ਅਪਣੀ ਰੋਜੀ ਰੋਟੀ ਲਈ ਹੀ ਨੱਚਦੇ ਹਨ, ਇਸ ਲਈ ਉਹ ਵੀ ਭਗਤ ਪਦ ਦੇ ਹੱਕਦਾਰ ਨਹੀਂ ਹਨ।ਜਗਤ ਵਿਚ ਸੁਤੇ ਸਿੱਧ ਜੋ ਕੁਝ ਹੋ ਰਿਹਾ ਹੈ, ਇਹ ਵੀ ਇਕ ਨਾਚ ਹੀ ਹੈ ।ਇਸ ਵਿਚ ਚਾਰੇ ਖਾਣੀਆਂ ਦੇ ਜੀਵ, ਖੰਡ ਬ੍ਰਹਮੰਡ ਦੀ ਰਚਨਾ ਸਭ ਆਪੋ ਅਪਣੀ ਕਿਰਿਆ ਕਰਦੇ ਮਾਨੋ ਨੱਚ ਰਹੇ ਹਨ।

ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ, ਜਿਨ ਲਾਗੀ ਹਰਿ ਲਿਵ ਤੁਮਾਰੀ ॥ ਜੀਅ ਜੰਤ ਸਭੇ ਹੀ ਨਾਚੇ, ਨਾਚਹਿ ਖਾਣੀ ਚਾਰੀ ॥੫॥ ਜੋ ਤੁਧੁ ਭਾਵਹਿ ਸੇਈ ਨਾਚਹਿ, ਜਿਨ ਗੁਰਮੁਖਿ ਸਬਦਿ ਲਿਵ ਲਾਏ ॥ ਸੇ ਭਗਤ ਸੇ ਤਤੁ ਗਿਆਨੀ, ਜਿਨ ਕਉ ਹੁਕਮੁ ਮਨਾਏ ॥੬॥ ਏਹਾ ਭਗਤਿ ਸਚੇ ਸਿਉ ਲਿਵ ਲਾਗੈ, ਬਿਨੁ ਸੇਵਾ ਭਗਤਿ ਨ ਹੋਈ ॥ ਜੀਵਤੁ ਮਰੈ ਤਾ ਸਬਦਿ ਬੀਚਾਰੈ, ਤਾ ਸਚੁ ਪਾਵੈ ਕੋਈ ॥੭॥ ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ, ਕੋ ਵਿਰਲਾ ਤਤੁ ਬੀਚਾਰੀ ॥ ਗੁਰ ਪਰਸਾਦੀ ਸੋਈ ਜਨੁ ਪਾਏ, ਜਿਨ ਕਉ ਕ੍ਰਿਪਾ ਤੁਮਾਰੀ

॥੮॥ ਇਕੁ ਦਮੁ ਸਾਚਾ ਵੀਸਰੈ, ਸਾ ਵੇਲਾ ਬਿਰਥਾ ਜਾਇ ॥ ਸਾਹਿ ਸਾਹਿ ਸਦਾ ਸਮਾਲੀਐ, ਆਪੇ ਬਖਸੇ ਕਰੇ ਰਜਾਇ ॥੯॥ ਸੇਈ ਨਾਚਹਿ ਜੋ ਤੁਧੁ ਭਾਵਹਿ, ਜਿ ਗੁਰਮੁਖਿ ਸਬਦੁ ਵੀਚਾਰੀ ॥ ਕਹੁ ਨਾਨਕ ਸੇ ਸਹਜ ਸੁਖੁ ਪਾਵਹਿ, ਜਿਨ ਕਉ ਨਦਰਿ ਤੁਮਾਰੀ ॥੧੦॥੧॥੬॥ ਖੰਡ ਬ੍ਰਹਮੰਡ ਤੇ ਤਿੰਨਾਂ ਗੁਣਾਂ ਵਾਲੀ ਸਾਰੀ ਸ੍ਰਿਸਟੀ ਦੇ ਸਭ ਜੀਵ ਨੱਚਦੇ ਹਨ, ਜਿਨ੍ਹਾਂ ਨੂੰ ਤੇਰੀ ਲਿਵ ਲੱਗੀ ਹੋਈ ਹੈ (ਉਹ ਤੇਰੇ ਹੁਕਮ ਵਿਚ ਨੱਚਦੇ ਹਨ)।ਜੀਵ ਜੰਤ ਸਾਰੇ ਹੀ ਨੱਚਦੇ ਹਨ ਅਤੇ ਚਾਰੇ ਖਾਣੀਆਂ ਵੀ ਨੱਚਦੀਆਂ ਹਨ।੫।(ਹੇ ਹਰੀ!) ਜੋ ਤੈਨੂੰ ਭਾਉਂਦੇ ਹਨ ਤੇ ਗੁਰੂ ਦੇ ਸ਼ਬਦ ਦੁਆਰਾ ਜਿਨ੍ਹਾਂ ਦੀ ਲਿਵ ਤੂੰ ਲਾ ਦੇਂਦਾ ਹੈਂ, ਉਹ ਹੀ (ਤੇਰਾ ਹੁਕਮ ਮੰਨਣ ਰੂਪ ਨਾਚ) ਨੱਚਦੇ ਹਨ। (ਹੇ ਹਰੀ! ਤੂੰ ਅਪਣਾ) ਹੁਕਮ ਜਿਨ੍ਹਾਂ ਨੂੰ ਮਨਾ ਲੈਂਦਾ ਹੈਂ, ਉਹ ਭਗਤ ਹਨ ਤੇ ਉਹ ਹੀ ਬ੍ਰਹਮ ਗਿਆਨੀ ਹੈ।੬।ਇਹੋ ਭਗਤੀ ਹੈ, ਜੋ ਸੱਚੇ ਪ੍ਰਭੂ ਨਾਲ ਲਿਵ ਲਗ ਜਾਵੇ (ਨੱਚਣਾ ਭਗਤੀ ਨਹੀਂ, ਪਰ) ਸੇਵਾ ਤੋਂ ਬਿਨਾ ਭਗਤੀ ਨਹੀਂ ਹੋ ਸਕਦੀ।(ਜੇ ਮਨੁੱਖ) ਜੀਵਤ ਭਾਵ ਤੋਂ ਮਰੇ ਤਾਂ (ਉਹ ਗੁਰੂ ਦੇ) ਸ਼ਬਦ ਨੂੰ ਵਿਚਾਰ ਸਕਦਾ ਹੈ, ਤਾਂ ਹੀ ਕੋਈ (ਮਨੁੱਖ) ਸੱਚੇ ਹਰੀ ਨੂੰ ਪ੍ਰਾਪਤ ਕਰ ਸਕਦਾ ਹੈ।੭। ਮਾਇਆ ਦੇ ਵਾਸਤੇ ਬਹੁਤ ਲੋਕ ਨੱਚਦੇ ਹਨ, ਪਰ ਤੱਤ ਸਰੂਪ ਨੂੰ ਵਿਚਾਰਨ ਵਾਲਾ ਕੋਈ ਵਿਰਲਾ (ਮਨੁੱਖ) ਹੁੰਦਾ ਹੈ।ਗੁਰੂ ਦੀ ਕ੍ਰਿਪਾ ਨਾਲ ਉਹ ਹੀ ਪੁਰਖ (ਤੱਤ ਸਰੂਪ ਹਰੀ ਨੂੰ) ਪ੍ਰਾਪਤ ਕਰਦਾ ਹੈ, ਜਿਸ ਉਤੇ ਤੇਰੀ ਕ੍ਰਿਪਾ ਹੁੰਦੀ ਹੈ।੮।(ਹੇ ਭਾਈ! ਜੇ) ਇਕ ਸੁਆਸ ਵੀ ਸੱਚਾ ਹਰੀ ਭੁੱਲ ਜਾਵੇ ਤਾਂ ਉਹ ਵੇਲਾ ਬਿਰਥਾ ਚਲੇ ਜਾਂਦਾ ਹੈ।(ਇਸ ਲਈ ਪ੍ਰਭੂ ਨੂੰ) ਸੁਆਸ ਸੁਆਸ ਸਿਮਰਨਾ ਚਾਹੀਦਾ ਹੈ, (ਫਿਰ ਉਹ) ਆਪੇ ਪ੍ਰਸੰਨ ਹੋ ਕੇ ਬਖਸ਼ਿਸ਼ ਕਰਦਾ ਹੈ; ਬਖਸ਼ਿਸ਼ ਕਰਕੇ ਰਜਾ ਦੇਂਦਾ ਹੈ (ਸੰ.ਸ.; ਫ.ਸ.)।੯।(ਹੇ ਪ੍ਰਭੂ!) ਜੋ ਮਨੁੱਖ ਤੈਨੂੰ ਚੰਗੇ ਲਗਦੇ ਹਨ ਅਤੇ ਜਿਹੜੇ ਗੁਰੂ ਦੇ ਸ਼ਬਦ ਨੂੰ ਵਿਚਾਰਦੇ ਹਨ, ਉਹ ਹੀ ਨੱਚਦੇ (ਤੇਰੀ ਆਗਿਆ ਵਿਚ ਰਹਿੰਦੇ) ਹਨ ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਸਹਿਜ ਸੁਖ ਪਾ ਲੈਂਦੇ ਹਨ, ਜਿਨ੍ਹਾਂ ਉਪਰ ਤੇਰੀ ਮੇਹਰ ਦੀ ਨਜਰ ਹੁੰਦੀ ਹੈ।੧੦।

ਪਦਾਰਥ = ਤ੍ਰੈ ਗੁਣ-(ਮਾਇਆ ਦੇ) ਤਿੰਨ ਗੁਣ (ਸਤੋ, ਰਜੋ ਤੇ ਤਮੋ)।ਜੀਅ ਜੰਤ-ਸੂਖਮ ਤੇ ਸਥੂਲ (ਛੋਟੇ ਵੱਡੇ ਸਾਰੇ) ਜੀਵ ਜੰਤ ।ਖਾਣੀ ਚਾਰੀ-ਚਾਰੇ ਖਾਣੀਆਂ (ਅੰਡਜ ਜੇਰਜ ਸੇਤਜ ਤੇ ਉਤਭੁਜ)।੫।ਤੁਧੁ-ਤੈਨੂੰ।ਭਾਵਹਿ-ਚੰਗੇ ਲਗਦੇ ਹਨ।ਸੇਈ-ਉਹ ਹੀ। ਸਬਦਿ-ਦੁਆਰਾ।ਸੇ-ਉਹ।ਤਤੁ ਗਿਆਨੀ-ਬ੍ਰਹਮ ਗਿਆਨੀ; ਆਤਮਾ ਨੂੰ ਜਾਨਣ ਵਾਲੇ।ਜਿਨ ਕਉ-ਜਿਨ੍ਹਾਂ ਨੂੰ।ਮਨਾਏ-ਮਨਵਾ ਲੈਂਦਾ ਹੈਂ।੬।ਸਚੇ ਸਿਉ-ਸੱਚੇ ਪ੍ਰਭੂ ਨਾਲ।ਜੀਵਤੁ ਮਰੈ-ਜਿਉਂਦਾ ਹੀ ਮਰ ਜਾਂਦਾ (ਹਉਮੈ ਛਡ ਦਿੰਦਾ) ਹੈ।ਤਾ-ਤਾਂ; ਤਦ।੭।ਕੈ ਅਰਥਿ-ਦੇ ਵਾਸਤੇ।ਕੋ-ਕੋਈ।ਤਤੁ ਬੀਚਾਰੀ-ਅਸਲੀਅਤ (ਜਾਂ ਤੱਤ ਸਰੂਪ ਪ੍ਰਭੂ) ਨੂੰ ਵਿਚਾਰਨ ਵਾਲਾ।ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।ਸੋਈ-ਉਹ ਹੀ।ਜਨੁ-ਮਨੁੱਖ।੮।ਦਮੁ-ਸਾਹ।ਸਾ ਵੇਲਾ-ਉਹ ਸਮਾਂ।ਬਿਰਥਾ ਜਾਇ-ਬਿਅਰਥ ਚਲੇ ਜਾਂਦਾ ਹੈ।ਸਾਹਿ ਸਾਹਿ-ਸੁਆਸ ਸੁਆਸ।ਸਮਾਲੀਐ-ਯਾਦ ਕਰਨਾ ਚਾਹੀਦਾ ਹੈ।ਬਖਸੇ ਕਰੇ ਰਜਾਇ-ਪ੍ਰਸੰਨ ਹੋ ਕੇ ਬਖਸ਼ਿਸ਼ ਕਰਦਾ ਹੈ; ਬਖਸ਼ਿਸ਼ ਕਰਕੇ ਤ੍ਰਿਪਤ ਕਰ ਦੇਂਦਾ ਹੈ।੯।ਸਹਜ ਸੁਖੁ-ਕੁਦਰਤੀ ਸੁਖ।ਨਦਰਿ-ਮੇਹਰ ਦੀ ਨਜਰ।੧੦।੧।੬।

ਵਿਆਖਿਆ = ਜਿਹੜੇ ਮਨੁੱਖ ਸਫਲ ਨਾਚ ਨੱਚਦੇ ਹਨ ਭਾਵ ਹਰੀ ਦੇ ਹੁਕਮ ਅਨੁਸਾਰ ਜੀਵਨ ਗੁਜਾਰਦੇ ਹਨ, ਉਹ ਗੁਰੂ ਦਾ ਸ਼ਬਦ ਵਿਚਾਰਨ ਵਾਲੇ ਹੁੰਦੇ ਹਨ।ਰੱਬ ਦਾ ਹੁਕਮ ਮੰਨਣ ਵਾਲੇ ਤੇ ਰੱਬ ਨਾਲ ਜੁੜੇ ਹੋਏ ਪੁਰਖਾਂ ਨੂੰ ਭਗਤ ਕਿਹਾ ਹੈ, ਰਾਸਾਂ ਵਿਚ ਨੱਚਣ ਵਾਲਿਆਂ ਨੂੰ ਭਗਤ ਨਹੀਂ ਕਿਹਾ ਜਾ ਸਕਦਾ।ਭਗਤਾਂ ਵਰਗਾ ਜੀਵਨ ਜੀਵਤ ਭਾਵ ਤੋਂ ਮਰ (ਨਿਰ ਹੰਕਾਰ ਹੋ) ਕੇ, ਗੁਰੂ ਦੀ ਸੇਵਾ, ਪ੍ਰਭੂ ਦਾ ਸਿਮਰਨ ਕਰਨ ਨਾਲ ਪ੍ਰਾਪਤ ਹੁੰਦਾ ਹੈ।ਅਜੇਹੇ ਭਗਤ ਰੱਬ ਨੂੰ ਸੁਆਸ ਸੁਆਸ ਜਪਦੇ ਹਨ, ਕਦੇ ਵੀ ਭੁਲਦੇ ਨਹੀਂ, ਅਪਣੀ ਬ੍ਰਿਤੀ ਨੂੰ ਮਾਇਆ ਦੇ ਲੋਭ ਵੱਲ ਨਹੀਂ ਜਾਣ ਦੇਂਦੇ।ਜਿਵੇਂ ਠੰਢੀਆਂ ਤੱਤੀਆਂ ਥਾਵਾਂ ਵਿਚੋਂ ਲੰਘਦੀ ਤੇ ਮਿੱਟੀ ਪੱਥਰਾਂ ਨਾਲ ਟਕਰਾਉਂਦੀ ਨਦੀ ਸੁਤੇ ਸਿੱਧ ਸਾਗਰ ਵਿਚ ਜਾ ਮਿਲਦੀ ਹੈ।ਤਿਵੇਂ ਭਗਤ ਦੀ ਨਿਰਮਲ ਹੋਈ ਆਤਮਾ ਹਰੀ ਨੂੰ ਪ੍ਰਾਪਤ ਹੋ ਕੇ ਪਰਮ ਅਨੰਦ ਵਿਚ ਟਿਕ ਜਾਂਦੀ ਹੈ।ਨਦੀ ਦਾ ਇਹ ਸੰਗਮ ਦ੍ਰਿਸਟਾਂਤ ਮਾਤ੍ਰ ਹੈ, ਆਤਮਾ ਤੇ ਪ੍ਰਮਾਤਮਾ ਦਾ ਮੇਲ ਮਨ ਬੁੱਧੀ ਦੀ ਸਮਝ ਤੋਂ ਬਹੁਤ ਪਰੇ ਅਕਹਿ ਤੇ ਅਗੰਮ ਅਵਸਥਾ ਹੈ।ਇਹ ਉਚੀ ਆਤਮਕ ਅਵਸਥਾ ਕੋਈ ਭਾਗਾਂ ਵਾਲਾ ਵਿਰਲਾ ਪੁਰਖ ਪ੍ਰਾਪਤ ਕਰਦਾ ਹੈ (ਸੰ.ਪੋ.)।

ਗੂਜਰੀ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਹਰਿ ਬਿਨੁ ਜੀਅਰਾ ਰਹਿ ਨ ਸਕੈ, ਜਿਉ ਬਾਲਕੁ ਖੀਰ ਅਧਾਰੀ ॥ ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ, ਅਪੁਨੇ ਸਤਿਗੁਰ ਕੈ ਬਲਿਹਾਰੀ ॥੧॥ ਮਨ ਰੇ ਹਰਿ ਕੀਰਤਿ ਤਰੁ ਤਾਰੀ ॥ ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ, ਜਿਨ ਕਉ ਕ੍ਰਿਪਾ ਤੁਮਾਰੀ ॥੧॥ਰਹਾਉ॥ (ਹੇ ਭਾਈ!) ਹਰੀ ਤੋਂ ਬਿਨਾ ਮੇਰਾ ਮਨ ਰਹਿ ਨਹੀਂ ਸਕਦਾ, ਜਿਵੇਂ ਦੁੱਧ ਦੇ ਆਸਰੇ ਰਹਿਣ ਵਾਲ ਬੱਚਾ ਦੁੱਧ ਤੋਂ ਬਿਨਾ ਨਹੀਂ ਰਹਿ ਸਕਦਾ।ਪ੍ਰਭੂ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੀ ਪਕੜ ਤੋਂ ਵੀ ਪਰੇ ਹੈ, (ਉਸ ਨੂੰ) ਗੁਰੂ ਦੁਆਰਾ ਨੂੰ ਪਾ ਲਈਦਾ ਹੈ, (ਇਸ ਕਰਕੇ) ਮੈਂ ਅਪਣੇ ਸਤਿਗੁਰੂ ਦੇ ਸਦਕੇ ਜਾਂਦਾ ਹਾਂ। ੧।ਹੇ (ਮੇਰੇ) ਮਨ! ਹਰੀ ਦੇ ਕੀਰਤਨ ਰੂਪ ਬੇੜੀ ਤੇ ਚੜ੍ਹ ਕੇ (ਸੰਸਾਰ ਰੂਪ ਨਦੀ ਤੋਂ) ਤਰ ਜਾ।ਨਾਮ ਰੂਪ ਅੰਮ੍ਰਿਤ ਜਲ ਗੁਰੂ ਰਾਹੀਂ

ਪਾਈਦਾ ਹੈ, (ਪਰ ਉਨ੍ਹਾਂ ਨੂੰ ਮਿਲਦਾ ਹੈ, ਹੇ ਪ੍ਰਭੂ!) ਜਿਨ੍ਹਾਂ ਉਤੇ ਤੇਰੀ ਕ੍ਰਿਪਾ ਹੁੰਦੀ ਹੈ।੧।ਰਹਾਉ।

ਅੰਗ ੫੦੭ = ਸਨਕ ਸਨੰਦਨ ਨਾਰਦ ਮੁਨਿ ਸੇਵਹਿ, ਅਨਦਿਨੁ ਜਪਤ ਰਹਹਿ ਬਨਵਾਰੀ ॥ ਸਰਣਾਗਤਿ ਪ੍ਰਹਲਾਦ ਜਨ ਆਏ, ਤਿਨ ਕੀ ਪੈਜ ਸਵਾਰੀ ॥੨॥ ਅਲਖ ਨਿਰੰਜਨੁ ਏਕੋ ਵਰਤੈ, ਏਕਾ ਜੋਤਿ ਮੁਰਾਰੀ ॥ ਸਭਿ ਜਾਚਿਕ ਤੂ ਏਕੋ ਦਾਤਾ, ਮਾਗਹਿ ਹਾਥ ਪਸਾਰੀ ॥੩॥ ਭਗਤ ਜਨਾ ਕੀ ਊਤਮ ਬਾਣੀ, ਗਾਵਹਿ ਅਕਥ ਕਥਾ ਨਿਤ ਨਿਆਰੀ ॥ ਸਫਲ ਜਨਮੁ ਭਇਆ ਤਿਨ ਕੇਰਾ, ਆਪਿ ਤਰੇ ਕੁਲ ਤਾਰੀ ॥੪॥ ਹੇ ਸੰਸਾਰ ਬਨ ਦੇ ਮਾਲਕ ਪ੍ਰਭੂ! (ਬ੍ਰਹਮਾ ਦੇ ਪੁਤ੍ਰ) ਸਨਕ ਸਨੰਦਨ ਆਦਿਕ ਤੇ ਨਾਰਦ ਮੁਨੀ (ਤੇਰੀ) ਸੇਵਾ ਭਗਤੀ ਕਰਦੇ ਰਹੇ ਹਨ, ਅਤੇ (ਤੈਨੂੰ) ਦਿਨ ਰਾਤ ਜਪਦੇ ਰਹੇ ਹਨ।(ਇਸੇ ਤਰ੍ਹਾਂ ਜਦ) ਪ੍ਰਹਲਾਦ ਵਰਗੇ ਭਗਤ ਤੇਰੀ ਸ਼ਰਣ ਵਿਚ ਆਏ ਤੂੰ ਉਨ੍ਹਾਂ ਦੀ ਵੀ ਲਾਜ ਰੱਖ ਲਈ ਸੀ।੨।(ਹੇ ਭਾਈ! ਸਭ ਜਗ੍ਹਾ) ਮਾਇਆ ਤੋਂ ਨਿਰਲੇਪ ਅਦ੍ਰਿਸਟ ਇਕੋ ਪ੍ਰਭੂ ਵਰਤ ਰਿਹਾ ਹੈ ਅਤੇ ਇਕੋ ਪ੍ਰਭੂ ਦੀ ਜੋਤ (ਸਭ ਵਿਚ) ਪ੍ਰਕਾਸ਼ਵਾਨ ਹੈ।(ਹੇ ਪ੍ਰਭੂ!) ਤੂੰ ਇਕੋ ਦਾਤਾ ਹੈ, ਹੋਰ ਸਾਰੇ (ਤੇਰੇ ਦਰ ਦੇ) ਮੰਗਤੇ ਹਨ, (ਉਹ ਤੇਰੇ ਪਾਸੋਂ) ਹੱਥ ਫੈਲਾ ਕੇ ਮੰਗਦੇ ਹਨ।੩।(ਹੇ ਭਾਈ! ਪ੍ਰਭੂ ਦੇ) ਭਗਤ ਜਨਾਂ ਦੀ (ਉਚਾਰੀ) ਬਾਣੀ ਉਤਮ ਹੈ, (ਕਿਉਂਕਿ ਉਹ ਪ੍ਰਭੂ ਦੀ) ਨਾ ਕਥੇ ਜਾਣ ਵਾਲੀ ਅਸਚਰਜ ਕਥਾ (ਸਿਫਤ ਸਲਾਹ) ਨਿਤ ਗਾਉਂਦੇ ਹਨ।ਉਨ੍ਹਾਂ (ਭਗਤਾਂ) ਦਾ ਮਨੁੱਖਾ ਜਨਮ ਸਫਲ ਹੋ ਗਿਆ ਹੈ, (ਉਹ ਸੰਸਾਰ ਸਾਗਰ ਤੋਂ) ਆਪ ਵੀ ਤਰ ਗਏ ਹਨ ਅਤੇ (ਅਪਣੀ) ਕੁਲ ਵੀ ਤਾਰ ਲਈ ਹੈ।੪।

ਪਦਾਰਥ = ਜੀਅਰਾ–ਮਨ; ਜੀਵਾਤਮਾ।ਬਾਲਕੁ–ਬੱਚਾ।ਖੀਰ–ਦੁੱਧ।ਅਧਾਰੀ–ਆਸਰੇ ਰਹਿਣ ਵਾਲਾ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰ–ਇੰਦ੍ਰੀਆਂ ਦੀ ਪਕੜ ਤੋਂ ਪਰੇ।ਗੁਰਮੁਖਿ–ਗੁਰੂ ਦੁਆਰਾ।ਕੈ–ਦੇ; ਤੋਂ।੧।ਮਨ ਰੇ–ਹੇ ਮਨ!।ਕੀਰਤਿ–ਕੀਰਤਨ। ਤਰੁ–ਤਰ (ਪਾਰ ਹੋ) ਜਾ।ਤਾਰੀ–ਬੇੜੀ।ਪਾਈਐ–ਪਾਈਦਾ ਹੈ।ਜਿਨ ਕਉ–ਜਿਨ੍ਹਾ ਉਤੇ।੧।ਰਹਾਉ।ਸਨਕ ਸਨੰਦਨ–ਬ੍ਰਹਮਾ ਦੇ ਪੁਤ੍ਰ।ਸੇਵਹਿ–ਸੇਵਾ ਭਗਤੀ ਕਰਦੇ ਰਹੇ।ਅਨਦਿਨੁ–ਹਰ ਰੋਜ।ਬਨਵਾਰੀ–ਸੰਸਾਰ ਬਨ ਦਾ ਮਾਲਕ ਪ੍ਰਭੂ।ਸਰਣਾਗਤਿ–ਸ਼ਰਣ ਵਿਚ ਆਏ।ਤਿਨ ਕੀ–ਉਨ੍ਹਾਂ ਦੀ।ਪੈਜ–ਇੱਜਤ।ਸਵਾਰੀ–ਰੱਖ ਲਈ।੨।ਅਲਖ–ਅਦ੍ਰਿਸਟ।ਨਿਰੰਜਨੁ–ਮਾਇਆ ਤੋਂ ਨਿਰਲੇਪ ਪ੍ਰਭੂ। ਮੁਰਾਰੀ–ਪ੍ਰਭੂ।ਜਾਚਿਕ–ਮੰਗਤੇ।ਹਾਥ ਪਸਾਰੀ–ਹੱਥ ਫੈਲਾ (ਤੱਡ) ਕੇ।੩।ਅਕਥ ਕਥਾ–ਨਾ ਕਥੇ ਜਾ ਸਕਣ ਵਾਲੀ ਕਥਾ (ਪ੍ਰਭੂ ਦੀ ਸਿਫਤ ਸਲਾਹ)।ਨਿਤ–ਰੋਜ; ਸਦਾ।ਨਿਆਰੀ–ਅਨੋਖੀ; ਅਸਚਰਜ।ਭਇਆ–ਹੋ ਗਿਆ।ਕੇਰਾ–ਦਾ।ਤਾਰੀ–ਤਾਰ ਲਈ।੪।

ਮਨਮੁਖ ਦੁਬਿਧਾ ਦੁਰਮਤਿ ਬਿਆਪੇ, ਜਿਨ ਅੰਤਰਿ ਮੋਹ ਗੁਬਾਰੀ ॥ ਸੰਤ ਜਨਾ ਕੀ ਕਥਾ ਨ ਭਾਵੈ, ਓਇ ਡੂਬੇ ਸਣੁ ਪਰਵਾਰੀ ॥੫॥ ਨਿੰਦਕੁ ਨਿੰਦਾ ਕਰਿ ਮਲੁ ਧੋਵੈ, ਓਹੁ ਮਲ ਭਖੁ ਮਾਇਆ ਧਾਰੀ ॥ ਸੰਤ ਜਨਾ ਕੀ ਨਿੰਦਾ ਵਿਆਪੇ, ਨਾ ਉਰਵਾਰਿ ਨ ਪਾਰੀ ॥੬॥ ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ, ਹਰਿ ਕਰਤੈ ਸਭ ਕਲ ਧਾਰੀ ॥ ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ, ਸੂਤੁ ਖਿੰਚੈ ਏਕੰਕਾਰੀ ॥੭॥ ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ, ਰਸਨਾ ਹਰਿ ਰਸੁ ਧਾਰੀ ॥ ਨਾਨਕ ਹਰਿ ਬਿਨੁ ਅਵਰੁ ਨ ਮਾਗਉ ,ਹਰਿ ਰਸ ਪ੍ਰੀਤਿ ਪਿਆਰੀ ॥੮॥੧॥੭॥ ਜਿਨ੍ਹਾਂ ਮਨੁੱਖਾਂ ਦੇ ਮਨ ਅੰਦਰ ਮੋਹ ਦੀ ਹਨ੍ਹੇਰੀ ਚੜ੍ਹੀ ਹੋਈ ਹੈ, ਉਹ ਮਨਮੁਖ ਦੁਬਿਧਾ ਤੇ ਖੋਟੀ ਮੱਤ ਵਿਚ ਫਸੇ ਹੋਏ ਹਨ।(ਉਨ੍ਹਾਂ ਨੂੰ) ਸੰਤ ਜਨਾਂ ਦੀ (ਸੰਗਤ ਤੇ ਹਰੀ ਦੀ ਸਿਫਤ ਸਲਾਹ ਵਾਲੀ) ਕਥਾ ਚੰਗੀ ਨਹੀਂ ਲਗਦੀ, ਉਹ (ਭਵਜਲ ਵਿਚ ਅਪਣੇ) ਪਰਵਾਰ ਦੇ ਸਮੇਤ ਡੁਬੇ ਹੋਏ ਹਨ।੫।ਨਿੰਦਕ (ਸੰਤਾਂ ਦੀ) ਨਿੰਦਿਆ ਕਰਕੇ (ਉਨ੍ਹਾਂ ਦੇ ਔਗਣਾਂ ਦੀ) ਮੈਲ ਧੋਂਦਾ ਹੈ, (ਚਾਹੇ ਉਹ) ਮਾਇਆ ਧਾਰੀ ਹੈ (ਫਿਰ ਵੀ) ਮੈਲ ਖਾਣ ਵਾਲੇ (ਸੂਰ ਵਾਂਗ) ਹੈ।(ਜਿਹੜੇ ਲੋਕ) ਸੰਤ ਜਨਾਂ ਦੀ ਨਿੰਦਾ ਕਰਨ ਵਿਚ ਲੱਗੇ ਹੋਏ ਹਨ, ਉਹ (ਸੰਸਾਰ ਸਮੁੰਦਰ ਵਿਚ) ਨਾ ਉਰਾਰ ਦੇ ਤੇ ਨਾ ਪਾਰ ਦੇ ਰਹਿੰਦੇ ਹਨ (ਅਧ ਵਿਚਾਲੇ ਡੁਬ ਮਰਦੇ ਹਨ; ਲੋਕ ਪ੍ਰਲੋਕ ਦੋਵੇਂ ਗਵਾ ਲੈਂਦੇ ਹਨ।੬।ਹੇ ਭਾਈ! ਜੀਵਾਂ ਦੇ ਵਸ ਵਿਚ ਕੁਛ ਨਹੀਂ) ਇਹ ਜੋ ਸੰਸਾਰ ਹੈ, ਇਹ ਸਾਰਾ ਖੇਲ ਰਚਨਹਾਰ ਹਰੀ ਨੇ ਰਚਿਆ ਹੈ, ਰਚਨਹਾਰ ਹਰੀ ਨੇ (ਇਸ ਸੰਸਾਰ ਵਿਚ ਅਪਣੀ) ਸਾਰੀ ਤਾਕਤ ਰੱਖੀ ਹੋਈ ਹੈ (ਅਪਣੀ ਤਾਕਤ ਨਾਲ ਇਸ ਨੂੰ ਚਲਾ ਰਿਹਾ ਹੈ)।ਮਾਲਾ ਦੇ ਮਣਕਿਆਂ ਵਿਚ ਧਾਗੇ ਵਾਂਗ ਇਕ ਹਰੀ ਦੀ ਤਾਕਤ ਜਗਤ ਦੇ ਅੰਦਰ ਵਰਤ ਰਹੀ ਹੈ, (ਜਦ ਉਹ ਜਗਤ ਵਿਚੋਂ ਅਪਣੀ ਤਾਕਤ ਰੂਪ) ਧਾਗਾ ਖਿੱਚ ਲੈਂਦਾ ਹੈ, (ਤਾਂ ਸਾਰਾ ਜਗਤ ਅਲੋਪ ਹੋ ਜਾਂਦਾ ਹੈ ਤੇ ਪਿੱਛੇ) ਇਕ ਅਕਾਰ ਵਾਲਾ ਹਰੀ ਰਹਿ ਜਾਂਦਾ ਹੈ।੭।(ਇਹ ਜਾਣ ਕੇ ਭਗਤ ਜਨ ਨਾਮ) ਰਸ ਵਿਚ ਰਸੀਏ ਹੋ ਕੇ ਜੀਭ ਨਾਲ ਹਰੀ ਦੇ ਗੁਣ ਗਾਉਂਦੇ ਹਨ ਅਤੇ (ਉਨ੍ਹਾਂ ਦੀ) ਜੀਭ ਹਰੀ ਦੇ ਨਾਮ ਰਸ ਨੂੰ ਧਾਰਨ ਕਰਨ ਵਾਲੀ ਹੋਈ ਰਹਿੰਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਹਰੀ ਤੋਂ ਬਿਨਾ ਹੋਰ ਕੁਝ ਨਹੀਂ ਮੰਗਦਾ, (ਮੈਨੂੰ ਕੇਵਲ) ਹਰੀ ਰਸ ਦੀ ਪ੍ਰੀਤ ਹੀ ਪਿਆਰੀ ਹੈ।੮।੧।੭।

ਪਦਾਰਥ = ਦੁਬਿਧਾ–ਦੁਚਿੱਤਾ ਪਣ; ਡਾਵਾਂ ਡੋਲ ਹਾਲਤ।ਦੁਰਮਤਿ–ਖੋਟੀ ਮੱਤ।ਬਿਆਪੇ–ਫਸੇ ਹੋਏ ਹਨ।ਮੋਹ ਗੁਬਾਰੀ–ਮੋਹ ਦੀ ਹਨ੍ਹੇਰੀ; ਅੰਧਕਾਰ ਦਸ਼ਾ।ਨ ਭਾਵੈ–ਚੰਗੀ ਨਹੀਂ ਲਗਦੀ।ਓਇ–ਉਹ (ਬਹੁ ਵਚਨ ਹੈ)।ਸਣੁ–ਸਮੇਤ।ਪਰਵਾਰੀ–ਪ੍ਰਵਾਰ।੫।ਕਰਿ–

ਕਰ ਕੇ।ਮਲ ਭਖੁ–ਮੈਲ ਖਾਣ ਵਾਲਾ।ਉਰਵਾਰਿ–ਉਰਲੇ ਪਾਸੇ।ਪਾਰੀ–ਪਾਰ ਵਾਲੇ ਪਾਸੇ।੬।ਪਰਪੰਚੁ–(ਪੰਜ ਤੱਤਾਂ ਦਾ ਵਿਸਥਾਰ) ਸੰਸਾਰ।ਕੀਆ–ਪੈਦਾ ਕੀਤਾ (ਰਚਿਆ)।ਕਰਤੈ–ਕਰਤਾਰ ਨੇ।ਕਲ–ਤਾਕਤ।ਧਾਰੀ–ਰੱਖੀ ਹੈ।ਜੁਗ ਅੰਤਰਿ–ਜਗਤ ਅੰਦਰ।ਸੂਤੁ–(ਤਾਕਤ ਰੂਪ) ਧਾਗਾ।ਖਿੰਚੈ–ਖਿੱਚ ਲੈਂਦਾ ਹੈ।ਏਕੰਕਾਰੀ–ਇਕੋ ਅਕਾਰ ਵਾਲਾ ਹਰੀ।੭।ਰਸਨਿ–ਰਸਨਾ (ਜੀਭ) ਨਾਲ।ਰਸਨਿ–ਰਸੀਏ ਹੋ ਕੇ।ਰਸਿ–ਰਸ ਵਿਚ।ਧਾਰੀ–ਧਾਰਨ ਕਰਨ ਵਾਲੀ ਹੈ।ਅਵਰੁ–ਹੋਰ ਕੁਛ।੮।੧।੭।

ਗੂਜਰੀ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਰਾਜਨ ਮਹਿ ਤੂੰ ਰਾਜਾ ਕਹੀਅਹਿ, ਭੂਮਨ ਮਹਿ ਭੂਮਾ ॥ ਠਾਕੁਰ ਮਹਿ ਠਕੁਰਾਈ ਤੇਰੀ, ਕੋਮਨ ਸਿਰਿ ਕੋਮਾ ॥੧॥ ਪਿਤਾ ਮੇਰੋ ਬਡੋ ਧਨੀ ਅਗਮਾ ॥ ਉਸਤਤਿ ਕਵਨ ਕਰੀਜੈ ਕਰਤੇ, ਪੇਖਿ ਰਹੇ ਬਿਸਮਾ ॥੧॥ਰਹਾਉ॥ ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ, ਦਾਤਨ ਸਿਰਿ ਦਾਤਾ ॥ ਤੇਜਨ ਮਹਿ ਤੇਜਵੰਸੀ ਕਹੀਅਹਿ, ਰਸੀਅਨ ਮਹਿ ਰਾਤਾ ॥੨॥ ਸੂਰਨ ਮਹਿ ਸੂਰਾ ਤੂੰ ਕਹੀਅਹਿ, ਭੋਗਨ ਮਹਿ ਭੋਗੀ ॥ ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ, ਜੋਗਨ ਮਹਿ ਜੋਗੀ ॥੩॥ ਕਰਤਨ ਮਹਿ ਤੂੰ ਕਰਤਾ ਕਹੀਅਹਿ, ਆਚਾਰਨ ਮਹਿ ਆਚਾਰੀ ॥ ਸਾਹਨ ਮਹਿ ਤੂੰ ਸਾਚਾ ਸਾਹਾ, ਵਾਪਾਰਨ ਮਹਿ ਵਾਪਾਰੀ ॥੪॥ (ਹੇ ਕਰਤਾਰ!) ਰਾਜਿਆਂ ਵਿਚ ਤੂੰ (ਸਭ ਤੋਂ ਵੱਡਾ) ਰਾਜਾ ਅਤੇ ਜਿਮੀਦਾਰਾਂ ਵਿਚ (ਤੂੰ ਸਭ ਤੋਂ ਵੱਡਾ) ਜਿਮੀਦਾਰ ਕਿਹਾ ਜਾਂਦਾ ਹੈਂ। ਠਾਕਰਾਂ ਵਿਚ ਤੇਰੀ (ਸਭ ਤੋਂ ਵੱਡੀ) ਠਕਰਾਈ ਹੈ ਅਤੇ ਕੌਮਾਂ ਦੇ ਸਿਰ ਤੇ ਤੇਰੀ ਕੌਮ (ਜਾਤਾਂ ਵਿਚੋਂ ਤੇਰੀ ਜਾਤ) ਸ਼੍ਰੋਮਣੀ ਹੈ; (ਸੰਤ ਭਗਤ ਤੇਰੀ) ਕੌਮ ਹੈ, (ਜੋ ਸਭ) ਕੌਮਾਂ ਵਿਚੋਂ ਸ਼੍ਰੋਮਣੀ ਹੈ।੧।ਮੇਰਾ ਪਿਤਾ ਪ੍ਰਭੂ (ਸਭ ਤੋਂ) ਵੱਡਾ ਮਾਲਕ ਹੈ, (ਜਿਸ ਤਕ ਕਿਸੇ ਦੀ) ਪਹੁੰਚ ਨਹੀਂ ਹੈ।ਹੇ ਕਰਤਾਰ! (ਤੇਰੀ) ਕਿਹੜੀ ਕਿਹੜੀ ਉਸਤਤ ਕਰੀਏ? (ਅਸੀਂ ਲੋਕ ਤੇਰੀ ਲੀਲਾ) ਦੇਖ ਕੇ ਹੈਰਾਨ ਹੋ ਰਹੇ ਹਾਂ।੧।ਰਹਾਉ।ਸੁਖੀ ਲੋਕਾਂ ਵਿਚੋਂ ਤੂੰ (ਵੱਡਾ) ਸੁਖੀ ਅਤੇ ਦਾਤਿਆਂ ਵਿਚੋਂ ਤੂੰ ਸ਼੍ਰੋਮਣੀ ਦਾਤਾ ਕਿਹਾ ਜਾਂਦਾ ਹੈਂ।ਤੇਜ ਵਾਲੇ ਲੋਕਾਂ ਵਿਚੋਂ ਤੂੰ (ਵੱਡਾ) ਤੇਜ ਵਾਲਾ ਕਹੀਦਾ ਹੈਂ ਅਤੇ ਰਸ ਲੈਣ ਵਾਲਿਆਂ ਵਿਚ ਤੂੰ (ਰਸ ਰੂਪ ਹੋ ਕੇ) ਮਸਤ ਹੈਂ (ਸਭ ਤੋਂ ਵੱਡਾ ਰਸੀਆ ਹੈਂ)।੨।(ਹੇ ਪ੍ਰਭੂ!) ਸੂਰਵੀਰਾਂ ਵਿਚ ਤੂੰ (ਵੱਡਾ) ਸੂਰਮਾਂ ਕਿਹਾ ਜਾਂਦਾ ਹੈਂ ਅਤੇ ਭੋਗੀਆਂ ਵਿਚ ਤੂੰ (ਵੱਡਾ) ਭੋਗੀ ਹੈਂ।ਗ੍ਰਿਸਤੀਆਂ ਵਿਚੋਂ ਤੂੰ ਵੱਡਾ ਗ੍ਰਿਸਤੀ ਹੈਂ (ਸਾਰੇ ਖੰਡ ਬ੍ਰਹਮੰਡ ਜਿਸ ਦਾ ਵਿਚ ਵੱਡਾ ਪ੍ਰਵਾਰ ਹੈ) ਅਤੇ ਜੋਗੀਆਂ ਵਿਚ (ਸ਼੍ਰੋਮਣੀ) ਜੋਗੀ ਹੈਂ (ਇਤਨੇ ਵੱਡੇ ਪ੍ਰਵਾਰ ਵਾਲਾ ਹੁੰਦਿਆਂ ਵੀ ਨਿਰਲੇਪ ਹੈਂ)।੩।ਰਚਨਹਾਰਾਂ ਵਿਚੋਂ ਤੂੰ (ਸ਼੍ਰੋਮਣੀ) ਰਚਨਹਾਰ ਕਹੀਦਾ ਹੈਂ ਅਤੇ ਸ਼ੁੱਭ ਕਰਮੀਆਂ ਵਿਚੋਂ ਤੂੰ (ਵੱਡਾ) ਸ਼ੁੱਭ ਕਰਮ ਕਰਨ ਵਾਲਾ ਹੈਂ।(ਕੁਬੇਰ ਵਰਗੇ) ਸ਼ਾਹੂਕਾਰਾਂ ਵਿਚੋਂ ਤੂੰ ਸੱਚਾ ਸ਼ਾਹੂਕਾਰ ਹੈਂ (ਤੇਰਾ ਖਜਾਨਾ ਮੁੱਕਣ ਵਾਲਾ ਨਹੀਂ) ਅਤੇ ਵਪਾਰੀਆਂ ਵਿਚ (ਵੱਡਾ) ਵਪਾਰੀ ਹੈ (ਜਗਤ ਪਸਾਰਾ ਜਿਸ ਦਾ ਵੱਡਾ ਵਪਾਰ ਹੈ)।੪।

ਪਦਾਰਥ = ਰਾਜਨ ਮਹਿ–ਰਾਜਿਆਂ ਵਿਚ।ਭੂਮਨ ਮਹਿ–ਜਮੀਨ ਦੇ ਮਾਲਕਾਂ ਵਿਚ।ਭੂਮਾ–ਜਮੀਨ ਦਾ ਮਾਲਕ।ਠਾਕੁਰ–ਮਾਲਕ; ਸਰਦਾਰ।ਠਕੁਰਾਈ–ਸਰਦਾਰੀ; ਮਾਲਕੀ।ਕੋਮਨ ਸਿਰਿ–ਕੌਮਾਂ ਦੇ ਸਿਰ ਉਤੇ।ਕੋਮਾ–ਕੌਮ (ਇਕ ਜਾਤ ਦੇ ਲੋਕਾਂ ਦਾ ਸਮਦਾਇ)। ਸਿਰਿ–ਸ਼੍ਰੋਮਣੀ; ਸਿਰ ਉਤੇ।੧।ਬਡੋ–ਵੱਡਾ।ਧਨੀ–ਮਾਲਕ।ਅਗਮਾ–ਪਹੁੰਚ ਤੋਂ ਪਰੇ; ਬਹੁਤ ਉਚਾ।ਕਵਨ–ਕਿਹੜੀ।ਕਰੀਜੈ–ਕਰੀਏ।ਕਰਤੇ–ਹੇ ਕਰਤਾਰ!।ਪੇਖਿ–ਦੇਖ ਕੇ।ਬਿਸਮਾ–ਹੈਰਾਨ।੧।ਰਹਾਉ।ਸੁਖੀਅਨ ਮਹਿ–ਸੁਖੀ ਲੋਕਾਂ ਵਿਚ।ਦਾਤਨ–ਦਾਤਿਆਂ ਵਿਚ।ਤੇਜਨ–ਬਲ ਵਾਲੇ ਲੋਕਾਂ ਵਿਚ।ਤੇਜ ਵੰਸੀ–ਤੇਜਸ੍ਵੀ; ਸ਼ਕਤੀ ਵਾਲਾ।ਰਸੀਅਨ–ਰਸ ਲੈਣ ਵਾਲੇ ਲੋਕ।ਰਾਤਾ–ਰਸ ਵਿਚ ਰਸ ਰੂਪ ਹੋਇਆ; ਰਸ ਵਿਚ ਮਸਤ।੨।ਸੂਰਨ–ਸੂਰ ਬੀਰ।ਸੂਰਾ–ਸੂਰਮਾ।ਭੋਗਨ ਮਹਿ–ਭੋਗਾਂ ਦਾ ਰਸ ਮਾਨਣ ਵਾਲਿਆਂ ਵਿਚ।ਗ੍ਰਸਤਨ ਮਹਿ–ਗ੍ਰਿਸਤੀਆਂ ਵਿਚ।ਜੋਗਨ ਮਹਿ–ਤਿਆਗੀਆਂ ਵਿਚ।੩।ਕਰਤਨ ਮਹਿ–ਰਚਨਹਾਰਾਂ ਵਿਚ।ਕਰਤਾ–ਰਚਨਹਾਰ।ਆਚਾਰਨ ਮਹਿ–ਸ਼ੁੱਭ ਕਰਮ ਕਰਨ ਵਾਲਿਆਂ ਵਿਚ; ਧਰਮ ਕਰਮ ਕਰਨ ਵਾਲਿਆਂ ਵਿਚ।ਆਚਾਰੀ–ਧਰਮ ਕਰਮ ਕਰਨ ਵਾਲਾ।ਸਾਹਨ ਮਹਿ–ਸ਼ਾਂਹੂਕਾਰਾਂ ਵਿਚ।ਸਾਹਾ–ਸ਼ਾਹੂਕਾਰ।ਵਾਪਾਰਨ ਮਹਿ–ਵਪਾਰੀਆਂ ਵਿਚ।੪।

ਦਰਬਾਰਨ ਮਹਿ ਤੇਰੋ ਦਰਬਾਰਾ, ਸਰਨ ਪਾਲਨ ਟੀਕਾ ॥ ਲਖਿਮੀ ਕੇਤਕ ਗਨੀ ਨ ਜਾਈਐ, ਗਨਿ ਨ ਸਕਉ ਸੀਕਾ ॥੫॥ ਨਾਮਨ ਮਹਿ ਤੇਰੋ ਪ੍ਰਭ ਨਾਮਾ, ਗਿਆਨਨ ਮਹਿ ਗਿਆਨੀ ॥ ਜੁਗਤਨ ਮਹਿ ਤੇਰੀ ਪ੍ਰਭ ਜੁਗਤਾ, ਇਸਨਾਨਨ ਮਹਿ ਇਸਨਾਨੀ ॥੬॥ ਸਿਧਨ ਮਹਿ ਤੇਰੀ ਪ੍ਰਭ ਸਿਧਾ, ਕਰਮਨ ਸਿਰਿ ਕਰਮਾ ॥ ਆਗਿਆ ਮਹਿ ਤੇਰੀ ਪ੍ਰਭ ਆਗਿਆ, ਹੁਕਮਨ ਸਿਰਿ ਹੁਕਮਾ ॥੭॥ (ਹੇ ਪ੍ਰਭੂ! ਦੁਨੀਆਂ ਦੇ ਬਾਦਸ਼ਾਹਾਂ ਦੇ) ਦਰਬਾਰਾਂ ਵਿਚੋਂ ਤੇਰਾ ਦਰਬਾਰ (ਬਹੁਤ ਵੱਡਾ) ਹੈ ਅਤੇ ਸ਼ਰਨ ਵਿਚ ਆਇਆਂ ਦੀ ਪਾਲਣਾ ਕਰਨ ਵਾਲਿਆਂ ਦਾ ਤੂੰ ਸ਼੍ਰੋਮਣੀ ਹੈਂ।ਤੇਰੇ ਖਜਾਨੇ ਦੀ ਦੌਲਤ ਕਿਤਨੀ ਹੈ? ਉਹ ਗਿਣੀ ਨਹੀਂ ਜਾ ਸਕਦੀ, (ਉਸ ਖਜਾਨੇ ਵਿਚ ਕਿੰਨੇ ਪ੍ਰਕਾਰ ਦਾ) ਸਿੱਕਾ ਹੈ? ਉਹ ਵੀ ਮੈਂ ਗਿਣ ਨਹੀਂ ਸਕਦਾ।੫।ਹੇ ਪ੍ਰਭੂ! (ਦੁਨੀਆਂ ਦੇ ਕਿਰਤਮ) ਨਾਵਾਂ ਵਿਚੋਂ ਤੇਰਾ (ਪਰਾ ਪੂਰਬਲਾ) ਨਾਮ ਸ਼੍ਰੋਮਣੀ ਹੈ ਅਤੇ ਗਿਆਨੀਆਂ ਵਿਚ (ਤੂੰ ਵੱਡਾ) ਗਿਆਨੀ ਹੈਂ।ਹੇ ਪ੍ਰਭੂ! ਸਿਆਣਪਾਂ ਵਿਚੋਂ ਤੇਰੀ ਸਿਆਣਪ; ਦਲੀਲ ਦੇਣ ਵਾਲਿਆਂ

ਵਿਚ ਤੇਰੀ ਦਲੀਲ (ਸਭ ਤੋਂ ਸ੍ਰੇਸ਼ਟ) ਹੈ ਤੇ (ਦੁਨੀਆਂ ਦੇ ਤੀਰਥ) ਇਸ਼ਨਾਨੀਆਂ ਵਿਚੋਂ (ਤੂੰ ਵੱਡਾ) ਇਸ਼ਨਾਨੀ ਹੈਂ (ਕਿਉਂਕਿ ਪਾਣੀ ਵਿਚ ਤੂੰ ਹੀ ਵਸਦਾ ਹੈ)।੬।ਹੇ ਪ੍ਰਭੂ! ਕਰਾਮਾਤ ਰੱਖਣ ਵਾਲਿਆਂ ਵਿਚ ਤੇਰੀ ਕਰਾਮਾਤ (ਜ਼ਬਰਦਸਤ) ਹੈ ਅਤੇ ਧਰਮ ਕਰਮ ਕਰਨ ਵਾਲਿਆਂ ਦੇ ਸਿਰ ਤੇ (ਸਭ ਤੋਂ ਸ਼੍ਰੋਮਣੀ) ਤੇਰਾ ਕਰਮ ਹੈ; ਕੰਮਾਂ ਵਿਚ ਤੇਰਾ ਕੰਮ ਸ਼੍ਰੋਮਣੀ ਹੈ।ਹੇ ਪ੍ਰਭੂ! ਆਗਿਆ ਵਿਚੋਂ ਤੇਰੀ ਆਗਿਆ (ਮੰਨਣ ਯੋਗ) ਹੈ ਅਤੇ ਹੁਕਮ ਕਰਨ ਵਾਲਿਆਂ ਦੇ ਸਿਰ ਤੇ ਤੂੰ ਸ਼੍ਰੋਮਣੀ ਹਾਕਮ (ਪਾਤਸ਼ਾਹਾਂ ਦਾ ਪਾਤਸ਼ਾਹ) ਹੈਂ।੭।

ਅੰਗ ੫੦੮ = **ਜਿਉ ਬੋਲਾਵਹਿ ਤਿਉ ਬੋਲਹ ਸੁਆਮੀ, ਕੁਦਰਤਿ ਕਵਨ ਹਮਾਰੀ ॥ ਸਾਧ ਸੰਗਿ ਨਾਨਕ ਜਸੁ ਗਾਇਓ, ਜੋ ਪ੍ਰਭ ਕੀ ਅਤਿ ਪਿਆਰੀ ॥੮॥੧॥੮॥** ਹੇ ਮਾਲਕ ਪ੍ਰਭੂ! ਜਿਵੇਂ ਤੂੰ ਸਾਨੂੰ ਬੁਲਾਉਂਦਾ ਹੈਂ, ਤਿਵੇਂ ਅਸੀਂ ਬੋਲਦੇ ਹਾਂ, ਸਾਡੀ ਜੀਵਾਂ ਦੀ (ਬੋਲਣ ਦੀ) ਕੀ ਤਾਕਤ ਹੈ? (ਕਿ ਅਸੀਂ ਤੇਰਾ ਜਸ ਕਰ ਸਕੀਏ।ਤੇਰੀ ਕ੍ਰਿਪਾ ਦਾ ਸਦਕਾ) ਸਾਧ ਸੰਗਤ ਵਿਚ ਮਿਲ ਕੇ ਨਾਨਕ ਨੇ ਤੇਰਾ ਜਸ ਗਾਇਆ ਹੈ, ਜੋ (ਸਾਧ ਸੰਗਤ) ਪ੍ਰਭੂ ਦੀ ਬਹੁਤ ਪਿਆਰੀ ਹੈ।੮।੧।੮।

ਪਦਾਰਥ = ਦਰਬਾਰਨ ਮਹਿ–(ਦੁਨੀਆਂ ਦੇ ਬਾਦਸ਼ਾਹਾਂ ਦੇ) ਦਰਬਾਰਾਂ ਵਿਚੋਂ।ਸਰਨ ਪਾਲਨ–ਸ਼ਰਨ ਵਿਚ ਆਇਆਂ ਦੀ ਪਾਲਣਾ ਕਰਨ ਵਾਲਿਆਂ ਦਾ।ਟੀਕਾ–ਸ਼੍ਰੋਮਣੀ; ਮੁਖੀ।ਲਖਿਮੀ–ਮਾਇਆ।ਕੇਤਕ–ਕਿੰਨੀ ਹੈ।ਗਨੀ ਨ ਜਾਈਐ–ਗਿਣੀ ਨਹੀਂ ਜਾ ਸਕਦੀ। ਗਨਿ ਨ ਸਕਉ–ਮੈਂ ਗਿਣ ਨਹੀਂ ਸਕਦਾ।ਸੀਕਾ–ਸਿੱਕਾ; ਰੁਪਏ।੫।ਨਾਮਨ–ਨਾਵਾਂ ਵਿਚੋਂ।ਜੁਗਤਨ ਮਹਿ–ਸਿਆਣਪਾਂ ਵਿਚ; ਦਲੀਲਾਂ ਵਿਚ।ਜੁਗਤਾ–ਸਿਆਣਪ; ਦਲੀਲ।੬।ਸਿਧਨ ਮਹਿ–ਕਰਾਮਾਤ ਰੱਖਣ ਵਾਲਿਆਂ ਵਿਚ।ਸਿਧਾ–ਕਰਾਮਾਤੀ ਤਾਕਤ।ਕਰਮਨ ਸਿਰਿ–ਧਰਮ ਕਰਮ ਕਰਨ ਵਾਲਿਆਂ ਦੇ ਸਿਰ ਤੇ।ਹੁਕਮਨ–ਹੁਕਮ ਕਰਨ ਵਾਲਿਆਂ ਦੇ।ਹੁਕਮਾ–ਹਾਕਮ।੭।ਬੋਲਾਵਹਿ–ਤੂੰ ਬੁਲਾਉਂਦਾ ਹੈਂ।ਬੋਲਹ–ਅਸੀਂ ਬੋਲਦੇ ਹਾਂ।ਕੁਦਰਤਿ–ਤਾਕਤ।ਕਵਨ–ਕੀ; ਕਿਹੜੀ।ਹਮਾਰੀ–ਸਾਡੀ।ਅਤਿ–ਬਹੁਤ।੮।੧।੮।

ਗੂਜਰੀ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥ ਨਾਥ ਨਰਹਰ ਦੀਨ ਬੰਧਵ, ਪਤਿਤ ਪਾਵਨ ਦੇਵ ॥ ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ, ਸਫਲ ਸੁਆਮੀ ਸੇਵ ॥੧॥ ਹਰਿ ਗੋਪਾਲ ਗੁਰ ਗੋਬਿੰਦ ॥ ਚਰਣ ਸਰਣ ਦਇਆਲ ਕੇਸਵ, ਤਾਰਿ ਜਗ ਭਵ ਸਿੰਧ ॥੧॥ਰਹਾਉ॥ ਕਾਮ ਕ੍ਰੋਧ ਹਰਨ ਮਦ ਮੋਹ ਦਹਨ, ਮੁਰਾਰਿ ਮਨ ਮਕਰੰਦ ॥ ਜਨਮ ਮਰਣ ਨਿਵਾਰਿ ਧਰਣੀ ਧਰ, ਪਤਿ ਰਾਖੁ ਪਰਮਾਨੰਦ ॥੨॥ ਜਲਤ ਅਨਿਕ ਤਰੰਗ ਮਾਇਆ, ਗੁਰ ਗਿਆਨ ਹਰਿ ਰਿਦ ਮੰਤ ॥ ਛੇਦਿ ਅਹੰਬੁਧਿ ਕਰੁਣਾਮੈ, ਚਿੰਤ ਮੇਟਿ ਪੁਰਖ ਅਨੰਤ ॥੩॥ ਸਿਮਰਿ ਸਮਰਥ ਪਲ ਮਹੂਰਤ, ਪ੍ਰਭ ਧਿਆਨੁ ਸਹਜ ਸਮਾਧਿ ॥ ਦੀਨ ਦਇਆਲ ਪ੍ਰਸੰਨ ਪੂਰਨ, ਜਾਚੀਐ ਰਜ ਸਾਧ ॥੪॥ ਹੇ (ਦੁਨੀਆਂ ਦੇ) ਮਾਲਕ! ਹੇ ਨਰ ਸਿੰਘ ਰੂਪ ਵਾਹਿਗੁਰੂ! ਹੇ ਅਨਾਥਾਂ ਦੇ ਸਹਾਇਕ! ਹੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਪ੍ਰਕਾਸ਼ ਰੂਪ ਵਾਹਿਗੁਰੂ!।ਹੇ ਭਵਸਾਗਰ ਦਾ ਡਰ ਨਾਸ਼ ਕਰਨ ਵਾਲੇ! ਹੇ ਗੁਣਾਂ ਦੇ ਖਜਾਨੇ ਕ੍ਰਿਪਾਲੂ! ਹੇ ਸੁਆਮੀ! (ਤੇਰੀ) ਸੇਵਾ ਫਲ ਦੇਣ ਵਾਲੀ ਹੈ।੧।ਹੇ ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ ਵਾਹਿਗੁਰੂ! ਹੇ ਗੁਰੂ ਗੋਬਿੰਦ!।ਹੇ ਦਇਆ ਕਰਨ ਵਾਲੇ ਕੇਸ਼ਵ! ਮੈਂ ਤੇਰੇ ਚਰਣਾਂ ਦੀ ਸ਼ਰਣ ਵਿਚ ਹਾਂ, (ਮੈਨੂੰ) ਜਗਤ ਦੇ ਭੈ ਦਾਇਕ ਸਮੁੰਦਰ ਤੋਂ ਤਾਰ ਲੈ।੧।ਰਹਾਉ।ਹੇ ਕਾਮ ਕ੍ਰੋਧ ਦੇ ਨਾਸ਼ ਕਰਨ ਵਾਲੇ! ਹੇ ਮੋਹ ਦੇ ਨਸ਼ੇ ਨੂੰ ਸਾੜਨ ਵਾਲੇ ਮੁਰਾਰੀ! (ਮੇਰਾ) ਮਨ ਰੂਪ ਭੌਰਾ (ਤੇਰੇ ਚਰਨ ਕਮਲਾਂ ਦਾ) ਰਸ ਚਾਹੁੰਦਾ ਹੈ।ਹੇ ਪ੍ਰਿਥਵੀ ਨੂੰ ਧਾਰਨ ਕਰਨ ਵਾਲੇ! ਹੇ ਪਰਮ ਅਨੰਦ ਸਰੂਪ ਵਾਹਿਗੁਰੂ! ਜਨਮ ਮਰਨ ਦੂਰ ਕਰਕੇ (ਮੇਰੀ) ਇੱਜਤ ਰੱਖ ਲੈ। ੨।ਮਾਇਆ ਦੀਆਂ ਅਨੇਕਾਂ ਲਹਿਰਾਂ (ਅੱਗ ਦੀਆਂ ਲਾਟਾਂ ਵਾਂਗ ਸਾਨੂੰ ਜੀਵਾਂ ਨੂੰ) ਸਾੜਦੀਆਂ ਹਨ, (ਉਨ੍ਹਾਂ ਤੋਂ ਬਚਣ ਲਈ) ਹੇ ਵਾਹਿਗੁਰੂ! ਗੁਰੂ ਦਾ ਗਿਆਨ ਤੇ (ਅਪਣਾ) ਨਾਮ ਮੰਤ੍ਰ (ਸਾਡੇ ਜੀਵਾਂ ਦੇ) ਹਿਰਦੇ ਵਿਚ ਟਿਕਾ ਦੇ।ਹੇ ਮੇਹਰਵਾਨ! (ਮੇਰੀ) ਹੰਕਾਰ ਵਾਲੀ ਬੁੱਧੀ ਨਾਸ਼ ਕਰ ਦੇਹ, ਹੇ ਬੇਅੰਤ ਅਕਾਲ ਪੁਰਖ! (ਮੇਰੀ) ਚਿਤਾ ਵੀ ਮਿਟਾ ਦੇਹ।੩।ਹੇ ਸਰਬ ਸ਼ਕਤੀਮਾਨ ਵਾਹਿਗੁਰੂ! ਪਲ ਜਾਂ ਦੋ ਘੜੀ ਤੇਰੇ ਨਾਮ ਸਿਮਰਨ ਵਿਚ ਧਿਆਨ ਜੁੜ ਜਾਵੇ, ਇਹੋ ਮੇਰੇ ਲਈ ਸਹਿਜ ਸਮਾਧੀ ਹੈ।ਹੇ ਦੀਨਾਂ ਉਤੇ ਦਇਆ ਕਰਨ ਵਾਲੇ! ਹੇ ਸਭ ਵਿਚ ਪਰੀਪੂਰਨ ਅਨੰਦ ਰੂਪ ਵਾਹਿਗੁਰੂ! (ਮੇਹਰ ਕਰ, ਤੇਰੇ ਪਾਸੋਂ) ਸਾਧੂ ਜਨਾਂ ਦੀ ਧੂੜ ਮੰਗਦੇ ਰਹੀਏ।੪।

ਪਦਾਰਥ = ਨਾਥ–ਹੇ ਜਗਤ ਦੇ ਮਾਲਕ!।ਨਰਹਰ–ਹੇ ਨਰ ਸਿੰਘ ਰੂਪ ਪ੍ਰਭੂ!।ਦੀਨ ਬੰਧਵ–ਹੇ ਗਰੀਬਾਂ ਦੇ ਸਹਾਈ!।ਪਤਿਤ ਪਵਨ –ਹੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ!।ਦੇਵ–ਹੇ ਪ੍ਰਕਾਸ਼ ਰੂਪ ਪ੍ਰਭੂ!।ਭੈ ਤ੍ਰਾਸ–ਭਵ ਸਾਗਰ ਦਾ ਡਰ।ਗੁਣ ਨਿਧਿ–ਗੁਣਾਂ ਦਾ ਸਾਗਰ।ਸਫਲ ਸੇਵ–ਸੇਵਾ ਫਲ ਦੇਣ ਵਾਲੀ ਹੈ।੧।ਗੋਪਾਲ–ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ।ਕੇਸਵ–ਸੁੰਦਰ ਕੇਸਾਂ ਵਾਲਾ ਪ੍ਰਭੂ।ਤਾਰਿ–ਪਾਰ ਲੰਘਾ ਲੈ।ਜਗ–ਜਗਤ।ਭਵ ਸਿੰਧ–ਭੈ ਦਾਇਕ ਸਾਗਰ।੧।ਰਹਾਉ।ਹਰਨ–ਨਾਸ਼ ਕਰਨ ਵਾਲਾ।ਮਦ ਮੋਹ–ਮੋਹ ਦਾ ਨਸ਼ਾ; ਮੋਹ ਤੇ ਹੰਕਾਰ।ਦਹਨ–ਸਾੜਨ ਵਾਲਾ।ਮਕਰੰਦ–ਫੁੱਲ ਦਾ ਰਸ (ਪਰਾਗ); ਭੌਰਾ।ਨਿਵਾਰਿ–ਦੂਰ ਕਰਕੇ।ਧਰਣੀ ਧਰ–ਧਰਤੀ ਨੂੰ ਆਸਰਾ ਦੇਣ ਵਾਲਾ।ਪਤਿ–ਇੱਜਤ।ਪਰਮਾਨੰਦ–ਪਰਮ ਅਨੰਦ ਸਰੂਪ ਪ੍ਰਭੂ।੨।ਜਲਤ–ਸਾੜਦੀਆਂ ਹਨ।ਤਰੰਗ–ਲਹਿਰਾਂ।ਹਰਿ

-ਹੇ ਹਰੀ। ਰਿਦ-ਹਿਰਦੇ ਵਿਚ। ਮੰਤ-ਨਾਮ ਮੰਤ੍ਰ। ਛੇਦਿ-ਨਾਸ਼ ਕਰ ਦੇਹ। ਅਹੰਬੁਧਿ-ਹੰਕਾਰ ਵਾਲੀ ਬੁੱਧੀ। ਕਰੁਣਾਮੈ-ਹੇ ਮੇਹਰਵਾਨ! ।ਪੁਰਖ ਅਨੰਤ-ਹੇ ਬੇਅੰਤ ਅਕਾਲ ਪੁਰਖ!।੩।ਸਮਰਥ-ਹੇ ਤਾਕਤ ਵਾਲੇ!।ਪਲ-੨੪ ਸਕਿੰਟਾਂ ਦਾ ਸਮਾਂ।ਮਹੂਰਤ-ਦੋ ਘੜੀਆਂ (੪੮ ਮਿੰਟਾਂ) ਦਾ ਸਮਾਂ। ਸਹਜ ਸਮਾਧਿ-ਜੋਗੀਆਂ ਦੀ ਹਠ ਸਮਾਧੀ ਦੇ ਉਲਟ ਸਹਜ ਸਮਾਧੀ ਹੈ, ਜੋ ਨਿਰਯਤਨ ਟਿਕਾਉ ਵਾਲੀ ਹੁੰਦੀ ਹੈ, ਇਸ ਵਿਚ ਸੁਭਾਵਕ ਹੀ ਵਾਹਿਗੁਰੂ ਵਿਚ ਧਿਆਨ ਜੁੜਿਆ ਰਹਿੰਦਾ ਹੈ। ਦੀਨ ਦਇਆਲ-ਗਰੀਬਾਂ ਉਪਰ ਦਇਆ ਕਰਨ ਵਾਲਾ ਪ੍ਰਭੂ। ਪ੍ਰਸੰਨ-ਅਨੰਦ ਸਰੂਪ। ਜਾਚੀਐ-ਮੰਗਦੇ ਰਹੀਏ। ਰਜ ਸਾਧ-ਸਾਧੂ ਗੁਰੂ ਦੇ ਚਰਨਾਂ ਦੀ ਧੂੜ।੪।

ਮੋਹ ਮਿਥਨ ਦੁਰੰਤ ਆਸਾ, ਬਾਸਨਾ ਬਿਕਾਰ ॥ ਰਖੁ ਧਰਮ ਭਰਮ ਬਿਦਾਰਿ ਮਨ ਤੇ, ਉਧਰੁ ਹਰਿ ਨਿਰੰਕਾਰ ॥੫॥ ਧਨਾਢਿ ਆਢਿ ਭੰਡਾਰ ਹਰਿ ਨਿਧਿ, ਹੋਤ ਜਿਨਾ ਨ ਚੀਰ ॥ ਖਲ ਮੁਗਧ ਮੂੜ ਕਟਾਖ੍ ਸ੍ਰੀ ਧਰ, ਭਏ ਗੁਣ ਮਤਿ ਧੀਰ ॥੬॥ ਜੀਵਨ ਮੁਕਤ ਜਗਦੀਸ ਜਪਿ, ਮਨ ਧਾਰਿ ਰਿਦ ਪਰਤੀਤਿ ॥ ਜੀਅ ਦਇਆ ਮਇਆ ਸਰਬਤ੍ਰ ਰਮਣੰ, ਪਰਮ ਹੰਸਹ ਰੀਤਿ ॥੭॥ ਦੇਤ ਦਰਸਨੁ ਸ੍ਰਵਨ ਹਰਿ ਜਸੁ ,ਰਸਨ ਨਾਮ ਉਚਾਰ ॥ ਅੰਗ ਸੰਗ ਭਗਵਾਨ ਪਰਸਨ, ਪ੍ਰਭ ਨਾਨਕ ਪਤਿਤ ਉਧਾਰ ॥੮॥੧॥੨॥੫॥੧॥੧॥੨॥੫੭॥ (ਹੇ ਹਰੀ!) ਝੂਠੇ ਮੋਹ ਤੇ ਬੁਰੇ ਅੰਤ ਵਾਲੀਆਂ ਆਸਾਂ ਅਤੇ ਵਿਕਾਰਾਂ ਦੀ ਮੰਦ ਵਾਸ਼ਨਾ। ਹੇ ਹਰੀ ਨਿਰੰਕਾਰ! (ਮੇਰੇ) ਧਰਮ ਦੀ ਰੱਖਿਆ ਕਰ, (ਮੇਰੇ) ਮਨ ਤੋਂ ਭਰਮ ਨਾਸ਼ ਕਰਕੇ (ਇਨ੍ਹਾਂ ਵਿਕਾਰਾਂ ਤੋਂ ਮੈਨੂੰ) ਮੁਕਰ ਕਰ ਦੇਹ।੫। ਜਿਨ੍ਹਾਂ ਮਨੁੱਖਾਂ ਕੋਲ ਪਹਿਨਣ ਵਾਸਤੇ ਕਪੜਾ ਵੀ ਨਹੀਂ ਸੀ ਹੁੰਦਾ, ਹਰੀ ਦੇ ਨਾਮ ਦਾ ਖਜਾਨਾ ਪਾ ਕੇ ਉਹ ਖਜਾਨਿਆਂ ਵਾਲੇ ਤੇ ਧਨੀਆਂ ਦੇ ਧਨੀ ਹੋ ਗਏ; ਧਨੀਆਂ ਦਾ ਆਸਰਾ ਬਣ ਗਏ ਹਨ (ਸੰ.ਸ.; ਫ.ਸ.; ਟਕਸਾਲ)। ਮਨ ਬਾਣੀ ਤੇ ਕਰਮ ਕਰਕੇ (ਜੋ ਮਨੁੱਖ) ਅਤਿਅੰਤ ਮੂਰਖ ਤੇ ਬੇਸਮਝ ਸਨ, ਉਹ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਗੁਣਾਂ ਦੀ ਮੱਤ ਵਾਲੇ ਅਤੇ ਧੀਰਜਵਾਨ ਹੋ ਗਏ ਹਨ।੬। ਜਗਤ ਦੇ ਮਾਲਕ ਪ੍ਰਭੂ ਨੂੰ ਜਪ ਕੇ ਜੀਵਨ ਮੁਕਤ ਹੋ ਜਾਈਦਾ ਹੈ, (ਇਸ ਲਈ) ਹੇ ਮਨ! ਤੂੰ ਹਿਰਦੇ ਵਿਚ ਭਰੋਸਾ ਰੱਖ। ਜੀਵਾਂ ਉਤੇ ਦਇਆ ਤੇ (ਗਰੀਬਾਂ ਤੇ) ਕ੍ਰਿਪਾ ਹੋਣੀ ਅਤੇ ਹਰੀ ਨੂੰ ਸਭ ਜਗ੍ਹਾ ਰਮਿਆ ਹੋਇਆ ਜਾਨਣਾ, ਇਹ ਬ੍ਰਹਮ ਗਿਆਨੀ ਪੁਰਖਾਂ ਦੀ ਰੀਤੀ ਹੈ।੭। (ਅਜੇਹੇ ਬ੍ਰਹਮ ਗਿਆਨੀ ਪੁਰਖਾਂ ਨੂੰ) ਹਰੀ ਦਰਸ਼ਨ ਦੇਂਦਾ ਹੈ, (ਕਿਉਂਕਿ ਉਹ) ਕੰਨਾਂ ਨਾਲ ਹਰੀ ਦਾ ਜਸ ਸੁਣਦੇ ਹਨ ਤੇ ਰਸਨਾਂ ਨਾਲ ਨਾਮ ਉਚਾਰਦੇ ਹਨ ।(ਅਤੇ ਉਹ) ਭਗਵਾਨ ਨੂੰ ਅੰਗ ਸੰਗ ਪਰਸਦਾ ਅਨੁਭਵ ਕਰਦੇ ਹਨ, ਨਾਨਕ ਗੁਰੂ ਜੀ ਆਖਦੇ ਹਨ (ਚਾਹੇ ਉਹ ਪਹਿਲਾਂ) ਪਤਿਤ ਵੀ ਹੋਣ ਤਾਂ ਵੀ ਪ੍ਰਭੂ (ਨਾਮ ਸਿਮਰਨ ਦਾ ਫਲ ਦੇ ਕੇ ਉਨ੍ਹਾਂ ਦਾ) ਉਧਾਰ ਕਰਦਾ ਹੈ।੮।੧।੨।੫।੧।੧।੨।੫੭।

ਪਦਾਰਥ = ਮਿਥਨ-ਝੂਠਾ। ਦੁਰੰਤ-ਬੁਰੇ ਅੰਤ ਵਾਲੀ (ਬੁਰਾ ਫਲ ਦੇਣ ਵਾਲੀ)। ਬਾਸਨਾ ਬਿਕਾਰ-ਵਿਕਾਰਾਂ ਦੀ ਮੰਦੀ ਵਾਸ਼ਨਾ। ਬਿਦਾਰਿ-ਨਾਸ਼ ਕਰਕੇ। ਤੇ-ਤੋਂ। ਉਧਰੁ-ਮੁਕਤ।੫। ਧਨਾਢਿ ਆਢਿ-ਧਨੀਆਂ ਦਾ ਧਨੀ; ਧਨਵਾਨਾਂ ਦਾ ਸਹਾਰਾ। ਭੰਡਾਰ-ਖਜਾਨਿਆਂ ਵਾਲੇ। ਹਰਿ ਨਿਧਿ-ਹਰੀ ਦੇ ਨਾਮ ਦਾ ਖਜਾਨਾ। ਹੋਤ ਨ-ਨਹੀਂ ਹੁੰਦਾ। ਚੀਰ-ਕੱਪੜਾ। ਖਲ-ਮੂਰਖ; ਨੀਚ। ਮੁਗਧ ਮੂੜ-ਅਤਿਅੰਤ ਮੂਰਖ। ਕਟਾਖ੍-ਮੇਹਰ ਦੀ ਨਜਰ ਨਾਲ। ਸ੍ਰੀ ਧਰ-ਲੱਛਮੀ ਦਾ ਪਤੀ (ਪ੍ਰਭੂ)। ਭਏ-ਹੋ ਗਏ। ਗੁਣ ਮਤਿ-ਗੁਣਾਂ ਦੀ ਮੱਤ ਵਾਲੇ। ਧੀਰ-ਧੀਰਜਵਾਨ।੬। ਜੀਵਨ ਮੁਕਤ-ਗ੍ਰਿਸਤ ਵਿਚ ਰਹਿੰਦਾ ਹੋਇਆ ਮਾਇਆ ਦੇ ਬੰਧਨਾਂ ਤੋਂ ਮੁਕਤ। ਜਗਦੀਸ-ਜਗਤ ਦਾ ਮਾਲਕ। ਧਾਰਿ-ਰੱਖ। ਰਿਦ-ਹਿਰਦੇ ਵਿਚ। ਪਰਤੀਤਿ-ਭਰੋਸਾ; ਸ਼ਰਧਾ। ਜੀਅ-ਜੀਵਾਂ ਉਤੇ। ਮਇਆ-ਕ੍ਰਿਪਾ। ਸਰਬਤ੍ਰ ਰਮਣੰ-ਸਭ ਜਗ੍ਹਾ ਰਮਿਆ ਹੋਇਆ। ਪਰਮ ਹੰਸਹ-(ਸੱਤ ਅਸੱਤ ਦਾ ਨਿਰਣਾ ਕਰਨ ਵਾਲਾ) ਬ੍ਰਹਮ ਗਿਆਨੀ ਦੀ। ਰੀਤਿ-ਸੁਭਾਉ; ਜੀਵਨ ਜੁਗਤ।੭ ।ਦੇਤ-ਦੇਂਦਾ ਹੈ। ਸ੍ਰਵਨ-ਕੰਨਾਂ ਨਾਲ। ਰਸਨ-ਜੀਭ ਨਾਲ। ਪਰਸਨ-ਛੋਹ। ਪਤਿਤ-ਪਾਪੀ। ਉਧਾਰੁ-ਮੁਕਤ।੮।੧।੨।੫।

ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ੴ ਸਤਿਗੁਰ ਪ੍ਰਸਾਦਿ ॥

ਇਹ ਵਾਰ ਸ਼੍ਰੀ ਗੁਰੂ ਅਮਰਦਾਸ ਜੀ ਦੀ ਕ੍ਰਿਤ ਹੈ, ਵਾਰ ਦੀ ਮੂਲ ਰਚਨਾ ਪਉੜੀਆਂ ਸਾਰੀਆਂ ਗੁਰੂ ਅਮਰਦਾਸ ਜੀ ਦੀ ਰਚਨਾ ਹਨ ,ਹਰੇਕ ਪਉੜੀ ਨਾਲ ਦੋ ਦੋ ਸਲੋਕ ਹਨ। ਪਉੜੀ ੪ ਨਾਲ ਜੋ ਪਹਿਲਾ ਸਲੋਕ ਹੈ, ਉਹ ਕਬੀਰ ਜੀ ਦੇ ਸਲੋਕਾਂ ਵਿਚ ੫੮ ਤੇ ੫੯ ਨੰਬਰ ਦੇ ਦੋ ਸਲੋਕ ਹਨ, ਪਰ ਇਥੇ ਦੋਵੇਂ ਸਲੋਕ ਇਕੱਠੇ ਇਕ ਸਲੋਕ ਵਿਚ ਹੀ ਦਿਤੇ ਹੋਏ ਹਨ। ਪਉੜੀ ੪ ਨਾਲ ਜੋ ਦੂਜਾ ਸਲੋਕ ਹੈ, ਉਹ ਮਹਲਾ ੩ ਦਾ ਹੈ, ਜੋ ਕਿ ਕਬੀਰ ਸਾਹਿਬ ਦੇ ੫੮ ਵੇਂ ਤੇ ੫੯ ਵੇਂ ਸਲੋਕ ਨਾਲ ਮਿਲਦਾ ਹੈ। ਇਹ ਸਾਰੇ ਸਲੋਕ ਗੁਰੂ ਅਰਜਨ ਦੇਵ ਜੀ ਨੇ ਇਥੇ ਇਸ ਲਈ ਦਰਜ ਕੀਤੇ ਹਨ ਕਿਉਂਕਿ ਇਨ੍ਹਾਂ ਦੇ ਭਾਵ ਪਉੜੀ ੪ ਨਾਲ ਮਿਲਦੇ ਹਨ। ਇਸ ਵਾਰ ਵਿਚ ਬਾਕੀ ਦੇ ਸਾਰੇ ਸਲੋਕ ਮਹੱਲਾ ੩ ਦੀ ਹੀ ਕ੍ਰਿਤ ਹਨ ਅਤੇ ਵਾਰ ਦੀਆਂ ੨੨ ਪਉੜੀਆਂ ਹਨ ਤੇ ੪੪ ਸਲੋਕ ਹਨ।

ਵਾਰ ਨੂੰ ਸਿਕੰਦਰ ਬਿਰਾਹਿਮ ਦੀ ਵਾਰ ਦੀ ਧੁਨੀ ਉਤੇ ਗਾਉਣ ਦੀ ਆਗਿਆ ਹੈ। ਸਿਕੰਦਰ ਤੇ ਬਿਰਾਹਿਮ ਦੋਵੇਂ ਰਾਜੇ ਸਨ ਤੇ ਸ਼ਰੀਕੇ

ਵਿਚ ਭਰਾ ਲਗਦੇ ਸਨ, ਸਿਕੰਦਰ ਧਰਮੀ ਸੀ ਤੇ ਬਿਰਾਹਿਮ ਵਿਭਚਾਰੀ ਸੀ। ਇਸਦੇ ਸ਼ਹਿਰ ਵਿਚ ਜਦ ਕੋਈ ਨਵਾਂ ਡੋਲਾ ਆਉਂਦਾ ਸੀ ਤਾਂ ਉਸ ਨੂੰ ਪਹਿਲਾਂ ਅਪਣੇ ਮਹਿਲ ਵਿਚ ਬੁਲਾ ਕੇ ਉਸਦਾ ਸਤ ਭੰਗ ਕਰਦਾ ਸੀ ਤੇ ਬਾਦ ਵਿਚ ਉਸ ਦੇ ਪਤੀ ਦੇ ਘਰ ਵਿਚ ਭੇਜਦਾ ਸੀ। ਇਕ ਸਮੇਂ ਇਕ ਬ੍ਰਾਹਮਣ ਦੇ ਲੜਕੇ ਦਾ ਵਿਆਹ ਹੋਇਆ, ਤਾਂ ਬਿਰਾਹਿਮ ਨੇ ਅਪਣਾ ਬੰਦਾ ਭੇਜ ਕੇ ਨਵੀਂ ਵਿਆਹੀ ਵਹੁਟੀ ਨੂੰ ਅਪਣੇ ਮਹਿਲ ਵਿਚ ਬੁਲਾਇਆ। ਬ੍ਰਾਹਮਣ ਅਪਣੀ ਇੱਜਤ ਬਚਾਉਣ ਲਈ ਸਿਕੰਦਰ ਦੀ ਸ਼ਰਣ ਵਿਚ ਗਿਆ ਤੇ ਵਿਭਚਾਰੀ ਬਿਰਾਹਿਮ ਦੇ ਕੀਤੇ ਜੁਲਮਾਂ ਦੀ ਸਾਰੀ ਕਹਾਣੀ ਸੁਣਾਈ। ਸਿਕੰਦਰ ਨੇ ਬਿਰਾਹਿਮ ਉਤੇ ਚੜ੍ਹਾਈ ਕੀਤੀ, ਉਸ ਨੂੰ ਹਰਾ ਕੇ ਕੈਦ ਕਰ ਲਿਆ। ਸਿਕੰਦਰ ਨੇ ਇਸ ਨੂੰ ਧਾਰਮਕ ਸਿਖਿਆ ਦੇ ਨੇਕ ਇਨਸਾਨ ਬਣਾ ਦਿਤਾ, ਕੈਦ ਦੇ ਦੁੱਖਾਂ ਨੇ ਵੀ ਇਸ ਨੂੰ ਅਪਣੇ ਕੀਤੇ ਤੇ ਪਛਤਾਵਾ ਕਰਨ ਲਈ ਮਜਬੂਰ ਕੀਤਾ। ਅਖੀਰ ਬਿਰਾਹਿਮ ਨੇ ਬੁਰਿਆਈਆਂ ਦਾ ਤਿਆਗ ਕਰਕੇ ਸਿਕੰਦਰ ਕੋਲੋਂ ਮਾਫੀ ਮੰਗੀ। ਸਿਕੰਦਰ ਨੇ ਇਸ ਨੂੰ ਰਿਹਾ ਕਰ ਦਿਤਾ, ਜਿਸ ਪਿਛੋਂ ਬਿਹਾਹਿਮ ਨੇ ਇਕ ਚੰਗਾ ਰਾਜ ਪ੍ਰਬੰਧ ਚਲਾਇਆ।
ਢਾਢੀਆਂ ਨੇ ਇਨ੍ਹਾਂ ਦੋਹਾਂ ਵਿਚਕਾਰ ਹੋਏ ਜੰਗ ਦੀ ਵਾਰ ਗਾਈ = ਪਾਪੀ ਖਾਨ ਬਿਰਾਹਿਮ ਪਰ ਚੜ੍ਹਿਆ ਸਿਕੰਦਰ।

ਭੇੜ ਦੁਹਾਂ ਦਾ ਮੱਚਿਆ, ਬਡ ਰਣ ਦੇ ਅੰਦਰ। ਫੜਿਆ ਖਾਨ ਬਿਰਾਮ ਨੂੰ ,ਕਰ ਬਡ ਅਡੰਬਰ।
ਬੱਧਾ ਸੰਗਲ ਪਾਇ ਕੈ, ਜਨ ਕੀਲੇ ਬੰਦਰ। ਅਪਣਾ ਹੁਕਮ ਮਨਾਇਕੈ, ਛੱਡਿਆ ਜਗ ਅੰਦਰ।

ਸਲੋਕੁ ਮਃ ੩ ॥ ਇਹੁ ਜਗਤੁ ਮਮਤਾ ਮੁਆ, ਜੀਵਣ ਕੀ ਬਿਧਿ ਨਾਹਿ ॥ ਗੁਰ ਕੈ ਭਾਣੈ ਜੋ ਚਲੈ, ਤਾਂ ਜੀਵਣ ਪਦਵੀ ਪਾਹਿ ॥ ਓਇ ਸਦਾ ਸਦਾ ਜਨ ਜੀਵਤੇ, ਜੋ ਹਰਿ ਚਰਣੀ ਚਿਤੁ ਲਾਹਿ ॥ ਨਾਨਕ ਨਦਰੀ ਮਨਿ ਵਸੈ, ਗੁਰਮੁਖਿ ਸਹਜਿ ਸਮਾਹਿ ॥੧॥ ਇਹ ਜਗਤ ਮਮਤਾ ਵਿਚ ਮਰਿਆ ਪਿਆ ਹੈ, (ਇਸ ਨੂੰ ਨਾਮ ਸਿਮਰ ਕੇ) ਜਿਉਣ ਦਾ ਤਰੀਕਾ ਨਹੀਂ ਆਉਂਦਾ। ਜੋ ਮਨੁੱਖ ਗੁਰੂ ਦੇ ਭਾਣੇ ਵਿਚ ਚਲਦਾ ਹੈ, ਤਾਂ (ਉਹ) ਜੀਵਨ ਪਦਵੀ (ਮੁਕਤ ਪਦਵੀ) ਪਾ ਲੈਂਦਾ ਹੈ। ਉਹ ਪੁਰਖ ਸਦਾ ਸਦਾ ਜਿਉਂਦੇ ਹਨ, ਜੋ ਹਰੀ ਦੇ ਚਰਣਾਂ ਵਿਚ ਚਿਤ ਲਾਉਂਦੇ ਹਨ। ਨਾਨਕ ਗੁਰੂ ਜੀ ਆਖਦੇ ਕਿ ਮੇਹਰ ਦੀ ਨਜਰ ਕਰਨ ਵਾਲਾ ਹਰੀ (ਉਨ੍ਹਾਂ ਦੇ) ਮਨ ਵਿਚ ਆ ਵਸਦਾ ਹੈ, (ਅਜੇਹੇ) ਗੁਰਮੁਖ ਸਹਿਜ ਪਦ ਵਿਚ ਜਾ ਸਮਾਉਂਦੇ ਹਨ (ਸਹਿਜ ਵਿਚ ਸਮਾਉਣਾ ਸਦੀਵੀ ਜੀਵਨ ਹੈ)।੧।
ਮਃ ੩ ॥ ਅੰਦਰਿ ਸਹਸਾ ਦੁਖੁ ਹੈ, ਆਪੈ ਸਿਰਿ ਧੰਧੈ ਮਾਰ ॥ ਦੂਜੈ ਭਾਇ ਸੁਤੇ ਕਬਹਿ ਨ ਜਾਗਹਿ, ਮਾਇਆ ਮੋਹ ਪਿਆਰ ॥ (ਮਨਮੁੱਖਾਂ ਦੇ) ਅੰਦਰ ਸੰਸੇ ਦਾ ਦੁਖ ਹੈ, ਉਹ ਆਪੇ ਅਪਣੇ ਸਿਰ ਤੇ ਧੰਧਿਆਂ ਦੀ ਮਾਰ ਪਵਾਉਂਦੇ ਹਨ। (ਉਹ) ਦੁਐਤ ਭਾਵ ਵਿਚ ਸੁੱਤੇ ਰਹਿੰਦੇ ਹਨ ਤੇ ਕਦੇ ਜਾਗਦੇ ਹੀ ਨਹੀਂ, (ਕਿਉਂਕਿ ਅਗਿਆਨ ਕਰਕੇ ਉਨ੍ਹਾਂ ਨੂੰ) ਮੋਹਣੀ ਮਾਇਆ ਦਾ ਪਿਆਰ ਹੈ।
ਅੰਗ ੫੦੯ = ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਆਚਾਰੁ ॥ ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ, ਨਾਨਕ ਜਮੁ ਮਾਰਿ ਕਰੇ ਖੁਆਰ ॥੨॥ (ਉਹ) ਨਾਮ ਨੂੰ ਨਹੀਂ ਸਿਮਰਦੇ ਤੇ ਨਾ ਹੀ ਗੁਰੂ ਦੇ ਸ਼ਬਦ ਨੂੰ ਵਿਚਾਰਦੇ ਹਨ, ਮਨਮੁਖਾਂ ਦਾ ਇਹ ਕਰਮ ਹੈ। (ਉਨ੍ਹਾਂ ਨੇ ਗੁਰੂ ਪਾਸੋਂ) ਨਾਮ ਨਹੀਂ ਪ੍ਰਾਪਤ ਕੀਤਾ, (ਇਸ ਲਈ ਅਪਣਾ ਮਨੁੱਖਾ) ਜਨਮ ਬਿਰਥਾ ਗੁਆ ਲਿਆ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਐਸੇ ਮਨਮੁਖਾਂ ਨੂੰ ਅੰਤ ਸਮੇਂ) ਜਮ ਮਾਰ ਕੇ ਖੁਆਰ ਕਰਦਾ ਹੈ।੨।
ਪਦਾਰਥ = ਮਮਤਾ–ਮੈਂ ਮੇਰੀ; ਅਪਣੱਤ। ਬਿਧਿ–ਤਰੀਕਾ; ਜੁਗਤੀ। ਨਾਹਿ–ਨਹੀਂ। ਭਾਣੈ–ਭਾਣੇ ਵਿਚ। ਜੀਵਨ ਪਦਵੀ–ਅਮਰ ਪਦਵੀ ।ਪਾਹਿ–ਪਾ ਲੈਂਦੇ ਹਨ। ਓਇ–ਉਹ। ਜਨ–ਮਨੁੱਖ। ਜੀਵਤੇ–ਜਿਉਂਦੇ ਹਨ। ਲਾਹਿ–ਲਾਉਂਦੇ ਹਨ। ਨਦਰੀ–ਮੇਹਰ ਦੀ ਨਜਰ ਕਰਨ ਵਾਲਾ। ਸਹਜਿ–ਸਹਿਜ ਪਦ ਵਿਚ। ਸਮਾਹਿ–ਸਮਾਉਂਦੇ (ਮਿਲ ਜਾਂਦੇ) ਹਨ।੧। ਸਹਸਾ–ਸੰਸਾ; ਸ਼ੱਕ। ਆਪੈ ਸਿਰਿ–ਆਪੇ ਅਪਣੇ ਸਿਰ ਉਤੇ। ਧੰਧੈ ਮਾਰ–ਧੰਧਿਆਂ ਦੀ ਮਾਰ। ਦੂਜੈ ਭਾਇ–ਦੁਐਤ ਭਾਵ (ਭੇਦ ਭਾਵ); ਹਰੀ ਤੇ ਜੀਵ ਨੂੰ ਅਲੱਗ ਮੰਨਣ ਦਾ ਭਾਵ। ਕਬਹਿ–ਕਦੇ ਵੀ। ਨ ਚੇਤਹਿ–ਨਹੀਂ ਸਿਮਰਦੇ। ਆਚਾਰੁ–ਕਰਮ; ਵਿਹਾਰ; ਰਹਿਣੀ। ਕਰੇ ਖੁਆਰ–ਬੇਇੱਜਤ ਕਰਦਾ ਹੈ।੨।
ਪਉੜੀ ॥ ਆਪਣਾ ਆਪੁ ਉਪਾਇਓਨੁ ,ਤਦਹੁ ਹੋਰੁ ਨ ਕੋਈ ॥ ਮਤਾ ਮਸੂਰਤਿ ਆਪਿ ਕਰੇ, ਜੋ ਕਰੇ ਸੁ ਹੋਈ ॥ ਤਦਹੁ ਆਕਾਸੁ ਨ ਪਾਤਾਲੁ ਹੈ, ਨਾ ਤ੍ਰੈ ਲੋਈ ॥ ਤਦਹੁ ਆਪੇ ਆਪਿ ਨਿਰੰਕਾਰੁ ਹੈ, ਨਾ ਓਪਤਿ ਹੋਈ ॥ ਜਿਉ ਤਿਸੁ ਭਾਵੈ ਤਿਵੈ ਕਰੇ, ਤਿਸੁ ਬਿਨੁ ਅਵਰੁ ਨ ਕੋਈ ॥੧॥ (ਜਦ ਪ੍ਰਭੂ ਨੇ) ਆਪਣੇ ਆਪ ਨੂੰ ਪੈਦਾ ਕੀਤਾ ਸੀ (ਅਫੁਰ ਤੋਂ ਰਚਨਹਾਰ ਹੋਇਆ) {ਅਵਿਗਤੋ ਨਿਰਮਾਇਲੁ ਉਪਜੇ, ਨਿਰਗੁਣ ਤੇ ਸਰਗੁਣੁ ਥੀਆ ੯੪੦}, ਉਦੋਂ (ਉਸ ਤੋਂ ਬਿਨਾ ਦੂਜਾ) ਹੋਰ ਕੋਈ ਨਹੀਂ ਸੀ। ਸਲਾਹ ਮਸ਼ਵਰਾ (ਵੀ ਅਪਣੇ ਨਾਲ) ਆਪ ਹੀ ਕਰਦਾ ਸੀ, ਜੋ ਕੁਛ ਉਹ ਕਰਦਾ ਸੀ, ਉਹ ਹੀ ਹੁੰਦਾ ਸੀ। ਤਦੋਂ ਨਾ ਅਕਾਸ਼ ਸੀ ਤੇ ਨਾ ਪਤਾਲ ਸੀ ਅਤੇ ਨਾ ਹੀ ਤਿੰਨ ਲੋਕ (ਮਾਤ ਲੋਕ, ਪਤਾਲ ਤੇ ਪ੍ਰਲੋਕ ਹੋਂਦ ਵਿਚ ਆਏ) ਸਨ। ਤਦੋਂ ਨਿਰੰਕਾਰ ਆਪੇ ਆਪ ਹੀ ਸੀ ਤੇ (ਉਦੋਂ) ਕੋਈ ਉਤਪਤੀ ਵੀ ਨਹੀਂ ਸੀ ਹੋਈ। ਉਸ ਨਿਰੰਕਾਰ ਨੂੰ ਜਿਵੇਂ ਭਾਉਂਦਾ ਹੈ, ਤਿਵੇਂ ਕਰਦਾ ਹੈ, ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ।੧।

ਪਦਾਰਥ = ਉਪਾਇਓਨੁ–ਪੈਦਾ ਕੀਤਾ ਉਸ (ਪ੍ਰਭੂ) ਨੇ।ਤਦਹੁ–ਤਦੋਂ।ਮਤਾ ਮਸੂਰਤ–ਸਲਾਹ ਮਸ਼ਵਰਾ।ਨਿਰੰਕਾਰ–ਅਕਾਰ ਰਹਿਤ ਪ੍ਰਮਾਤਮਾ।ਤ੍ਰੈ ਲੋਈ–ਤਿੰਨ ਲੋਕ।ਓਪਤਿ–ਉਤਪਤੀ (ਸ੍ਰਿਸਟੀ ਰਚਨਾ)।ਭਾਵੈ–ਚੰਗਾ ਲਗਦਾ ਹੈ।ਅਵਰੁ–ਹੋਰ ਦੂਜਾ।੧।

ਸਲੋਕੁ ਮਃ ੩ ॥ ਸਾਹਿਬੁ ਮੇਰਾ ਸਦਾ ਹੈ, ਦਿਸੈ ਸਬਦੁ ਕਮਾਇ ॥ ਓਹੁ ਅਉਹਾਣੀ ਕਦੇ ਨਾਹਿ, ਨਾ ਆਵੈ ਨਾ ਜਾਇ ॥ ਸਦਾ ਸਦਾ ਸੋ ਸੇਵੀਐ, ਜੋ ਸਭ ਮਹਿ ਰਹੈ ਸਮਾਇ ॥ ਅਵਰੁ ਦੂਜਾ ਕਿਉ ਸੇਵੀਐ, ਜੰਮੈ ਤੈ ਮਰਿ ਜਾਇ ॥ ਨਿਹਫਲੁ ਤਿਨ ਕਾ ਜੀਵਿਆ, ਜਿ ਖਸਮੁ ਨ ਜਾਣਹਿ ਆਪਣਾ, ਅਵਰੀ ਕਉ ਚਿਤੁ ਲਾਇ ॥ ਨਾਨਕ ਏਵ ਨ ਜਾਪਈ, ਕਰਤਾ ਕੇਤੀ ਦੇਇ ਸਜਾਇ ॥੧॥

ਮਃ ੩ ॥ ਸਚਾ ਨਾਮੁ ਧਿਆਈਐ, ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ, ਤਾ ਫਲੁ ਪਾਵੈ ਸਚੁ ॥ ਕਥਨੀ ਬਦਨੀ ਕਰਤਾ ਫਿਰੈ, ਹੁਕਮੈ ਮੂਲਿ ਨ ਬੁਝਈ, ਅੰਧਾ ਕਚੁ ਨਿਕਚੁ ॥੨॥ (ਹੇ ਭਾਈ!) ਮੇਰਾ ਸਾਹਿਬ ਸਦਾ (ਰਹਿਣ ਵਾਲਾ) ਹੈ, ਉਹ ਦਿਸਦਾ ਤਾਂ ਹੈ, ਜੇ ਕੋਈ ਮਨੁੱਖ ਸ਼ਬਦ ਨੂੰ ਕਮਾਵੇ (ਸ਼ਬਦ ਦੀ ਕਮਾਈ ਕਰੇ)।ਉਹ ਕਦੇ ਵੀ ਨਾਸ਼ ਨਹੀਂ ਹੁੰਦਾ; ਉਸ ਦੇ ਬਰਾਬਰ ਦਾ ਕਦੇ ਨਹੀਂ ਕੋਈ ਹੋਇਆ ਅਤੇ ਨਾ ਉਹ ਆਉਂਦਾ ਹੈ ਤੇ ਨਾ ਜਾਂਦਾ ਹੈ (ਜੰਮਦਾ ਮਰਦਾ ਨਹੀਂ)।ਉਸ ਪ੍ਰਭੂ ਦੀ ਸੇਵਾ ਭਗਤੀ ਸਦਾ ਕਰਨੀ ਚਾਹੀਦੀ ਹੈ, ਜੋ ਸਭ ਵਿਚ ਸਮਾ ਰਿਹਾ ਹੈ।(ਪ੍ਰਭੂ ਨੂੰ ਛਡ ਕੇ) ਕਿਸੇ ਹੋਰ ਦੂਜੇ ਦੀ ਸੇਵਾ ਕਿਉਂ ਕਰੀਏ? ਜਿਹੜਾ ਜੰਮਦਾ ਤੇ ਫਿਰ ਮਰ ਜਾਂਦਾ ਹੈ।ਜਿਹੜੇ ਅਪਣੇ ਖਸਮ ਨੂੰ ਨਹੀਂ ਜਾਣਦੇ, (ਖਸਮ ਨੂੰ ਛਡ ਕੇ) ਹੋਰਨਾਂ (ਦੇਵੀ ਦੇਵਤਿਆਂ ਜਾਂ ਨਾਸ਼ਵੰਤ ਪਦਾਰਥਾਂ ਵਿਚ) ਚਿਤ ਲਾਉਂਦੇ ਹਨ, ਉਨ੍ਹਾਂ ਮਨੁੱਖਾਂ ਦਾ ਜਿਉਣਾ ਨਿਸਫਲ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਅਜੇਹੇ ਬੰਦਿਆਂ ਨੂੰ) ਕਰਤਾਰ ਕਿਤਨੀ ਸਜਾ ਦੇਵੇਗਾ? ਇਹ ਵੀ ਜਾਣਿਆ ਨਹੀਂ ਜਾ ਸਕਦਾ (ਬੇਮੁਖਾਂ ਨੂੰ ਬਹੁਤ ਸਜਾ ਦੇਂਦਾ ਹੈ)।੧।

ਮਃ ੩ ॥ (ਹੇ ਭਾਈ!) ਸੱਚਾ ਪ੍ਰਭੂ ਸਭ ਜਗ੍ਹਾ ਵਰਤ ਰਿਹਾ ਹੈ, (ਉਸ ਦਾ) ਸੱਚਾ ਨਾਮ ਧਿਆਉਣਾ ਚਾਹੀਦਾ ਹੈ।(ਉਸ ਦਾ ਨਾਮ ਜਪ ਕੇ ਤੇ) ਹੁਕਮ ਬੁਝ ਕੇ (ਉਸ ਦੇ ਦਰ ਤੇ) ਪ੍ਰਵਾਨ ਹੋਵੇ ਤਾਂ (ਕੋਈ ਮਨੁੱਖ ਮੁਕਤੀ ਰੂਪ) ਸੱਚਾ ਫਲ ਪ੍ਰਾਪਤ ਕਰਦਾ ਹੈ।(ਪਰ ਜੇ ਕੋਈ ਮਨੁੱਖ ਅਮਲ ਤੋਂ ਬਿਨਾ) ਮੂੰਹ ਜਬਾਨੀ ਗੱਲਾਂ ਕਰਦਾ ਫਿਰਦਾ ਹੈ ਤੇ (ਪ੍ਰਭੂ ਦੇ) ਹੁਕਮ ਨੂੰ ਬਿਲਕੁਲ ਨਹੀਂ ਸਮਝਦਾ ਤਾਂ ਉਹ ਅੰਨ੍ਹਾ (ਅਗਿਆਨੀ) ਹੈ ਅਤੇ ਕੱਚਿਆਂ ਤੋਂ ਵੀ ਕੱਚਾ (ਅਤਿਅੰਤ ਚੰਚਲ) ਹੈ।੨।

ਅਉਹਾਣੀ = ਨਾਸ਼ਵੰਤ; ਹਾਣੀ (ਬਰਾਬਰ ਦਾ)।ਉਸ ਨੂੰ ਕਦੇ ਕੋਈ ਹਾਨੀ ਨਹੀਂ ਪਹੁੰਚਾ ਸਕਦਾ (ਸੰਪ੍ਰਦਾਵਾਂ ਦੇ ਇਹ ਅਰਥ ਹਨ)।

ਪਦਾਰਥ = ਦਿਸੈ–ਦਿਸਦਾ ਹੈ।ਨਾ ਆਵੈ–ਆਉਂਦਾ (ਜੰਮਦਾ) ਨਹੀਂ।ਨਾ ਜਾਇ–ਜਾਂਦਾ (ਮਰਦਾ) ਨਹੀਂ।ਸੋ–ਉਹ (ਉਸ ਨੂੰ)।ਰਹੈ ਸਮਾਇ–ਵਿਆਪਕ ਹੋ ਰਿਹਾ ਹੈ।ਸੇਵੀਐ–ਪੂਜੀਏ।ਅਵਰੁ–ਹੋਰ।ਤੈ–ਅਤੇ।ਜਿ–ਜਿਹੜੇ।ਖਸਮੁ–ਮਾਲਕ ਪ੍ਰਭੂ।ਅਵਰੀ ਕਉ–ਹੋਰਨਾਂ ਤਾਈਂ (ਦੂਜਿਆਂ ਵਿਚ)।ਏਵ–ਇਹ; ਇਸ ਪ੍ਰਕਾਰ।ਨ ਜਾਪਈ–ਜਾਣਿਆ ਨਹੀਂ ਜਾਂਦਾ।ਕੇਤੀ–ਕਿਤਨੀ।੧।ਸਭੋ–ਸਭ ਜਗ੍ਹਾ ।ਵਰਤੈ–ਵਰਤ (ਵਿਆਪਕ ਹੋ) ਰਿਹਾ ਹੈ।ਕਥਨੀ–ਗੱਲਾਂ।ਬਦਨੀ–ਮੂੰਹ ਨਾਲ।ਕਰਤਾ ਫਿਰੈ–ਕਰਦਾ ਫਿਰਦਾ ਹੈ।ਮੂਲਿ ਨ–ਬਿਲਕੁਲ ਨਹੀਂ।ਅੰਧਾ–ਅੰਨ੍ਹਾ (ਅਗਿਆਨੀ)।ਕਚੁ ਨਿਕਚੁ–ਅਤਿਅੰਤ ਕੱਚਾ; ਸ਼ਰਧਾ ਹੀਣ; ਬਹੁਤ ਚੰਚਲ।੨।

ਪਉੜੀ ॥ ਸੰਜੋਗੁ ਵਿਜੋਗੁ ਉਪਾਇਓਨੁ ,ਸ੍ਰਿਸਟੀ ਕਾ ਮੂਲੁ ਰਚਾਇਆ ॥ ਹੁਕਮੀ ਸ੍ਰਿਸਟਿ ਸਾਜੀਅਨੁ ,ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ, ਸਤਿਗੁਰਿ ਸਬਦੁ ਸੁਣਾਇਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ, ਸਿਰਿ ਧੰਧੈ ਲਾਇਆ ॥ ਮਾਇਆ ਕਾ ਮੂਲੁ ਰਚਾਇਓਨੁ ,ਤੁਰੀਆ ਸੁਖੁ ਪਾਇਆ ॥੨॥ ਉਸ ਪ੍ਰਭੂ ਨੇ ਮਿਲਾਪ ਤੇ ਵਿਛੋੜੇ ਰੂਪ ਨਿਯਮ ਪੈਦਾ ਕੀਤੇ ਤੇ (ਇਸ ਤਰ੍ਹਾਂ) ਸ੍ਰਿਸਟੀ ਦਾ ਮੁੱਢ ਬੰਨ੍ਹਿਆ।(ਉਸ ਨੇ ਅਪਣੇ) ਹੁਕਮ ਨਾਲ ਸ੍ਰਿਸਟੀ ਦੀ ਸਾਜਨਾ ਕੀਤੀ ਅਤੇ ਜੋਤੀ ਸਰੂਪ ਪ੍ਰਭੂ ਨੇ (ਸਾਰੀ ਰਚਨਾ ਵਿਚ ਅਪਣੀ) ਜੋਤ ਮਿਲਾਈ।(ਪ੍ਰਭੂ ਦੀ) ਜੋਤ ਕਰਕੇ ਹੀ ਸਭ ਨੂੰ ਚਾਨਣਾ (ਜੀਵਨ ਤੇ ਗਿਆਨ) ਮਿਲ ਰਿਹਾ ਹੈ, (ਮੈਨੂੰ ਇਹ) ਉਪਦੇਸ਼ ਸਤਿਗੁਰੂ ਨੇ ਸੁਣਾਇਆ ਹੈ।ਬ੍ਰਹਮ, ਵਿਸ਼ਨੂੰ ਤੇ ਮਹੇਸ਼ ਪੈਦਾ ਕਰਕੇ (ਉਨ੍ਹਾਂ ਨੂੰ ਵੀ) ਤਿੰਨ ਗੁਣਾਂ ਦੇ ਧੰਧੇ ਵਿਚ ਲਾ ਦਿਤਾ।(ਇਸ ਤਰ੍ਹਾਂ) ਉਸ ਪ੍ਰਭੂ ਨੇ ਮਾਇਆ ਦਾ ਮੁੱਢ ਰਚਿਆ, (ਪਰ ਉਸ ਮਨੁੱਖ ਨੇ) ਸੁਖ ਪਾਇਆ ਹੈ, (ਜਿਹੜਾ ਤਿੰਨ ਗੁਣਾਂ ਵਿਚੋਂ ਉਪਰ ਉਠ ਕੇ) ਤੁਰੀਆ ਪਦ ਵਿਚ ਜਾ ਪਹੁੰਚਿਆ ਹੈ।੨।

ਪਦਾਰਥ = ਸੰਜੋਗੁ–ਮਿਲਾਪ।ਵਿਜੋਗੁ–ਵਿਛੋੜਾ।ਉਪਾਇਓਨੁ–ਪੈਦਾ ਕੀਤਾ ਉਸ ਨੇ।ਮੂਲੁ–ਮੁੱਢ।ਰਚਾਇਆ–ਬੰਨ੍ਹਿਆ (ਪੈਦਾ ਕੀਤਾ)।ਹੁਕਮੀ–ਹੁਕਮ ਨਾਲ।ਸਾਜੀਅਨੁ–ਸਾਜੀ ਉਸ ਨੇ।ਜੋਤੀ–ਜੋਤ ਸਰੂਪ ਪ੍ਰਭੂ ਨੇ।ਜੋਤਿ–ਚੇਤਨ ਸੱਤਾ।ਜੋਤੀ ਹੂੰ–ਜੋਤ ਤੋਂ ਹੀ। ਸਤਿਗੁਰਿ–ਸਤਿਗੁਰੂ ਨੇ।ਤ੍ਰੈ ਗੁਣ–ਰਜੋ ਤਮੋ ਤੇ ਸਤੋ ਤਿੰਨ ਗੁਣ।ਸਿਰਿ–ਸਿਰਜ ਕੇ।ਰਚਾਇਓਨੁ–ਉਸ ਨੇ ਰਚਿਆ।ਤੁਰੀਆ–(ਤਿੰਨਾਂ ਗੁਣਾਂ ਤੋਂ ਉਚੇ) ਚੌਥੇ ਪਦ ਵਿਚ (ਗਿਆਨ ਅਵਸਥਾ)।੨।

ਵਿਆਖਿਆ = ਪਹਿਲੀ ਪਉੜੀ ਵਿਚ ਨਿਰਗੁਣ ਤੋਂ ਸਰਗੁਣ ਹੋਣ ਦੀ ਗੱਲ ਕਹੀ ਸੀ, ਹੁਣ ਇਸ ਪਉੜੀ ਵਿਚ 'ਦੁਯੀ ਕੁਦਰਤਿ

ਸਾਜੀਐ' ਦੀ ਹੀ ਵਿਆਖਿਆ ਕੀਤੀ ਹੈ।ਅੱਗੇ ਤਿੰਨ ਗੁਣ ਤੇ ਮਿਲਨ ਵਿਛੜਨ ਦੇ ਨੀਯਮਾਂ ਦੀ ਰਚਨਾ ਹੋਈ।ਇਸ ਪ੍ਰਕਾਰ ਨਾਨਾ ਪ੍ਰਕਾਰ ਦੀ ਸ੍ਰਿਸਟੀ ਰਚੀ ਗਈ, ਇਹ ਸਭ ਕੁਝ ਆਪੇ ਹੋਂਦ ਵਿਚ ਨਹੀਂ ਆਇਆ।ਕਰਤਾਰ ਨੇ ਅਪਣੇ ਹੁਕਮ ਦੁਆਰਾ ਸਭ ਕੁਝ ਰਚਿਆ ਹੈ, ਉਸ ਦਾ ਹੁਕਮ ਉਸ ਦੀ ਸੱਤਿਆ ਹੈ, ਜਿਸ ਤੋਂ ਸਾਰਾ ਜਗਤ ਕਿਰਿਆਸ਼ੀਲ ਹੈ।ਜੋ ਬ੍ਰਹਮਾ, ਬਿਸ਼ਨੂੰ ਤੇ ਮਹੇਸ਼ ਸ੍ਰਿਸਟੀ ਦੇ ਕਰਤਾ, ਪਾਲਕ ਤੇ ਨਾਸ਼ਕ ਕਹੇ ਜਾਂਦੇ ਹਨ, ਉਹ ਵੀ ਤਿੰਨਾਂ ਗੁਣਾਂ ਦੀ ਰਚਨਾ ਵਿਚੋਂ ਹਨ।ਇਹ ਤਿੰਨੇ ਦੇਵਤੇ ਜਗਤ ਦੇ ਕੰਮ ਚਲਾਊ ਕਾਮੇ ਹਨ, ਜੋ ਕਰਤਾਰ ਨੇ ਧੰਧਿਆਂ ਵਿਚ ਲਾਏ ਹਨ।ਇਹ ਤਿੰਨੇ ਦੇਵਤੇ ਸੁਤੰਤਰ ਨਹੀਂ ਹਨ, ਰੱਬ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ।ਰਚਨਾ ਵਿਚ ਦੁਖ ਵੀ ਹੈ, ਤਿੰਨਾਂ ਗੁਣ ਤੋਂ ਉਚਾ ਉਠੇ ਹੋਏ ਮਨੁੱਖ ਨੂੰ ਚੌਥੇ ਪਦ ਵਿਚ ਸੁਖ ਮਿਲਦਾ ਹੈ।

ਸਲੋਕੁ ਮਃ ੩ ॥ ਸੋ ਜਪੁ ਸੋ ਤਪੁ ,ਜਿ ਸਤਿਗੁਰ ਭਾਵੈ ॥ ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥ ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥ (ਹੇ ਭਾਈ!) ਉਹ ਜਪ ਤੇ ਉਹ ਤਪ ਪ੍ਰਵਾਨ ਹੈ, ਜਿਹੜਾ ਸਤਿਗੁਰੂ ਨੂੰ ਚੰਗਾ ਲਗਦਾ ਹੈ (ਗੁਰੂ ਦੀ ਆਗਿਆ ਦਾ ਪਾਲਨ ਕਰਨਾ ਹੀ ਜਪ ਤੇ ਤਪ ਹੈ)।ਸਤਿਗੁਰੂ ਦੇ ਹੁਕਮ ਵਿਚ ਚੱਲਣ ਵਾਲਾ (ਗੁਰਸਿੱਖ) ਵਡਿਆਈ ਪਾਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹਾ ਗੁਰਸਿੱਖ) ਆਪਾ ਭਾਵ ਛਡ ਕੇ ਗੁਰੂ ਵਿਚ ਸਮਾ ਜਾਂਦਾ ਹੈ (ਗੁਰੂ ਦਾ ਹੀ ਰੂਪ ਹੋ ਜਾਂਦਾ ਹੈ)।੧।

ਮਃ ੩ ॥ ਗੁਰ ਕੀ ਸਿਖ ਕੋ ਵਿਰਲਾ ਲੇਵੈ ॥ ਨਾਨਕ ਜਿਸੁ ਆਪਿ ਵਡਿਆਈ ਦੇਵੈ ॥੨॥ (ਹੇ ਭਾਈ!) ਗੁਰੂ ਦੀ ਸਿੱਖਿਆ ਕੋਈ ਵਿਰਲਾ (ਮਨੁੱਖ) ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਸਿਖਿਆ ਦੀ) ਵਡਿਆਈ ਉਸ ਮਨੁੱਖ ਨੂੰ ਮਿਲਦੀ ਹੈ, ਜਿਸ ਨੂੰ ਪ੍ਰਭੂ ਆਪ (ਕ੍ਰਿਪਾ ਕਰਕੇ) ਦੇਂਦਾ ਹੈ।੨।

ਪਦਾਰਥ = ਸੋ–ਉਹ।ਜਪੁ–ਮੰਤ੍ਰਾਂ ਦਾ ਜਾਪ।ਤਪੁ–ਤਪੱਸਿਆ।ਜਿ–ਜਿਹੜਾ।ਭਾਵੈ–ਚੰਗਾ ਲਗਦਾ ਹੈ।ਭਾਣੈ–ਹੁਕਮ ਵਿਚ।ਆਪੁ–ਆਪਾ ਭਾਵ।ਸਮਾਵੈ–ਮਿਲ ਜਾਂਦਾ ਹੈ।੧।ਸਿਖ–ਸਿੱਖਿਆ।ਕੋ ਵਿਰਲਾ–ਕੋਈ ਵਿਰਲਾ ਮਨੁੱਖ।੨।

ਪਉੜੀ ॥ ਮਾਇਆ ਮੋਹੁ ਅਗਿਆਨੁ ਹੈ, ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ, ਕਿਉ ਤਰੀਐ ਤਾਰੀ ॥ ਅਨਦਿਨੁ ਭਗਤੀ ਰਤਿਆ, ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ, ਹਉਮੈ ਛਡਿ ਵਿਕਾਰੀ ॥ ਹਰਿ ਹਰਿ ਨਾਮੁ ਧਿਆਈਐ, ਹਰਿ ਹਰਿ ਨਿਸਤਾਰੀ ॥੩॥ (ਹੇ ਭਾਈ!) ਮਾਇਆ ਦਾ ਮੋਹ ਅਗਿਆਨ ਰੂਪ ਹੈ, ਜੋ ਬਹੁਤ ਭਾਰੀ ਹੈ ਤੇ (ਇਸ ਦੇ ਸਮੇਤ ਸੰਸਾਰ ਸਾਗਰ ਨੂੰ ਤਰਨਾ) ਕਠਨ ਹੈ।(ਮਨੁੱਖ ਨੇ) ਪਾਪ ਰੂਪ ਪੱਥਰ (ਮਨ ਰੂਪ ਗੱਡੇ ਉਪਰ) ਬਹੁਤ ਲੱਦਿਆ ਹੋਇਆ ਹੈ, ਤਾਰੀ ਕਿਵੇਂ ਤਰੀਏ (ਭਵਜਲ ਵਿਚੋਂ ਕਿਵੇਂ ਪਾਰ ਹੋਈਏ? ਉਨ੍ਹਾਂ ਮਨੁੱਖਾਂ ਨੂੰ ਭਵਜਲ ਤੋਂ) ਹਰੀ ਪਾਰ ਉਤਾਰ ਦੇਂਦਾ ਹੈ, (ਜਿਹੜੇ) ਦਿਨ ਰਾਤ ਭਗਤੀ ਵਿਚ ਰੰਗੇ ਰਹਿੰਦੇ ਹਨ।ਅਤੇ (ਜਿਨ੍ਹਾਂ ਦਾ) ਮਨ ਗੁਰੂ ਦੇ ਸ਼ਬਦ ਦੁਆਰਾ ਹਉਮੈ ਤੇ ਵਿਕਾਰ ਛਡ ਕੇ ਨਿਰਮਲ ਹੋ ਜਾਂਦਾ ਹੈ।(ਇਸ ਕਰਕੇ) ਹਰਿ ਹਰਿ ਨਾਮ ਸਿਮਰਨਾ ਚਾਹੀਦਾ ਹੈ, (ਕਿਉਂਕਿ) ਹਰਿ ਹਰਿ ਨਾਮ (ਭਵਜਲ ਤੋਂ) ਤਾਰ ਦੇਣ ਵਾਲਾ ਹੈ।੩।

ਪਦਾਰਥ = ਬਿਖਮੁ–ਕਠਨ।ਅਤਿ–ਬਹੁਤ।ਅਨਦਿਨੁ–ਹਰ ਰੋਜ।ਰਤਿਆ–ਰੰਗੇ ਹੋਏ ਹਨ।ਨਿਸਤਾਰੀ–ਤਾਰ ਦੇਣ ਵਾਲਾ ਹੈ।੩।

ਸਲੋਕੁ ॥ ਕਬੀਰ ਮੁਕਤਿ ਦੁਆਰਾ ਸੰਕੁੜਾ, ਰਾਈ ਦਸਵੈ ਭਾਇ ॥ ਮਨੁ ਤਉ ਮੈਗਲੁ ਹੋਇ ਰਹਾ, ਨਿਕਸਿਆ ਕਿਉ ਕਰਿ ਜਾਇ ॥ ਐਸਾ ਸਤਿਗੁਰੁ ਜੇ ਮਿਲੈ, ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ, ਸਹਜੇ ਆਵਉ ਜਾਉ ॥੧॥ ਕਬੀਰ ਸਾਹਿਬ ਕਹਿੰਦੇ ਹਨ ਕਿ ਮੁਕਤੀ ਦਾ ਦਰਵਾਜਾ (ਬਹੁਤ) ਭੀੜਾ ਹੈ, ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਦੇ ਬਰਾਬਰ ਹੈ।(ਮਨੁੱਖ ਦਾ) ਮਨ ਤਾਂ (ਹੰਕਾਰ ਨਾਲ) ਹਾਥੀ ਹੋ ਰਿਹਾ ਹੈ, (ਮਨ ਤੋਂ ਉਸ ਭੀੜੇ ਦਰਵਾਜੇ ਥਾਣੀਂ) ਕਿਵੇਂ ਨਿਕਲਿਆ ਜਾ ਸਕਦਾ ਹੈ? (ਅਗੇ ਉਤਰ ਹੈ) ਜੇ ਅਜੇਹਾ ਸਤਿਗੁਰੂ ਮਿਲ ਪਵੇ (ਜੋ ਆਪ ਇਸ ਦਰਵਾਜੇ ਥਾਣੀਂ ਲੰਘਿਆ ਹੋਵੇ, ਜੋ) ਪ੍ਰਸੰਨ ਹੋ ਕੇ ਮੇਹਰ ਕਰ ਦੇਵੇ; ਨਾਮ ਦੀ ਦਾਤ ਦੇਣਾ ਕਰੇ।ਤਾਂ ਮੁਕਤੀ ਦਾ ਦਰਵਾਜਾ ਖੁਲ੍ਹਾ ਹੋ ਜਾਂਦਾ ਹੈ, (ਫਿਰ ਮਨ ਦਾ) ਆਉਣਾ ਜਾਣਾ ਸੌਖੇ ਹੀ ਹੋ ਸਕਦਾ ਹੈ।੧।

ਮਃ ੩ ॥ ਨਾਨਕ ਮੁਕਤਿ ਦੁਆਰਾ ਅਤਿ ਨੀਕਾ, ਨਾਨ੍ਹਾ ਹੋਇ ਸੁ ਜਾਇ ॥ ਨਾਨਕ ਗੁਰੂ ਜੀ ਆਖਦੇ ਹਨ ਕਿ ਮੁਕਤੀ ਦਾ ਦਰਵਾਜਾ ਬਹੁਤ ਨਿੱਕਾ (ਸੂਖਮ) ਹੈ, (ਜੇ ਮਨ ਵੀ) ਨਿੱਕਾ ਹੋ ਜਾਵੇ, ਤਾਂ ਉਹ (ਇਸ ਦਰਵਾਜੇ ਵਿਚੋਂ ਦੀ) ਲੰਘ ਜਾਵੇਗਾ।

ਅੰਗ ੫੧੦ = ਹਉਮੈ ਮਨੁ ਅਸਥੂਲੁ ਹੈ, ਕਿਉ ਕਰਿ ਵਿਚੁ ਦੇ ਜਾਇ ॥ ਸਤਿਗੁਰ ਮਿਲਿਐ ਹਉਮੈ ਗਈ, ਜੋਤਿ ਰਹੀ ਸਭ ਆਇ ॥ ਇਹੁ ਜੀਉ ਸਦਾ ਮੁਕਤੁ ਹੈ, ਸਹਜੇ ਰਹਿਆ ਸਮਾਇ ॥੨॥ (ਪਰ) ਮਨ ਹਉਮੈ ਕਰਕੇ ਮੋਟਾ ਹੋ ਗਿਆ ਹੈ, (ਮੋਟਾ ਮਨ ਭੀੜੇ ਦਰਵਾਜੇ) ਵਿਚੋਂ ਦੀ ਕਿਵੇਂ ਲੰਘ ਕਰਕੇ ਜਾ ਸਕਦਾ ਹੈ? (ਨਹੀਂ ਲੰਘ ਸਕਦਾ)।ਸਤਿਗੁਰੂ ਦੇ ਮਿਲਣ ਕਰਕੇ (ਜਿਸ ਮਨੁੱਖ ਦੀ) ਹਉਮੈ ਚਲੇ ਗਈ ਹੈ, (ਤਦ) ਸਾਰੀ ਜੋਤਿ ਆ ਰਹੀ ਅਨੁਭਵ ਹੁੰਦੀ ਹੈ (ਮਨ ਜੋਤ ਸਰੂਪ ਹੋ ਜਾਂਦਾ ਹੈ।ਫਿਰ ਇਹ) ਜੀਵ ਸਦਾ ਲਈ ਮੁਕਤ ਹੋ ਜਾਂਦਾ ਹੈ ਅਤੇ (ਜੋਤ ਸਰੂਪ ਵਿਚ) ਸਹਜੇ ਹੀ ਸਮਾਇਆ ਰਹਿੰਦਾ ਹੈ।੨।

ਪਦਾਰਥ = ਦੁਆਰਾ–ਦਰਵਾਜਾ। ਸੰਕੁੜਾ–ਤੰਗ (ਸੁੰਗੜਿਆ ਹੋਇਆ)। ਰਾਈ–(ਸਰ੍ਹੋਂ ਦੀ ਜਾਤ ਦਾ) ਇਕ ਦਾਣਾ। ਦਸਵੈ ਭਾਇ–ਦਸਵਾਂ ਭਾਗ (ਹਿੱਸਾ)। ਤਉ–ਤਾਂ। ਮੈਗਲੁ–ਮਸਤ ਹਾਥੀ। ਹੋਇ ਰਹਾ–ਹੋ ਰਿਹਾ ਹੈ। ਨਿਕਸਿਆ–ਨਿਕਲਿਆ (ਲੰਘਿਆ)। ਕਿਉ ਕਰਿ–ਕਿਵੇਂ। ਤੁਠਾ–ਪ੍ਰਸੰਨ ਹੋ ਕੇ। ਕਰੇ ਪਸਾਉ–ਮੇਹਰ ਕਰੇ। ਮੋਕਲਾ–ਖੁਲ੍ਹਾ। ਸਹਜੇ–ਸੌਖੇ ਹੀ।੧। ਅਤਿ–ਬਹੁਤ। ਨੀਕਾ–ਨਿੱਕਾ। ਨਾਨ੍ਹਾ–ਨੰਨ੍ਹਾ (ਬਹੁਤ ਛੋਟਾ)। ਸੁ–ਉਹ। ਅਸਥੂਲੁ–ਬਹੁਤ ਮੋਟਾ। ਵਿਚੁ ਦੇ–ਵਿਚੋਂ ਦੀ। ਰਹਿਆ ਸਮਾਇ–ਲੀਨ ਹੋਇਆ ਰਹਿੰਦਾ ਹੈ।੨।

ਵਿਆਖਿਆ = ਪਹਿਲਾ ਜੋ ਸਲੋਕ ਹੈ, ਉਹ ੧੩੬੭ ਅੰਗ ਉਤੇ ਕਬੀਰ ਜੀ ਦੇ ਸਲੋਕਾਂ ਵਿਚ ੫੮ ਵਾਂ ਤੇ ੫੯ ਵਾਂ ਸਲੋਕ ਹੈ, ਪਰ ਇਥੇ ਦੋਹਾਂ ਸਲੋਕਾਂ ਨੂੰ ਇਕ ਸਲੋਕ ਵਿਚ ਹੀ ਦਰਜ ਕੀਤਾ ਹੋਇਆ ਹੈ। ਦੂਜਾ ਸਲੋਕ ਮਹਲਾ ੩ ਦਾ ਹੈ, ਜਿਸ ਵਿਚ ਕਬੀਰ ਜੀ ਦੇ ਸਲੋਕਾਂ ਦੇ ਭਾਵਾਂ ਨੂੰ ਚੰਗੀ ਤਰ੍ਹਾਂ ਖੋਲ੍ਹ ਕੇ ਲਿਖਿਆ ਹੈ। ਪਹਿਲੇ ਸਲੋਕ ਵਿਚ ਵਿਚ ਮੁਕਤੀ ਦਾ ਮਾਰਗ ਅੱਤ ਕਠਨ ਦਸਿਆ ਹੈ, ਜੋ ਬਹੁਤ ਤੰਗ ਹੈ। ਮਨ ਹਉਮੈ ਦੇ ਕਾਰਣ ਹਾਥੀ ਵਰਗਾ ਭਾਰਾ ਬਣਿਆ ਹੋਇਆ ਹੈ, ਜੋ ਤੰਗ ਰਸਤੇ ਵਿਚੋਂ ਨਹੀਂ ਗੁਜਰ ਸਕਦਾ। ਪਰ ਜੇ ਪੂਰਾ ਸਤਿਗੁਰੂ ਮਿਲ ਪਵੇ ਅਤੇ ਖੁਸ਼ ਹੋ ਕੇ ਮੇਹਰ ਕਰ ਦੇਵੇ, ਤਾਂ ਮੁਕਤ ਦੁਆਰਾ ਖੁਲ੍ਹ ਜਾਂਦਾ ਹੈ। ਦੂਜੇ ਸਲੋਕ ਵਿਚ ਦਸਿਆ ਹੈ ਕਿ ਜਦ ਸਤਿਗੁਰੂ ਦੇ ਮਿਲਣ ਨਾਲ ਹਾਥੀ ਬਣਾ ਦੇਣ ਵਾਲੀ ਹਉਮੈ ਦੂਰ ਹੋ ਜਾਂਦੀ ਹੈ ਤਾਂ ਮਨ ਜੋਤ ਰੂਪ ਹੋ ਜਾਂਦਾ ਹੈ {ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ ੪੪੧}, ਇਉਂ ਜੋਤ ਰੂਪ ਹੋਏ ਮਨ ਲਈ ਤੰਗ ਦਰਵਾਜਾ ਖੁਲ੍ਹਾ ਹੋ ਜਾਂਦਾ ਹੈ। ਫਿਰ ਜੋਤ ਰੂਪ ਹੋਏ ਮਨ ਨੂੰ ਜੋਤੀ ਪ੍ਰਭੂ ਅਪਣੇ ਵੱਲ ਖਿੱਚ ਲੈਂਦਾ ਹੈ ਅਤੇ ਮਨ ਸਦਾ ਉਸ ਜੋਤੀ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ।

ਪਉੜੀ ॥ ਪ੍ਰਭਿ ਸੰਸਾਰੁ ਉਪਾਇ ਕੈ, ਵਸਿ ਆਪਣੈ ਕੀਤਾ ॥ ਗਣਤੈ ਪ੍ਰਭੂ ਨ ਪਾਈਐ, ਦੂਜੈ ਭਰਮੀਤਾ ॥ ਸਤਿਗੁਰ ਮਿਲਿਐ ਜੀਵਤੁ ਮਰੈ, ਬੁਝਿ ਸਚਿ ਸਮੀਤਾ ॥ ਸਬਦੇ ਹਉਮੈ ਖੋਈਐ, ਹਰਿ ਮੇਲਿ ਮਿਲੀਤਾ ॥ ਸਭ ਕਿਛੁ ਜਾਣੈ ਕਰੇ ਆਪਿ, ਆਪੇ ਵਿਗਸੀਤਾ ॥੪॥ (ਹੇ ਭਾਈ!) ਪ੍ਰਭੂ ਨੇ ਸੰਸਾਰ ਨੂੰ ਪੈਦਾ ਕਰਕੇ ਅਪਣੇ ਵਸ ਵਿਚ ਕੀਤਾ ਹੋਇਆ ਹੈ। ਗਿਣਤੀਆਂ ਗਿਣਨ (ਮਨ ਦੀ ਚਤਰਾਈ ਤੇ ਮਨਮੱਤ) ਨਾਲ ਪ੍ਰਭੂ ਨੂੰ ਨਹੀਂ ਪਾਇਆ ਜਾ ਸਕਦਾ, (ਸੱਗੋਂ ਮਨ) ਦੂਜੇ ਭਾਵ ਵਿਚ ਭਟਕਦਾ ਰਹਿੰਦਾ ਹੈ। ਸਤਿਗੁਰੂ ਨੂੰ ਮਿਲਣ ਨਾਲ (ਮਨੁੱਖ) ਜੀਵਤ ਭਾਵ ਤੋਂ ਮਰ ਜਾਂਦਾ ਹੈ (ਤੇ ਇਹ ਗੁਰੂ ਦੇ ਉਪਦੇਸ਼ ਨੂੰ) ਸਮਝ ਕੇ ਸੱਚ ਸਰੂਪ ਵਿਚ ਸਮਾ ਜਾਂਦਾ ਹੈ। ਗੁਰੂ ਦੇ ਸ਼ਬਦ ਦੁਆਰਾ ਹਉਮੈ ਦੂਰ ਹੁੰਦੀ ਹੈ ਅਤੇ ਹਰੀ ਦੇ ਮੇਲ ਵਿਚ ਮਿਲ ਜਾਈਦਾ ਹੈ। (ਇਹ ਗਿਆਨ ਹੋ ਜਾਂਦਾ ਹੈ ਕਿ) ਹਰੀ ਆਪ ਸਭ ਕੁਛ ਜਾਣਦਾ ਹੈ ਤੇ ਆਪ ਹੀ ਸਭ ਕੁਛ ਕਰਦਾ ਹੈ ਅਤੇ ਆਪ ਹੀ (ਅਪਣੇ ਕੀਤੇ ਕੰਮਾਂ ਨੂੰ ਦੇਖ ਕੇ) ਖੁਸ਼ ਹੁੰਦਾ ਹੈ।੪।

ਪਦਾਰਥ = ਪ੍ਰਭਿ–ਪ੍ਰਭੂ ਨੇ। ਉਪਾਇ ਕੈ–ਪੈਦਾ ਕਰਕੇ। ਗਣਤੈ–ਗਿਣਤੀਆਂ (ਮਨ ਦੀਆਂ ਸਿਆਣਪਾਂ ਤੇਂ ਫੋਕੀਆਂ ਫਿਲਾਸਫੀਆਂ) ਨਾਲ। ਦੂਜੈ–ਦੂਜੇ ਭਾਵ ਵਿਚ। ਭਰਮੀਤਾ–ਭਟਕਦਾ ਰਹਿੰਦਾ ਹੈ। ਜੀਵਤੁ ਮਰੈ–ਜੀਵਤ ਭਾਵ ਤੋਂ ਮਰ ਜਾਂਦਾ ਹੈ (ਹਉਮੈ ਮਿਟ ਜਾਂਦੀ ਹੈ)। ਸਮੀਤਾ–ਸਮਾ ਜਾਂਦਾ ਹੈ। ਸਬਦੇ–ਸ਼ਬਦ ਦੁਆਰਾ। ਮਿਲੀਤਾ–ਮਿਲ ਜਾਈਦਾ ਹੈ। ਵਿਗਸੀਤਾ–ਖੁਸ਼ ਹੁੰਦਾ ਹੈ।੪।

ਸਲੋਕੁ ਮਃ ੩ ॥ ਸਤਿਗੁਰ ਸਿਉ ਚਿਤੁ ਨ ਲਾਇਓ, ਨਾਮੁ ਨ ਵਸਿਓ ਮਨਿ ਆਇ ॥ ਧ੍ਰਿਗੁ ਇਵੇਹਾ ਜੀਵਿਆ, ਕਿਆ ਜੁਗ ਮਹਿ ਪਾਇਆ ਆਇ ॥ ਮਾਇਆ ਖੋਟੀ ਰਾਸਿ ਹੈ, ਏਕ ਚਸੇ ਮਹਿ ਪਾਜੁ ਲਹਿ ਜਾਇ ॥ ਹਥਹੁ ਛੁੜਕੀ ਤਨੁ ਸਿਆਹੁ ਹੋਇ, ਬਦਨੁ ਜਾਇ ਕੁਮਲਾਇ ॥ ਜਿਨ ਸਤਿਗੁਰ ਸਿਉ ਚਿਤੁ ਲਾਇਆ, ਤਿਨ੍ ਸੁਖੁ ਵਸਿਆ ਮਨਿ ਆਇ ॥ ਹਰਿ ਨਾਮੁ ਧਿਆਵਹਿ ਰੰਗ ਸਿਉ ,ਹਰਿ ਨਾਮਿ ਰਹੇ ਲਿਵ ਲਾਇ ॥ ਨਾਨਕ ਸਤਿਗੁਰ ਸੋ ਧਨੁ ਸਉਪਿਆ, ਜਿ ਜੀਅ ਮਹਿ ਰਹਿਆ ਸਮਾਇ ॥ ਰੰਗੁ ਤਿਸੈ ਕਉ ਅਗਲਾ, ਵੰਨੀ ਚੜੈ ਚੜਾਇ ॥੧॥ (ਹੇ ਭਾਈ! ਜਿਸ ਮਨੁੱਖ ਨੇ) ਸਤਿਗੁਰੂ ਨਾਲ ਚਿਤ ਨਹੀਂ ਲਾਇਆ ਅਤੇ ਮਨ ਵਿਚ ਨਾਮ ਆ ਕੇ ਨਹੀਂ ਵਸਿਆ। ਇਹੋ ਜਿਹਾ ਜੀਵਿਆ ਧ੍ਰਿਗ ਹੈ, (ਉਸ ਨੇ ਇਸ) ਜਗਤ ਵਿਚ ਆ ਕੇ ਕੀ ਪ੍ਰਾਪਤ ਕੀਤਾ ਹੈ? (ਕੁਛ ਨਹੀਂ ਪ੍ਰਾਪਤ ਕੀਤਾ। ਜੇ ਕਹੋ ਮਾਇਆ ਪ੍ਰਾਪਤ ਕੀਤੀ ਹੈ, ਤਾਂ ਦਸਦੇ ਹਨ ਕਿ) ਮਾਇਆ ਖੋਟੀ ਪੂੰਜੀ ਹੈ, ਇਕ ਪਲ ਵਿਚ ਇਸ ਦਾ ਪਾਜ ਲਹਿ ਜਾਂਦਾ ਹੈ। (ਜੇ ਇਹ ਮਨੁੱਖ ਦੇ) ਹੱਥੋਂ ਨਿਕਲ ਜਾਵੇ, ਤਾਂ (ਚਿੰਤਾ ਵਿਚ) ਸਰੀਰ ਕਾਲਾ ਹੋ ਜਾਂਦਾ ਹੈ ਤੇ ਚਿਹਰਾ ਕੁਮਲਾ ਜਾਂਦਾ ਹੈ। ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਨਾਲ ਚਿਤ ਲਾਇਆ ਹੈ, ਉਨ੍ਹਾਂ ਦੇ ਮਨ ਵਿਚ ਸੁਖ ਆ ਕੇ ਵਸ ਗਿਆ ਹੈ। (ਕਿਉਂਕਿ ਉਹ) ਪ੍ਰੇਮ ਨਾਲ ਹਰੀ ਦੇ ਨਾਮ ਨੂੰ ਧਿਆਉਂਦੇ ਹਨ ਅਤੇ ਹਰੀ ਦੇ ਨਾਮ ਵਿਚ ਲਿਵ ਲਾਈ ਰਖਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੂੰ) ਸਤਿਗੁਰੂ ਨੇ ਉਹ ਧਨ ਸੌਂਪਿਆ ਹੈ, ਜਿਹੜਾ ਜੀਵਾਤਮਾ ਵਿਚ ਸਮਾਇਆ ਰਹਿੰਦਾ ਹੈ (ਇਹ ਧਨ ਦੁਨਿਆਵੀ ਧਨ ਵਾਂਗ ਮਨੁੱਖ ਦਾ ਸਾਥ ਨਹੀਂ ਛਡਦਾ, ਮਰਨ ਤੋਂ ਬਾਦ ਵੀ ਜਿੰਦ ਦੇ ਨਾਲ ਜਾਂਦਾ ਹੈ। ਨਾਮ ਜਪਣ ਵਾਲੇ) ਉਸ ਮਨੁੱਖ ਨੂੰ (ਨਾਮ ਦਾ) ਬਹੁਤ ਰੰਗ ਚੜ੍ਹ ਜਾਂਦਾ ਹੈ ਅਤੇ (ਮਰਨ ਤੋਂ ਬਾਦ ਵੀ) ਰੰਗਤ ਚੜ੍ਹੀ ਰਹਿੰਦੀ ਹੈ (ਚੇਹਰੇ ਦਾ ਰੰਗ ਫਿੱਕਾ ਨਹੀਂ ਪੈਂਦਾ)।੧।

ਪਦਾਰਥ = ਸਿਉ–ਨਾਲ। ਮਨਿ–ਮਨ ਵਿਚ। ਧ੍ਰਿਗੁ–ਫਿਟਕਾਰ ਯੋਗ। ਇਵੇਹਾ–ਇਹੋ ਜਿਹਾ। ਜੁਗ ਮਹਿ–ਜਗਤ ਵਿਚ; (ਮਨੁੱਖਾ)

ਜਨਮ ਵਿਚ। ਰਾਸਿ-ਪੂੰਜੀ। ਏਕ ਚਸੇ ਮਹਿ-ਇਕ ਪਲ ਵਿਚ (ਝਟ ਪਟ)। ਪਾਜੁ-ਦਿਖਾਵਾ। ਹਥਹੁ ਛੁੜਕੀ-ਹੱਥੋਂ ਛੁਟ (ਨਿਕਲ) ਜਾਵੇ। ਤਨੁ-ਸਰੀਰ। ਸਿਆਹੁ-ਕਾਲਾ। ਬਦਨੁ-ਚਿਹਰਾ। ਰੰਗ-ਪ੍ਰੇਮ। ਸੋ-ਉਹ। ਜਿ-ਜਿਹੜਾ। ਜੀਅ-ਜੀਵਾਤਮਾ। ਰਹਿਆ ਸਮਾਇ-ਟਿਕਿਆ ਰਹਿੰਦਾ ਹੈ। ਤਿਸੈ ਕਉ-ਉਸ ਨੂੰ। ਅਗਲਾ-ਬਹੁਤ। ਵੰਨੀ-ਰੰਗਤ। ਚੜਾਇ-ਚੜ੍ਹੀ ਰਹਿੰਦੀ ਹੈ।੧।

ਮਃ ੩ ॥ ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ ॥ ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥ ਗੁਰਮੁਖਿ ਕੋਈ ਗਾਰੜੂ ,ਤਿਨਿ ਮਲਿ ਦਲਿ ਲਾਈ ਪਾਇ ॥ ਨਾਨਕ ਸੇਈ ਉਬਰੇ, ਜਿ ਸਚਿ ਰਹੇ ਲਿਵ ਲਾਇ ॥੨॥ (ਹੇ ਭਾਈ!) ਮਾਇਆ ਨਾਗਣੀ ਹੋ ਕੇ ਜਗਤ ਵਿਚ (ਸਭ ਜੀਵਾਂ ਨੂੰ) ਚਿੰਬੜ ਰਹੀ ਹੈ। (ਜਿਹੜਾ ਜੀਵ) ਇਸ ਦੀ ਸੇਵਾ ਕਰਦਾ (ਮਾਇਆ ਦਾ ਗੁਲਾਮ ਬਣਦਾ) ਹੈ, (ਇਹ) ਮੁੜ ਉਸੇ ਨੂੰ ਹੀ ਖਾ ਜਾਂਦੀ ਹੈ (ਮਾਇਆ ਰੂਪ ਸਰਾਲ ਜੀਵ ਨੂੰ ਲਪੇਟ ਲੈਂਦੀ ਹੈ, ਨੱਠਣ ਜੋਗਾ ਨਹੀਂ ਛਡਦੀ ਤੇ ਹੌਲੀ ਹੌਲੀ ਨਿਗਲਦੀ ਜਾਂਦੀ ਹੈ)। ਕੋਈ ਵਿਰਲਾ ਗੁਰਮੁਖ (ਇਸ ਦਾ ਵਿਸ ਦੂਰ ਕਰਨ ਵਾਲਾ) ਮਾਂਦਰੀ ਹੈ, ਉਸ ਨੇ ਮਲ ਦਲ ਕੇ (ਮਾਇਆ ਨੂੰ ਅਪਣੇ) ਪੈਰਾਂ ਥੱਲੇ ਸੁੱਟ (ਅਧੀਨ ਕਰ) ਲਿਆ ਹੈ (ਮਾਇਆ ਤੋਂ ਭਲੇ ਦੇ ਕੰਮ ਕਰਾਉਂਦੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਹੀ (ਇਸ ਮਾਇਆ ਤੋਂ) ਬਚੇ ਹਨ, ਜਿਹੜੇ ਸੱਚੇ ਪ੍ਰਭੂ ਵਿਚ ਲਿਵ ਲਾਈ ਰੱਖਦੇ ਹਨ।੨।

ਪਉੜੀ ॥ ਢਾਢੀ ਕਰੇ ਪੁਕਾਰ, ਪ੍ਰਭੂ ਸੁਣਾਇਸੀ ॥ ਅੰਦਰਿ ਧੀਰਕ ਹੋਇ ਪੂਰਾ ਪਾਇਸੀ ॥ ਜੋ ਧੁਰਿ ਲਿਖਿਆ ਲੇਖੁ ,ਸੇ ਕਰਮ ਕਮਾਇਸੀ ॥ ਜਾ ਹੋਵੈ ਖਸਮੁ ਦਇਆਲੁ ,ਤਾ ਮਹਲੁ ਘਰੁ ਪਾਇਸੀ ॥ ਸੋ ਪ੍ਰਭੁ ਮੇਰਾ ਅਤਿ ਵਡਾ, ਗੁਰਮੁਖਿ ਮੇਲਾਇਸੀ ॥੫॥ ਢਾਢੀ (ਡੂਮ, ਨੀਚ ਸੇਵਕ) ਪੁਕਾਰ (ਅਰਦਾਸ) ਕਰਦਾ ਹੈ ਤਾਂ ਮਾਲਕ ਸੁਣ ਲੈਂਦਾ ਹੈ (ਸ਼ਬਦਾਰਥ); ਢਾਢੀ (ਜਸ ਕਰਨ ਵਾਲਾ) ਪੁਕਾਰ ਕਰਕੇ ਪ੍ਰਭੂ ਨੂੰ ਸੁਣਾਉਂਦਾ ਹੈ। (ਪਰ ਜੇ ਢਾਢੀ ਦੇ) ਅੰਦਰ ਧੀਰਜ ਹੋਵੇ (ਦੁਖ ਵਿਚ ਨਾ ਡੋਲੇ, ਤਾਂ ਉਹ) ਪੂਰਨ ਪ੍ਰਭੂ ਨੂੰ ਪਾ ਲੈਂਦਾ ਹੈ। (ਅਪਣੇ ਕੀਤੇ ਕਰਮਾਂ ਦੇ ਸੰਸਾਕਾਰਾਂ ਅਨੁਸਾਰ ਮਨੁੱਖ) ਉਹ ਕਰਮ ਕਮਾਉਂਦਾ ਹੈ, ਜੋ ਲੇਖ ਧੁਰ (ਪ੍ਰਭੂ ਦੇ ਦਰ) ਤੋਂ ਲਿਖਿਆ ਹੁੰਦਾ ਹੈ। (ਪਰ) ਜਦੋਂ ਮਾਲਕ ਪ੍ਰਭੂ ਦਿਆਲ ਹੁੰਦਾ ਹੈ, ਤਦ (ਇਹ) ਪ੍ਰਭੂ ਦਾ ਮਹੱਲ ਅਪਣੇ ਘਰ ਵੱਜੋਂ ਪ੍ਰਾਪਤ ਕਰ ਲੈਂਦਾ ਹੈ। ਮੇਰਾ ਉਹ ਪ੍ਰਭੂ ਬਹੁਤ ਵੱਡਾ ਹੈ, (ਉਹ ਮਨੁੱਖ ਨੂੰ) ਗੁਰੂ ਦੁਆਰਾ ਅਪਣੇ ਨਾਲ ਮਿਲਾਉਂਦਾ ਹੈ।੫।

ਪਦਾਰਥ = ਨਾਗਨੀ-ਸੱਪਣੀ। ਜਗਤਿ-ਜਗਤ ਵਿਚ। ਰਹੀ ਲਪਟਾਇ-ਚਿੰਬੜ ਰਹੀ ਹੈ। ਤਿਸ ਹੀ ਕਉ-ਉਸੇ ਨੂੰ ਹੀ। ਫਿਰਿ-ਮੁੜ ਕੇ। ਗਾਰੜੂ-ਸੱਪ ਦੀ ਜਹਿਰ ਦੂਰ ਕਰਨ ਦਾ ਮੰਤ੍ਰ ਜਾਨਣ ਵਾਲਾ ਮਾਂਦਰੀ (ਗੁਰਬਾਣੀ ਅਨੁਸਾਰ ਗੁਰਮੁਖ ਗਾਰੜੂ ਹੈ, ਵਾਹਿਗੁਰੂ ਨਾਮ ਮੰਤ੍ਰ ਹੈ, ਹੰਕਾਰ ਤੇ ਅਗਿਆਨ, ਮਾਇਆ ਦੀ ਵਿਹੁ ਹੈ)। ਤਿਨਿ-ਉਸ ਨੇ। ਮਲਿ-ਕੁਚਲ ਕੇ। ਦਲਿ-ਦਰੜ (ਕੁਚਲ) ਕੇ। ਪਾਇ-ਪੈਰਾਂ ਵਿਚ। ਸੇਈ-ਉਹ ਹੀ। ਉਬਰੇ-ਬਚੇ ਹਨ। ਜਿ-ਜਿਹੜੇ। ਰਹੇ ਲਿਵ ਲਾਇ-ਲਿਵ ਲਾਈ ਰਖਦੇ ਹਨ।੨। ਪਉੜੀ। ਢਾਢੀ-ਜਸ ਗਾਉਣ ਵਾਲਾ (ਕੀਰਤਨੀਆ)। ਧੀਰਕ-ਧੀਰਜ। ਪਾਇਸੀ-ਪਾ ਲੈਂਦਾ ਹੈ। ਧੁਰਿ-ਧੁਰ (ਹਰੀ ਦੇ ਦਰ) ਤੋਂ। ਸੇ-ਉਹ। ਜਾ-ਜਦ। ਮਹਲੁ ਘਰੁ-ਪ੍ਰਭੂ ਦਾ ਮਹੱਲ ਅਪਣੇ ਘਰ ਵੱਜੋਂ; ਨਿਜ ਘਰ ਜੋ ਪ੍ਰਭੂ ਦਾ ਨਿਵਾਸ ਅਸਥਾਨ ਹੈ। ਅਤਿ-ਬਹੁਤ।੫।

ਸਲੋਕ ਮਃ ੩ ॥ ਸਭਨਾ ਕਾ ਸਹੁ ਏਕੁ ਹੈ, ਸਦ ਹੀ ਰਹੈ ਹਜੂਰਿ ॥ ਨਾਨਕ ਹੁਕਮੁ ਨ ਮੰਨਈ, ਤਾ ਘਰ ਹੀ ਅੰਦਰਿ ਦੂਰਿ ॥ ਹੁਕਮੁ ਭੀ ਤਿਨ੍ਹਾ ਮਨਾਇਸੀ, ਜਿਨ ਕਉ ਨਦਰਿ ਕਰੇਇ ॥ ਹੁਕਮੁ ਮੰਨਿ ਸੁਖੁ ਪਾਇਆ, ਪ੍ਰੇਮ ਸੁਹਾਗਣਿ ਹੋਇ ॥੧॥ (ਹੇ ਭਾਈ!) ਸਾਰੀਆਂ (ਜੀਵ ਰੂਪ ਇਸਤ੍ਰੀਆਂ ਦਾ) ਮਾਲਕ ਇਕ ਪ੍ਰਭੂ ਹੀ ਹੈ, (ਜੋ ਸਭ ਦੇ) ਸਦਾ ਹੀ ਨੇੜੇ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੀ ਜੀਵ ਇਸਤ੍ਰੀ ਪਤੀ ਪ੍ਰਮਾਤਮਾ ਦਾ) ਹੁਕਮ ਨਹੀਂ ਮੰਨਦੀ, (ਉਸ ਲਈ) ਘਰ ਵਿਚ ਵਸਦਾ ਪਤੀ ਵੀ ਦੂਰ ਹੈ। ਹੁਕਮ ਵੀ ਉਨ੍ਹਾਂ (ਇਸਤ੍ਰੀਆਂ ਨੂੰ) ਮਨਾਉਂਦਾ ਹੈ, ਜਿਨ੍ਹਾਂ ਉਤੇ ਉਹ ਮੇਹਰ ਦੀ ਨਜਰ ਕਰਦਾ ਹੈ। (ਜਿਸ ਜੀਵ ਰੂਪ ਇਸਤ੍ਰੀ ਨੇ ਪਤੀ ਦਾ) ਹੁਕਮ ਮੰਨ ਕੇ ਸੁਖ ਪਾਇਆ ਹੈ, ਉਹ ਪ੍ਰੇਮ ਕਰਨ ਵਾਲੀ ਸੁਹਾਗਣ ਹੋ ਜਾਂਦੀ ਹੈ।੧।

ਮਃ ੩ ॥ ਰੈਣਿ ਸਬਾਈ ਜਲਿ ਮੁਈ, ਕੰਤ ਨ ਲਾਇਓ ਭਾਉ ॥ ਨਾਨਕ ਸੁਖਿ ਵਸਨਿ ਸੋੁਹਾਗਣੀ, ਜਿਨ੍ ਪਿਆਰਾ ਪੁਰਖੁ ਹਰਿ ਰਾਉ ॥੨॥ (ਜਿਸ ਜੀਵ ਇਸਤ੍ਰੀ ਨੇ ਅਪਣੇ) ਪਤੀ ਪ੍ਰਮਾਤਮਾ ਨਾਲ ਪ੍ਰੇਮ ਨਹੀਂ ਲਾਇਆ, (ਉਹ) ਜੀਵਨ ਰੂਪ ਸਾਰੀ ਰਾਤ ਵਿਛੋੜੇ ਵਿਚ ਸੜ ਮਰਦੀ ਹੈ (ਉਮਰ ਦੁੱਖਾਂ ਵਿਚ ਬੀਤਦੀ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਗੁਰਮੁਖ ਰੂਪ ਸੁਹਾਗਣਾਂ ਸੁਖੀ ਵਸਦੀਆਂ ਹਨ, ਜਿਨ੍ਹਾਂ ਨੂੰ ਪਿਆਰਾ ਪਤੀ ਹਰੀ ਰਾਜਾ ਪ੍ਰਾਪਤ ਹੋਇਆ ਹੈ (ਅਨੰਦ ਨਾਲ ਜੀਵਨ ਰੂਪ ਰਾਤ ਗੁਜਾਰਦੀਆਂ ਹਨ)।੨।

ਪਦਾਰਥ = ਸਹੁ-ਪਤੀ। ਏਕੁ-ਇਕ ਪ੍ਰਭੂ। ਹਜੂਰਿ-ਨੇੜੇ; ਅੰਗ ਸੰਗ। ਨ ਮੰਨਈ-ਨਹੀਂ ਮੰਨਦੀ। ਤਾ-ਤਦ। ਤਿਨ੍ਹਾ-ਉਨ੍ਹਾਂ ਨੂੰ। ਜਿਨ ਕਉ-ਜਿਨ੍ਹਾਂ ਉਤੇ। ਨਦਰਿ-ਮੇਹਰ ਦੀ ਨਜਰ। ਕਰੇਇ-ਕਰਦਾ ਹੈ। ਮੰਨਿ-ਮੰਨ ਕੇ।੧। ਰੈਣਿ-ਜੀਵਨ ਰੂਪ ਰਾਤ। ਸਬਾਈ-ਸਾਰੀ। ਜਲਿ ਮੁਈ-ਸੜ ਮਰਦੀ ਹੈ। ਕੰਤ-ਪਤੀ ਪ੍ਰਭੂ। ਭਾਉ-ਪ੍ਰੇਮ। ਜਿਨ੍-ਜਿਨ੍ਹਾਂ ਨੂੰ। ਪੁਰਖ-ਪਤੀ। ਹਰਿ ਰਾਉ-ਹਰੀ ਰਾਜਾ।੨।

ਪਉੜੀ ॥ ਸਭੁ ਜਗੁ ਫਿਰਿ ਮੈ ਦੇਖਿਆ, ਹਰਿ ਇਕੋ ਦਾਤਾ ॥ ਉਪਾਇ ਕਿਤੈ ਨ ਪਾਈਐ, ਹਰਿ ਕਰਮ ਬਿਧਾਤਾ ॥ ਗੁਰ ਸਬਦੀ ਹਰਿ ਮਨਿ ਵਸੈ, ਹਰਿ ਸਹਜੇ ਜਾਤਾ ॥ ਅੰਦਰਹੁ ਤ੍ਰਿਸਨਾ ਅਗਨਿ ਬੁਝੀ, ਹਰਿ ਅੰਮ੍ਰਿਤ ਸਰਿ ਨਾਤਾ ॥ ਵਡੀ ਵਡਿਆਈ ਵਡੇ ਕੀ, ਗੁਰਮੁਖਿ ਬੋਲਾਤਾ ॥੬॥ (ਹੇ ਭਾਈ!) ਮੈਂ ਸਾਰਾ ਜਗਤ ਫਿਰ ਕੇ ਦੇਖ ਲਿਆ ਹੈ, ਇਕੋ ਹਰੀ (ਸਭ ਤੋਂ ਵੱਡਾ) ਦਾਤਾ ਹੈ। (ਜੀਵਾਂ ਦੇ) ਕਰਮਾਂ ਅਨੁਸਾਰ ਫਲ ਦੇਣ ਵਾਲਾ ਹਰੀ ਕਿਸੇ ਹੋਰ ਉਪਾਉ ਨਾਲ ਨਹੀਂ ਪਾਇਆ ਜਾ ਸਕਦਾ। ਜਿਹੜਾ ਹਰੀ ਮਨ ਵਿਚ ਵਸਦਾ ਹੈ, (ਉਹ) ਗੁਰੂ ਦੇ ਸ਼ਬਦ ਦੁਆਰਾ ਸਹਜੇ ਹੀ ਜਾਣ ਲਿਆ ਜਾਂਦਾ ਹੈ (ਸੁਭਾਵਕ ਹੀ ਗਿਆਨ ਹੋ ਜਾਂਦਾ ਹੈ। ਜੋ ਮਨੁੱਖ) ਹਰੀ ਦੇ ਨਾਮ ਅੰਮ੍ਰਿਤ ਸਰੋਵਰ ਵਿਚ ਨ੍ਹਾਤਾ ਹੈ, (ਉਸ ਦੇ ਮਨ) ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ। ਵੱਡੇ ਹਰੀ ਦੀ ਵੱਡੀ ਵਡਿਆਈ ਹੈ ਅਤੇ ਗੁਰੂ ਦੁਆਰਾ (ਇਹ ਵਡਿਆਈ ਹਰੀ ਮਨੁੱਖ ਤੋਂ) ਬੁਲਾਉਂਦਾ ਹੈ (ਵਡਿਆਈ ਕਰਾਉਂਦਾ ਹੈ)।੬।

ਪਦਾਰਥ = ਫਿਰਿ–ਘੁੰਮ ਫਿਰ ਕੇ। ਇਕੋ–ਇਕ ਪ੍ਰਭੂ। ਉਪਾਇ ਕਿਤੈ–ਕਿਸੇ ਜਤਨ ਨਾਲ; ਕਿਸੇ ਸਾਧਨ ਨਾਲ। ਕਰਮ ਬਿਧਾਤਾ–ਕੀਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ। ਸਬਦੀ–ਸ਼ਬਦ ਦੁਆਰਾ। ਮਨਿ–ਮਨ ਵਿਚ। ਸਹਜੇ–ਸੁਭਾਵਕ ਹੀ; ਕੁਦਰਤੀ। ਜਾਤਾ–ਜਾਣ ਲਿਆ ਜਾਂਦਾ ਹੈ। ਅੰਮ੍ਰਿਤ ਸਰਿ–ਨਾਮ ਅੰਮ੍ਰਿਤ ਸਰੋਵਰ ਵਿਚ। ਨਾਤਾ–ਨ੍ਹਾਇਆ ਹੈ। ਬੋਲਾਤਾ–ਬੁਲਾਉਂਦਾ ਹੈ।੬।

ਅੰਗ ੫੧੧ = ਸਲੋਕੁ ਮਃ ੩ ॥ ਕਾਇਆ ਹੰਸ ਕਿਆ ਪ੍ਰੀਤਿ ਹੈ, ਜਿ ਪਇਆ ਹੀ ਛਡਿ ਜਾਇ ॥ ਏਸ ਨੋ ਕੂੜੁ ਬੋਲਿ ਕਿ ਖਵਾਲੀਐ, ਜਿ ਚਲਦਿਆ ਨਾਲਿ ਨ ਜਾਇ ॥ ਕਾਇਆ ਮਿਟੀ ਅੰਧੁ ਹੈ, ਪਉਣੈ ਪੁਛਹੁ ਜਾਇ ॥ ਹਉ ਤਾ ਮਾਇਆ ਮੋਹਿਆ, ਫਿਰਿ ਫਿਰਿ ਆਵਾ ਜਾਇ ॥ ਨਾਨਕ ਹੁਕਮੁ ਨ ਜਾਤੋ ਖਸਮ ਕਾ, ਜਿ ਰਹਾ ਸਚਿ ਸਮਾਇ ॥੧॥ ਸਰੀਰ ਨਾਲ ਜੀਵਾਤਮਾ ਦੀ ਕੀ ਪ੍ਰੀਤ ਹੈ? (ਜੋ ਅੰਤ ਸਮੇਂ ਸਰੀਰ ਨੂੰ ਇਥੇ) ਹੀ ਪਿਆ ਛਡ ਕੇ (ਆਪ) ਚਲੇ ਜਾਂਦਾ ਹੈ (ਸਰੀਰ ਦਾ ਬਹੁਤਾ ਪਿਆਰ ਨਹੀਂ ਹੋਣਾ ਚਾਹੀਦਾ)। ਇਸ (ਸਰੀਰ) ਨੂੰ ਝੂਠ ਬੋਲ ਕੇ ਕਿਉਂ ਖੁਆਈਏ? ਜਿਹੜਾ (ਸਰੀਰ ਜੀਵਾਤਮਾ ਦੇ) ਚਲਦਿਆਂ ਵੇਲੇ ਨਾਲ ਨਹੀਂ ਜਾਂਦਾ (ਦੋਹਾਂ ਦਾ ਆਪਸ ਵਿਚ ਸਦੀਵੀ ਸਾਥ ਨਹੀਂ ਹੈ)। ਸਰੀਰ ਤਾਂ ਮਿੱਟੀ ਹੈ, ਅੰਨ੍ਹਾ (ਗਿਆਨ ਹੀਣ) ਹੈ, ਪ੍ਰਾਣਾਂ (ਜੀਵਾਤਮਾ) ਨੂੰ ਜਾ ਕੇ ਪੁੱਛੋ (ਕਿ ਤੂੰ ਦੇਹ ਨੂੰ ਕਿਉਂ ਛਡ ਆਇਆ ਹੈਂ, ਨਾਲ ਕਿਉਂ ਨਹੀਂ ਲਿਆਇਆ? ਤਾਂ ਜੀਵਾਤਮਾ ਉਤਰ ਦੇਂਦਾ ਹੈ) ਮੈਂ ਤਾਂ ਮਾਇਆ ਦਾ ਮੋਹਿਆ ਹੋਇਆ ਮੁੜ ਮੁੜ (ਸਰੀਰ ਵਿਚ) ਆਉਂਦਾ ਤੇ (ਇਸ ਵਿਚੋਂ) ਚਲੇ ਜਾਂਦਾ ਹਾਂ। ਹੇ ਨਾਨਕ! (ਜੀਵਾਤਮਾ ਪਛਤਾ ਕੇ ਕਹਿੰਦਾ ਹੈ ਕਿ ਮੈਂ) ਮਾਲਕ ਹਰੀ ਦਾ ਹੁਕਮ ਨਹੀਂ ਜਾਣਿਆ, ਜੇ (ਜਾਣ ਲੈਂਦਾ ਤਾਂ) ਸੱਚੇ ਪ੍ਰਭੂ ਵਿਚ ਮਿਲਿਆ ਰਹਿੰਦਾ।੧।

ਪਦਾਰਥ = ਕਾਇਆ–ਸਰੀਰ। ਹੰਸ–ਜੀਵਾਤਮਾ। ਕਿਆ ਪ੍ਰੀਤਿ–ਕੀ ਪ੍ਰੀਤ ਹੈ? (ਕੱਚੀ ਪ੍ਰੀਤ ਹੈ)। ਜਿ–ਜਿਹੜੀ। ਪਇਆ ਹੀ–ਪਿਆ ਨੂੰ ਹੀ। ਕਿ–ਕਿਉਂ; ਕੀ। ਖਵਾਲਐ–ਖੁਆਈਏ (ਪਾਲੀਏ ਪੋਸੀਏ)। ਅੰਧੁ–ਅੰਨ੍ਹਾ (ਗਿਆਨ ਹੀਣ; ਸੱਤਾ ਹੀਣ)। ਪਉਣੈ–ਪ੍ਰਾਣਾਂ (ਦੇ ਆਸਰੇ ਰਹਿਣ ਵਾਲਾ ਜੀਵਾਤਮਾ) ਨੂੰ। ਹਉ ਤਾ–ਮੈਂ ਤਾਂ। ਫਿਰਿ ਫਿਰਿ–ਮੁੜ ਮੁੜ। ਆਵਾ ਜਾਇ–ਆਉਂਦਾ ਜਾਂਦਾ ਹਾਂ। ਨ ਜਾਤੋ–ਨਹੀਂ ਜਾਣਿਆ। ਖਸਮ ਕਾ–ਮਾਲਕ ਪ੍ਰਭੂ ਦਾ। ਰਹਾ ਸਮਾਇ–ਸਚੇ ਪ੍ਰਭੂ ਵਿਚ ਸਮਾਇਆ ਰਹਿੰਦਾ।੧।

ਮਃ ੩ ॥ ਏਕੋ ਨਿਹਚਲ ਨਾਮ ਧਨੁ ,ਹੋਰੁ ਧਨੁ ਆਵੈ ਜਾਇ ॥ ਇਸੁ ਧਨ ਕਉ ਤਸਕਰੁ ਜੋਹਿ ਨ ਸਕਈ, ਨ ਓਚਕਾ ਲੈ ਜਾਇ ॥ ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ, ਜੀਐ ਨਾਲੇ ਜਾਇ ॥ ਪੂਰੇ ਗੁਰ ਤੇ ਪਾਈਐ, ਮਨਮੁਖਿ ਪਲੈ ਨ ਪਾਇ ॥ ਧਨੁ ਵਾਪਾਰੀ ਨਾਨਕਾ, ਜਿਨ੍ਾ ਨਾਮ ਧਨੁ ਖਟਿਆ ਆਇ ॥੨॥ (ਹੇ ਭਾਈ!) ਇਕ ਨਾਮ ਹੀ ਕਾਇਮ ਰਹਿਣ ਵਾਲਾ ਧਨ ਹੈ, ਹੋਰ (ਦੁਨਿਆਵੀ) ਧਨ ਆਉਂਦਾ ਤੇ ਜਾਂਦਾ ਰਹਿੰਦਾ ਹੈ। ਇਸ (ਨਾਮ) ਧਨ ਨੂੰ ਚੋਰ ਦੇਖ ਵੀ ਨਹੀਂ ਸਕਦਾ ਅਤੇ ਨਾ ਠੱਗ ਲੈ ਜਾ ਸਕਦਾ ਹੈ। ਹਰੀ ਦਾ ਇਹ ਨਾਮ ਰੂਪ ਧਨ ਜੀਵਾਤਮਾ ਦੇ ਨਾਲ ਮਿਲਿਆ ਰਹਿੰਦਾ ਹੈ ਅਤੇ ਜੀਵਾਤਮਾ ਦੇ ਨਾਲ ਹੀ (ਪ੍ਰਲੋਕ ਨੂੰ) ਜਾਂਦਾ ਹੈ। (ਇਹ ਧਨ) ਪੂਰੇ ਗੁਰੂ ਤੋਂ ਪਾਈਦਾ ਹੈ, (ਪਰ) ਮਨਮੁਖਾਂ ਦੇ (ਹਿਰਦੇ ਰੂਪ) ਪੱਲੇ ਵਿਚ ਨਹੀਂ ਪੈਂਦਾ। ਹੇ ਨਾਨਕ! (ਉਹ ਗੁਰਮੁਖ ਰੂਪ) ਵਪਾਰੀ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ (ਸੰਸਾਰ ਵਿਚ) ਆ ਕੇ ਨਾਮ ਧਨ ਖੱਟਿਆ ਹੈ।੨।

ਪਉੜੀ ॥ ਮੇਰਾ ਸਾਹਿਬੁ ਅਤਿ ਵਡਾ, ਸਚੁ ਗਹਿਰ ਗੰਭੀਰਾ ॥ ਸਭੁ ਜਗੁ ਤਿਸ ਕੈ ਵਸਿ ਹੈ, ਸਭੁ ਤਿਸ ਕਾ ਚੀਰਾ ॥ ਗੁਰ ਪਰਸਾਦੀ ਪਾਈਐ, ਨਿਹਚਲੁ ਧਨੁ ਧੀਰਾ ॥ ਕਿਰਪਾ ਤੇ ਹਰਿ ਮਨਿ ਵਸੈ, ਭੇਟੈ ਗੁਰੁ ਸੂਰਾ ॥ ਗੁਣਵੰਤੀ ਸਾਲਾਹਿਆ, ਸਦਾ ਥਿਰੁ ਨਿਹਚਲੁ ਹਰਿ ਪੂਰਾ ॥੭॥ (ਹੇ ਭਾਈ!) ਮੇਰਾ ਮਾਲਕ ਪ੍ਰਭੂ ਬਹੁਤ ਵੱਡਾ ਹੈ ਅਤੇ ਡੂੰਘਾ ਤੇ ਅਡੋਲ ਹੈ। ਸਾਰਾ ਜਗਤ ਉਸ ਪ੍ਰਭੂ ਦੇ ਵਸ ਵਿਚ ਹੈ ਤੇ ਸਾਰਾ (ਸੰਸਾਰ) ਉਸੇ ਦਾ ਵਿਸਥਾਰ ਹੈ; ਸਭ ਜਗ੍ਹਾ ਉਸ ਦਾ ਹੁਕਮ ਚਲਦਾ ਹੈ। (ਪ੍ਰਭੂ ਦਾ ਨਾਮ ਰੂਪ) ਧਨ ਸਦਾ ਕਾਇਮ ਰਹਿਣ ਵਾਲਾ ਹੈ ਤੇ (ਮਨ ਨੂੰ) ਧੀਰਜ ਦੇਣ ਵਾਲਾ ਹੈ, (ਇਹ ਧਨ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਜੇ ਸੂਰਬੀਰ ਗੁਰੂ ਮਿਲ ਜਾਵੇ ਤਾਂ (ਉਸ ਦੀ) ਕਿਰਪਾ ਨਾਲ (ਇਹ ਧਨ) ਮਨ ਵਿਚ ਵਸ ਜਾਂਦਾ ਹੈ। ਗੁਣਵਾਨਾਂ (ਗੁਰਮੁਖਾਂ) ਨੇ ਪੂਰੇ ਪ੍ਰਭੂ ਨੂੰ ਸਲਾਹਿਆ ਹੈ,

ਜੋ ਸਦਾ ਥਿਰ ਤੇ ਨਿਹਚਲ ਹੈ (ਸਦਾ ਕਾਇਮ ਰਹਿਣ ਵਾਲਾ ਹੈ)।੭।

ਪਦਾਰਥ = ਨਿਹਚਲ–ਅਚੱਲ।ਕਉ–ਨੂੰ।ਤਸਕਰੁ–ਚੋਰ।ਜੋਹਿ ਨ ਸਕਈ–ਦੇਖ ਨਹੀਂ ਸਕਦਾ।ਓਚਕਾ (ਓਚੱਕਾ ਬੋਲੋ)–ਠੱਗ; ਜੇਬ ਕਤਰਾ।ਜੀਐ ਸੇਤੀ–ਜੀਵਾਤਮਾ ਦੇ ਨਾਲ।ਰਵਿ ਰਹਿਆ–ਮਿਲਿਆ ਰਹਿੰਦਾ ਹੈ।ਪਲੈ–(ਹਿਰਦੇ ਰੂਪ) ਪੱਲੇ ਵਿਚ।ਧਨੁ–ਧੰਨਤਾ ਦੇ ਯੋਗ।ਖਟਿਆ–ਕਮਾਇਆ।੨।ਪਉੜੀ।ਗਹਿਰ–ਡੂੰਘਾ।ਗੰਭੀਰਾ–ਅਡੋਲ; ਧੀਰਜ ਵਾਲਾ।ਅਤਿ–ਬਹੁਤ।ਚੀਰਾ–ਵਿਸਥਾਰ; ਹੁਕਮ ;ਤਾਕਤ।ਧਨੁ ਧੀਰਾ–ਧੀਰਜ ਦੇਣ ਵਾਲਾ ਧਨ।ਭੇਟੈ–ਮਿਲ ਜਾਵੇ।ਸੂਰਾ–ਸੂਰਬੀਰ।ਗੁਣਵੰਤੀ–ਗੁਣਵਾਨਾਂ ਨੇ।੭।

ਸਲੋਕੁ ਮਃ ੩ ॥ ਧ੍ਰਿਗੁ ਤਿਨ੍ਾ ਦਾ ਜੀਵਿਆ, ਜੋ ਹਰਿ ਸੁਖੁ ਪਰਹਰਿ ਤਿਆਗਦੇ, ਦੁਖੁ ਹਉਮੈ ਪਾਪ ਕਮਾਇ ॥ ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ, ਤਿਨ੍ ਬੂਝ ਨ ਕਾਈ ਪਾਇ ॥ ਹਲਤਿ ਪਲਤਿ ਓਇ ਸੁਖੁ ਨ ਪਾਵਹਿ, ਅੰਤਿ ਗਏ ਪਛੁਤਾਇ ॥ ਗੁਰ ਪਰਸਾਦੀ ਕੋ ਨਾਮੁ ਧਿਆਏ, ਤਿਸੁ ਹਉਮੈ ਵਿਚਹੁ ਜਾਇ ॥ ਨਾਨਕ ਜਿਸੁ ਪੂਰਬਿ ਹੋਵੈ ਲਿਖਿਆ, ਸੋ ਗੁਰ ਚਰਣੀ ਆਇ ਪਾਇ ॥੧ ॥ ਉਨ੍ਹਾਂ ਮਨੁੱਖਾਂ ਦਾ ਜਿਉਣਾ ਧ੍ਰਿਗ ਹੈ, ਜੋ ਸੁਖ ਰੂਪ ਹਰੀ ਨੂੰ ਦੂਰ ਕਰਕੇ ਛਡ ਹੀ ਦੇਂਦੇ ਹਨ ਤੇ ਹਉਮੈ ਵਿਚ ਪਾਪ ਕਮਾ ਕੇ ਦੁਖ ਪਾਉਂਦੇ ਹਨ।ਮਨਮੁਖ ਲੋਕ ਅਗਿਆਨੀ ਹਨ, ਜੋ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ, ਉਨ੍ਹਾਂ ਨੂੰ (ਭਲੇ ਬੁਰੇ ਦੀ) ਕੋਈ ਸਮਝ ਨਹੀਂ ਪੈਂਦੀ।ਉਹ ਲੋਕ ਪ੍ਰਲੋਕ ਵਿਚ ਕਿਤੇ ਵੀ ਸੁਖ ਨਹੀਂ ਪਾਉਂਦੇ, ਅੰਤ ਵਿਚ ਪਛਤਾ ਕੇ (ਇਥੋਂ ਉਹ) ਚਲੇ ਗਏ ਹਨ।(ਪਰ ਜੇ) ਕੋਈ ਮਨੁੱਖ ਗੁਰੂ ਦੀ ਕ੍ਰਿਪਾ ਨਾਲ ਨਾਮ ਧਿਆਵੇ, ਤਾਂ ਉਸ ਦੇ ਮਨ ਵਿਚੋਂ ਹਉਮੈ ਚਲੇ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ (ਮਨੁੱਖ ਦੇ ਭਾਗਾਂ ਵਿਚ) ਪਹਿਲਾਂ ਤੋਂ ਹੀ ਲਿਖਿਆ ਹੋਇਆ ਹੋਵੇ, ਉਹ ਗੁਰੂ ਦੇ ਚਰਨਾਂ ਵਿਚ ਆ ਪੈਂਦਾ ਹੈ।੧।

ਮਃ ੩ ॥ ਮਨਮੁਖੁ ਊਧਾ ਕਉਲੁ ਹੈ, ਨਾ ਤਿਸੁ ਭਗਤਿ ਨ ਨਾਉ ॥ ਸਕਤੀ ਅੰਦਰਿ ਵਰਤਦਾ, ਕੂੜੁ ਤਿਸ ਕਾ ਹੈ ਉਪਾਉ ॥ ਤਿਸ ਕਾ ਅੰਦਰੁ ਚਿਤੁ ਨ ਭਿਜਈ, ਮੁਖਿ ਫੀਕਾ ਆਲਾਉ ॥ ਓਇ ਧਰਮਿ ਰਲਾਏ ਨਾ ਰਲਨਿ੍ ,ਓਨ੍ਾ ਅੰਦਰਿ ਕੂੜੁ ਸੁਆਉ ॥ ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ ਬੋਲਿ ਬੋਲਿ ਡੁਬੇ, ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥ ਮਨਮੁਖ ਮੂਧੇ ਕਵਲ ਫੁੱਲ ਵਾਂਗ ਹੈ (ਪ੍ਰਭੂ ਤੋਂ ਬੇਮੁਖ ਹੈ, ਇਸ ਕਰਕੇ) ਉਸ ਵਿਚ ਨਾ ਭਗਤੀ (ਦਾ ਰਸ) ਹੈ ਤੇ ਨਾ ਹੀ (ਉਹ ਪ੍ਰਭੂ ਦਾ) ਨਾਮ ਜਪਦਾ ਹੈ।(ਉਹ) ਮਾਇਆ ਵਿਚ ਵਰਤਦਾ (ਕੰਮ ਕਰਦਾ) ਹੈ ਅਤੇ ਉਸ ਦਾ (ਮਾਇਆ ਕਮਾਉਣ ਦਾ) ਸਾਰਾ ਜਤਨ ਝੂਠਾ (ਨਿਸਫਲ) ਹੈ।ਅੰਦਰੋਂ ਉਸ ਦਾ ਚਿਤ ਭਿੱਜਦਾ ਨਹੀਂ ਅਤੇ ਮੂੰਹੋਂ ਵੀ ਫਿੱਕਾ ਬੋਲ ਬੋਲਦਾ ਰਹਿੰਦਾ ਹੈ।ਉਹ ਧਰਮੀ ਲੋਕਾਂ ਵਿਚ ਰਲਾਏ ਨਹੀਂ ਰਲਦੇ, ਕਿਉਂਕਿ ਉਨ੍ਹਾਂ ਦੇ ਅੰਦਰ ਝੂਠ ਤੇ ਸੁਆਰਥ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਕਰਤਾਰ ਨੇ ਬਣਤ (ਹੀ ਐਸੀ) ਬਣਾਈ ਹੈ ਕਿ ਮਨਮੁਖ ਝੂਠ ਬੋਲ ਬੋਲ ਕੇ (ਸੰਸਾਰ ਸਮੁੰਦਰ ਵਿਚ) ਡੁਬ ਗਏ ਹਨ ਅਤੇ ਗੁਰਮੁਖ ਨਾਮ ਜਪ ਕੇ ਤਰ ਗਏ ਹਨ।੨।

ਊਧਾ ਕਉਲੁ = ਪੁੱਠੇ ਹੋਏ ਕਮਲ ਦੇ ਫੁੱਲ ਵਿਚ ਮਹਿਕ, ਰੰਗ ਤੇ ਰਸ ਨਹੀਂ ਹੁੰਦਾ ਤੇ ਨਾ ਉਸ ਨੂੰ ਸੂਰਜ ਦਿਸਦਾ ਹੈ।ਸਿੱਧੇ ਕਮਲ ਫੁੱਲ ਨੂੰ ਸੂਰਜ ਦਿਸਦਾ ਹੈ, ਜਿਸ ਕਰਕੇ ਉਸ ਵਿਚ ਮਹਿਕ, ਰੰਗ ਤੇ ਰਸ ਆਦਿ ਪੈਦਾ ਹੁੰਦੇ ਹਨ।ਇਸ ਤਰ੍ਹਾਂ ਦਾ ਦ੍ਰਿਸ਼ਟਾਂਤ ਮਨ ਲਈ ਹੈ, ਜਦ ਮਨ ਰੱਬ ਤੋਂ ਬੇਮੁਖ ਹੁੰਦਾ ਹੈ, ਤਦੋਂ ਮਨ ਪੁੱਠਾ ਹੁੰਦਾ ਹੈ, ਜਿਸ ਕਰਕੇ ਮਨ ਰੱਬ ਦੀ ਮੇਹਰ ਤੋਂ ਬਾਂਝਾ ਰਹਿੰਦਾ ਹੈ ਅਤੇ ਉਸ ਵਿਚ ਸ਼ਰਧਾ, ਪ੍ਰੇਮਾ ਭਗਤੀ ਤੇ ਨਾਮ ਸਿਮਰਨ ਨਹੀਂ ਹੁੰਦਾ (ਸੰ.ਪੋ.)।

ਪਦਾਰਥ = ਧ੍ਰਿਗੁ–ਫਿਟਕਾਰ ਯੋਗ।ਪਰਹਰਿ–ਦੂਰ ਕਰਕੇ।ਕਮਾਇ–ਕਮਾ (ਕਰ) ਕੇ।ਮੋਹਿ–ਮੋਹ ਵਿਚ।ਵਿਆਪੇ–ਫਸੇ ਹੋਏ ਹਨ। ਤਿਨ੍–ਉਨ੍ਹਾਂ ਨੂੰ।ਬੂਝ–ਸਮਝ।ਕਾਈ–ਕੋਈ।ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਓਇ–ਉਹ।ਕੋ–ਕੋਈ (ਮਨੁੱਖ)। ਪੂਰਬਿ ਲਿਖਿਆ–(ਕੀਤੇ ਕਰਮਾਂ ਅਨੁਸਾਰ) ਰੱਬ ਦੇ ਦਰ ਤੋਂ ਭਾਗਾਂ ਵਿਚ ਲਿਖਿਆ ਲੇਖ।ਸੋ–ਉਹ (ਮਨੁੱਖ)।ਆਇ ਪਾਇ–ਆ ਪੈਂਦਾ ਹੈ।੧।ਊਧਾ–ਪੁੱਠਾ (ਉਲਟਾ)।ਕਉਲੁ–ਕਮਲ ਫੁੱਲ।ਸਕਤੀ–ਮਾਇਆ।ਕੂੜੁ–ਝੂਠ।ਤਿਸ ਕਾ–ਉਸ ਦਾ।ਉਪਾਉ–ਜਤਨ; ਉਦਮ।ਅੰਦਰੁ–ਮਨ; ਅੰਤਹਕਰਣ (ਮ.ਕੋ.)।ਨ ਭਿਜਈ–ਪਸੀਜਦਾ ਨਹੀਂ (ਖੁਸ਼ ਨਹੀਂ ਹੁੰਦਾ)।ਆਲਾਉ–ਬਚਨ।ਓਇ–ਉਹ। ਸੁਆਉ–ਸੁਆਰਥ।ਕਰਤੈ–ਕਰਤਾਰ ਨੇ।ਬਣਤ–ਰਚਨਾ; ਖੇਡ।ਤਰੇ–ਤਰ ਜਾਂਦੇ ਹਨ।੨।

ਪਉੜੀ ॥ ਬਿਨੁ ਬੂਝੇ ਵਡਾ ਫੇਰੁ ਪਇਆ, ਫਿਰਿ ਆਵੈ ਜਾਈ ॥ ਸਤਿਗੁਰ ਕੀ ਸੇਵਾ ਨ ਕੀਤੀਆ, ਅੰਤਿ ਗਇਆ ਪਛੁਤਾਈ ॥ ਆਪਣੀ ਕਿਰਪਾ ਕਰੇ ਗੁਰੁ ਪਾਈਐ, ਵਿਚਹੁ ਆਪੁ ਗਵਾਈ ॥ ਤ੍ਰਿਸਨਾ ਭੁਖ ਵਿਚਹੁ ਉਤਰੈ, ਸੁਖੁ ਵਸੈ ਮਨਿ ਆਈ ॥ ਸਦਾ ਸਦਾ ਸਾਲਾਹੀਐ, ਹਿਰਦੈ ਲਿਵ ਲਾਈ ॥੮॥ (ਗੁਰੂ ਦਾ ਉਪਦੇਸ਼) ਸਮਝੇ ਤੋਂ ਬਿਨਾ (ਮਨਮੁਖ ਨੂੰ ਜਨਮ ਮਰਣ ਦਾ) ਵੱਡਾ ਗੇੜ ਪੈ ਗਿਆ ਹੈ, (ਜਿਸ ਕਰਕੇ ਉਹ) ਮੁੜ ਆਉਂਦਾ ਜਾਂਦਾ ਰਹਿੰਦਾ ਹੈ।(ਕਿਉਂਕਿ ਉਸ ਨੇ) ਸਤਿਗੁਰੂ ਦੀ ਸੇਵਾ ਨਹੀਂ ਕੀਤੀ, ਅੰਤ ਸਮੇਂ ਪਛਤਾ ਕੇ (ਸੰਸਾਰ ਵਿਚੋਂ) ਚਲਾ ਗਿਆ।(ਜੇ ਪ੍ਰਭੂ) ਅਪਣੀ ਕ੍ਰਿਪਾ ਕਰੇ ਤਾਂ ਗੁਰੂ ਪਾਈਦਾ ਹੈ ਅਤੇ (ਗੁਰੂ ਦੀ ਸ਼ਰਣ ਵਿਚ ਰਹਿ ਕੇ ਮਨੁੱਖ

ਅਪਣੇ) ਮਨ ਵਿਚੋਂ ਆਪਾ ਭਾਵ ਗੁਆ ਦੇਂਦਾ ਹੈ।(ਆਪਾ ਭਾਵ ਦੂਰ ਹੋਣ ਨਾਲ) ਤ੍ਰਿਸ਼ਨਾ ਦੀ ਭੁੱਖ ਮਨ ਵਿਚੋਂ ਉਤਰ ਜਾਂਦੀ ਹੈ, ਅਤੇ ਮਨ ਵਿਚ ਸੁਖ ਆ ਵਸਦਾ ਹੈ।(ਇਸ ਲਈ) ਹਿਰਦੇ ਵਿਚ ਲਿਵ ਲਾ ਕੇ ਸਦਾ ਸਦਾ (ਪ੍ਰਭੂ ਨੂੰ) ਧਿਆਉਣਾ ਚਾਹੀਦਾ ਹੈ।੮।

ਪਦਾਰਥ = ਬਿਨੁ ਬੂਝੇ–ਸਮਝੇ ਬਿਨਾ।ਫੇਰੁ–(ਜਨਮ ਮਰਣ ਦਾ) ਲੰਬਾ ਚੱਕਰ।ਫਿਰਿ–ਮੁੜ ਮੁੜ।ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਹੈ।ਅੰਤਿ–ਸਮੇਂ।ਵਿਚਹੁ–ਮਨ ਵਿਚੋਂ।ਹਿਰਦੈ–ਹਿਰਦੇ ਵਿਚ।ਲਿਵ ਲਾਈ–ਲਿਵ ਲਾ ਕੇ।੮।

ਸਲੋਕੁ ਮਃ ੩ ॥ ਜਿ ਸਤਿਗੁਰੁ ਸੇਵੇ ਆਪਣਾ, ਤਿਸ ਨੋ ਪੂਜੇ ਸਭੁ ਕੋਇ ॥ ਸਭਨਾ ਉਪਾਵਾ ਸਿਰਿ ਉਪਾਉ ਹੈ, ਹਰਿ ਨਾਮੁ ਪਰਾਪਤਿ ਹੋਇ ॥ ਅੰਤਰਿ ਸੀਤਲ ਸਾਤਿ ਵਸੈ, ਜਪਿ ਹਿਰਦੈ ਸਦਾ ਸੁਖੁ ਹੋਇ ॥ ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ, ਨਾਨਕ ਨਾਮੁ ਵਡਾਈ ਹੋਇ ॥੧॥ (ਹੇ ਭਾਈ!) ਜਿਹੜਾ ਪੁਰਖ ਅਪਣੇ ਸਤਿਗੁਰੂ ਨੂੰ ਸੇਵਦਾ ਹੈ, ਉਸ ਨੂੰ ਸਭ ਕੋਈ ਪੂਜਦਾ ਹੈ।ਸਾਰੇ ਉਪਾਵਾਂ ਦਾ ਸ਼੍ਰੋਮਣੀ ਉਪਾਵ ਉਹ ਹੈ, (ਜਿਸ ਉਪਾਉ ਨਾਲ) ਹਰੀ ਦਾ ਨਾਮ ਪ੍ਰਾਪਤ ਹੋ ਜਾਵੇ।(ਨਾਮ ਜਪਣ ਨਾਲ) ਮਨ ਦੇ ਅੰਦਰ ਠੰਢ ਤੇ ਸ਼ਾਂਤੀ ਆ ਵਸਦੀ ਹੈ ਅਤੇ ਨਾਮ ਜਪ ਕੇ ਹਿਰਦੇ ਵਿਚ ਸਦਾ ਦੀ ਸੁਖ ਹੁੰਦਾ ਹੈ।(ਅਜੇਹੇ ਮਨੁੱਖ ਦਾ) ਖਾਣਾ ਅੰਮ੍ਰਿਤ ਰੂਪ ਹੈ ਤੇ ਪਹਿਨਣਾ ਵੀ ਅੰਮ੍ਰਿਤ ਰੂਪ ਹੈ (ਹਿਰਦੇ ਅੰਦਰ ਨਾਮ ਵਸਦਾ ਹੋਣ ਕਰਕੇ ਉਸ ਦਾ ਖਾਣਾ ਤੇ ਪਹਿਨਣਾ ਸੁਖਦਾਈ ਹੁੰਦਾ ਹੈ), ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਜਪਣ ਕਰਕੇ (ਅਜੇਹੇ ਮਨੁੱਖ) ਨੂੰ ਵਡਿਆਈ ਪ੍ਰਾਪਤ ਹੁੰਦੀ ਹੈ।੧।

ਅੰਗ ੫੧੨ = ਮਃ ੩ ॥ ਏ ਮਨ ਗੁਰ ਕੀ ਸਿਖ ਸੁਣਿ, ਹਰਿ ਪਾਵਹਿ ਗੁਣੀ ਨਿਧਾਨੁ ॥ ਹਰਿ ਸੁਖ ਦਾਤਾ ਮਨਿ ਵਸੈ, ਹਉਮੈ ਜਾਇ ਗੁਮਾਨੁ ॥ ਨਾਨਕ ਨਦਰੀ ਪਾਈਐ, ਤਾ ਅਨਦਿਨੁ ਲਾਗੈ ਧਿਆਨੁ ॥੨॥ ਹੇ (ਮੇਰੇ) ਮਨ! ਤੂੰ ਗੁਰੂ ਦੀ ਸਿੱਖਿਆ ਸੁਣ ਤਾਂ ਤੂੰ ਗੁਣਾਂ ਦੇ ਖਜਾਨੇ ਹਰੀ ਨੂੰ ਪਾ ਲਵੇਂਗਾ।ਜੇ ਸੁੱਖਾਂ ਦਾ ਦਾਤਾ ਹਰੀ ਮਨ ਵਿਚ ਵਸ ਜਾਵੇ ਤਾਂ (ਮਨ ਦੀ) ਹਉਮੈ ਤੇ ਜਾਤੀ ਗੁਮਾਨ ਮਿਟ ਜਾਂਦਾ ਹੈ।(ਗੁਰ ਦੀ ਸਿਖਿਆ ਹਰੀ ਦੀ) ਮੇਹਰ ਦੀ ਨਜਰ ਨਾਲ ਪਾਈਦੀ ਹੈ (ਜਦ ਇਹ ਪਾ ਲਈਦੀ ਹੈ), ਤਾਂ ਪ੍ਰਭੂ ਨਾਲ ਦਿਨ ਰਾਤ ਧਿਆਨ ਲਗਿਆ ਰਹਿੰਦਾ ਹੈ।੨।

ਪਦਾਰਥ = ਜਿ–ਜਿਹੜਾ।ਤਿਸ ਨੋ–ਉਸ ਨੂੰ।ਪੂਜੇ–ਪੂਜਦਾ (ਆਦਰ ਕਰਦਾ) ਹੈ।ਉਪਾਵਾ–ਜਤਨ; ਸਾਧਨ ਦਾ।ਸਿਰਿ–ਸ਼ੋਮਣੀ। ਅੰਤਰਿ–ਮਨ ਦੇ ਅੰਦਰ।ਸੀਤਲ–ਠੰਢ।੧।ਏ ਮਨ–ਹੇ ਮੇਰੇ ਮਨ।ਸਿਖ–ਸਿੱਖਿਆ।ਗੁਣੀ ਨਿਧਾਨੁ–ਗੁਣਾਂ ਦਾ ਖਜਾਨਾ।ਨਦਰੀ–ਪ੍ਰਭੂ ਦੀ ਮੇਹਰ ਦੀ ਨਜਰ ਨਾਲ।ਤਾ–ਤਾਂ; ਤਦ।ਅਨਦਿਨੁ–ਹਰ ਰੋਜ (ਸਦਾ)।੨।

ਪਉੜੀ ॥ ਸਤੁ ਸੰਤੋਖੁ ਸਭੁ ਸਚੁ ਹੈ, ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ, ਮਨੁ ਸਹਜੇ ਜਿਤਾ ॥ ਤਹ ਜੋਤਿ ਪ੍ਰਗਾਸੁ ਅਨੰਦ ਰਸੁ ,ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ, ਗੁਣ ਪਰਗਟੁ ਕਿਤਾ ॥ ਸਭਨਾ ਦਾਤਾ ਏਕੁ ਹੈ, ਇਕੋ ਹਰਿ ਮਿਤਾ ॥੯॥ ਗੁਰਮੁਖ ਦਾ ਜੀਵਨ ਪਵਿਤ੍ਰ ਹੈ, (ਉਸ ਦੇ ਮਨ ਅੰਦਰ) ਸਤ ਸੰਤੋਖ ਤੇ ਸੱਚ ਸਰੂਪ ਪ੍ਰਭ ਦਾ ਗਿਆਨ ਆਦਿ ਸਭ ਗੁਣ ਹਨ।(ਉਸ ਦੇ) ਅੰਦਰੋਂ ਕਪਟ ਤੇ ਵਿਕਾਰ ਮਿਟ ਗਿਆ ਹੈ ਅਤੇ (ਉਸ ਨੇ) ਸੁਤੇ ਸਿੱਧ ਹੀ ਮਨ ਨੂੰ ਜਿਤ ਲਿਆ ਹੈ।ਉਥੇ (ਗੁਰਮੁਖ ਦੇ ਹਿਰਦੇ ਵਿਚ) ਰੱਬ ਦੀ ਜੋਤ ਦਾ ਪ੍ਰਕਾਸ਼ ਹੋ ਗਿਆ ਹੈ, ਅਨੰਦ ਰਸ ਪ੍ਰਾਪਤ ਹੋ ਗਿਆ ਹੈ ਅਤੇ (ਉਸ ਨੇ) ਅਗਿਆਨ ਗੁਆ ਦਿਤਾ ਹੈ।(ਉਹ) ਹਰ ਰੋਜ ਹਰੀ ਦੇ ਗੁਣ ਗਾਉਂਦਾ ਹੈ ਤੇ (ਉਸ ਨੇ ਹਰੀ ਦੇ ਗੁਣਾਂ ਨੂੰ ਹੋਰਨਾਂ ਵਿਚ ਵੀ) ਪਰਗਟ ਕੀਤਾ ਹੈ। ਸਭਨਾਂ ਜੀਵਾਂ ਦਾ ਇਕ ਹਰੀ ਹੀ ਦਾਤਾ ਹੈ ਅਤੇ ਇਕੋ ਹਰੀ (ਸਭਨਾਂ ਦਾ) ਮਿਤ੍ਰ ਹੈ।੯।

ਪਦਾਰਥ = ਪਵਿਤਾ–ਪਵਿਤ੍ਰ।ਸਹਜੇ–ਸੁਤੇ ਸਿੱਧ (ਸੌਖੇ ਹੀ)।ਜਿਤਾ–ਜਿਤ ਲਿਆ।ਤਹ–ਉਥੇ।ਗਵਿਤਾ–ਗੁਆ ਦਿਤਾ।ਅਨਦਿਨੁ–ਹਰ ਰੋਜ।ਰਵੈ–ਉਚਾਰਦਾ (ਗਾਉਂਦਾ) ਹੈ।ਕਿਤਾ–ਕੀਤਾ ਹੈ।ਏਕੁ–ਇਕ ਪ੍ਰਭੂ।ਮਿਤਾ–ਮਿਤ੍ਰ।੯।

ਸਲੋਕੁ ਮਃ ੩ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ, ਜਿ ਅਨਦਿਨੁ ਹਰਿ ਲਿਵ ਲਾਏ ॥ ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ, ਹਉਮੈ ਰੋਗੁ ਤਿਸੁ ਜਾਏ ॥ ਹਰਿ ਗੁਣ ਗਾਵੈ ਗੁਣ ਸੰਗ੍ਰਹੈ, ਜੋਤੀ ਜੋਤਿ ਮਿਲਾਏ ॥ ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ, ਜਿ ਹਉਮੈ ਮੇਟਿ ਸਮਾਏ ॥ ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ, ਜਿ ਅਨਦਿਨੁ ਹਰਿ ਨਾਮੁ ਧਿਆਏ ॥੧॥ (ਹੇ ਭਾਈ!) ਉਹ ਬ੍ਰਾਹਮਣ ਆਖੀਦਾ ਹੈ, ਜਿਹੜਾ ਹਰ ਰੋਜ ਹਰੀ ਵਿਚ ਲਿਵ ਲਾਈ ਰੱਖੇ ਤੇ ਬ੍ਰਹਮ ਨੂੰ ਜਾਣ ਲਵੇ।(ਉਹ) ਸਤਿਗੁਰੂ ਨੂੰ ਪੁੱਛੇ (ਗੁਰੂ ਦੀ ਸਿੱਖਿਆ ਲਵੇ, ਤੇ) ਸੱਚ ਤੇ ਸੰਜਮ ਕਮਾਵੇ (ਸਚ ਬੋਲੇ ਤੇ ਇੰਦ੍ਰੀਆਂ ਨੂੰ ਵਸ ਵਿਚ ਰਖੇ), ਉਸ (ਬ੍ਰਾਹਮਣ) ਦਾ ਹਉਮੈ ਰੋਗ ਮਿਟ ਜਾਂਦਾ ਹੈ।(ਉਹ) ਹਰੀ ਦੇ ਗੁਣ ਗਾਵੇ, ਗੁਣ ਇਕੱਠੇ ਕਰੇ ਅਤੇ ਹਰੀ ਦੀ ਜੋਤ ਵਿਚ (ਅਪਣੀ ਆਤਮ) ਜੋਤ ਮਿਲਾ ਲਵੇ।ਇਸ ਜੁਗ ਵਿਚ (ਇਸ ਤਰ੍ਹਾਂ ਦਾ) ਕੋਈ ਵਿਰਲਾ ਬ੍ਰਹਮ ਗਿਆਨੀ ਹੈ, ਜਿਹੜਾ ਹਉਮੈ ਨੂੰ ਮਿਟਾ ਕੇ (ਹਰੀ ਨਾਲ) ਮਿਲ ਜਾਵੇ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜਾ ਪੁਰਖ ਹਰ ਰੋਜ ਹਰੀ ਦਾ ਨਾਮ ਧਿਆਵੇ, ਉਸ ਨੂੰ ਮਿਲਿਆਂ ਸਦਾ ਹੀ ਸੁਖ ਪਾਈਦਾ ਹੈ।੧।

ਮਃ ੩ ॥ ਅੰਤਰਿ ਕਪਟੁ ਮਨਮੁਖ ਅਗਿਆਨੀ, ਰਸਨਾ ਝੂਠੁ ਬੋਲਾਇ ॥ ਕਪਟਿ ਕੀਤੈ ਹਰਿ ਪੁਰਖੁ ਨ ਭੀਜੈ, ਨਿਤ ਵੇਖੈ ਸੁਣੈ ਸੁਭਾਇ ॥ ਦੂਜੈ ਭਾਇ ਜਾਇ ਜਗੁ ਪਰਬੋਧੈ, ਬਿਖੁ ਮਾਇਆ ਮੋਹ ਸੁਆਇ ॥ ਇਤੁ ਕਮਾਣੈ ਸਦਾ ਦੁਖੁ ਪਾਵੈ, ਜੰਮੈ ਮਰੈ ਫਿਰਿ ਆਵੈ ਜਾਇ ॥ ਸਹਸਾ ਮੂਲਿ ਨ ਚੁਕਈ, ਵਿਚਿ ਵਿਸਟਾ ਪਚੈ ਪਚਾਇ ॥ ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ, ਤਿਸੁ ਗੁਰ ਕੀ ਸਿਖ ਸੁਣਾਇ ॥ ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ, ਹਰਿ ਨਾਮੋ ਅੰਤਿ ਛਡਾਇ ॥੨॥ ਮਨਮੁਖ ਜੋ ਅਗਿਆਨੀ ਹੈ, (ਉਸ ਦੇ ਮਨ) ਅੰਦਰ ਕਪਟ ਹੈ ਅਤੇ ਰਸਨਾ ਨਾਲ ਝੂਠ ਬੋਲਦਾ ਹੈ। ਕਪਟ ਕੀਤਿਆਂ ਹਰੀ ਨਹੀਂ ਭਿਜਦਾ (ਪ੍ਰਸੰਨ ਨਹੀਂ ਹੁੰਦਾ, ਹਰੀ ਹਰੇਕ ਕਰਮ) ਸੁਭਾਵਕ ਹੀ ਨਿਤ ਦੇਖਦਾ ਤੇ ਸੁਣਦਾ ਹੈ। ਉਹ ਦੂਜੇ ਭਾਵ ਵਿਚ ਜਾ ਕੇ ਜਗਤ ਨੂੰ ਸਿੱਖਿਆ ਦੇਂਦਾ ਹੈ, (ਕਿਉਂਕਿ ਉਸ ਦੇ ਮਨ ਵਿਚ) ਬਿਖ ਰੂਪ ਮਾਇਆ ਦਾ ਮੋਹ ਤੇ ਸੁਆਰਥ ਹੁੰਦਾ ਹੈ। ਇਸ ਤਰ੍ਹਾਂ ਦੀ ਕਮਾਈ ਕਰਨ ਕਰਕੇ ਉਹ ਸਦਾ ਦੁਖ ਪਾਉਂਦਾ ਹੈ, ਉਹ ਜੰਮਦਾ ਹੈ ਤੇ ਮਰ ਜਾਂਦਾ ਹੈ (ਇਉਂ ਉਹ ਜੋਨੀਆਂ ਵਿਚ) ਮੁੜ ਮੁੜ ਆਉਂਦਾ ਜਾਂਦਾ ਰਹਿੰਦਾ ਹੈ। (ਉਸ ਦਾ) ਭਰਮ ਕਦੇ ਵੀ ਦੂਰ ਨਹੀਂ ਹੁੰਦਾ ਅਤੇ ਵਿਸ਼ਟਾ ਵਿਚ ਪਿਆ ਖਰਾਬ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਖਰਾਬ ਕਰਦਾ ਹੈ। ਜਿਸ ਪੁਰਖ ਉਤੇ ਮੇਰਾ ਸੁਆਮੀ ਕ੍ਰਿਪਾ ਕਰਦਾ ਹੈ, ਉਸ ਨੂੰ ਗੁਰੂ ਦੀ ਸਿੱਖਿਆ ਸੁਣਾਉਂਦਾ ਹੈ। (ਫਿਰ ਉਹ) ਹਰੀ ਦਾ ਨਾਮ ਸਿਮਰਦਾ ਹੈ ਤੇ ਹਰੀ ਦੇ ਨਾਮ ਨੂੰ ਹੀ ਗਾਉਂਦਾ ਹੈ, ਅੰਤ ਸਮੇਂ ਹਰੀ ਦਾ ਨਾਮ ਹੀ (ਉਸ ਨੂੰ ਜਮਾਂ ਤੋਂ) ਛੁਡਾਉਂਦਾ ਹੈ।੨।

ਪਦਾਰਥ = ਬ੍ਰਹਮੁ–ਪ੍ਰਮਾਤਮਾ। ਬਿੰਦੇ–ਜਾਣ ਲਵੇ। ਸੋ–ਉਹ। ਜਿ–ਜਿਹੜਾ। ਅਨਦਿਨੁ–ਹਰ ਰੋਜ। ਸੰਜਮੁ–ਇੰਦ੍ਰੀਆਂ ਨੂੰ ਕਾਬੂ ਰਖੇ। ਸੰਗ੍ਰਹੈ–ਇਕੱਠਾ ਕਰੇ। ਜੋਤੀ ਜੋਤਿ ਮਿਲਾਏ–ਹਰੀ ਦੀ ਜੋਤ ਵਿਚ ਆਤਮ ਜੋਤ ਮਿਲਾਵੇ। ਜੁਗ ਮਹਿ–ਕਲਜੁਗ ਵਿਚ। ਕੋ–ਕੋਈ। ਸਮਾਏ –ਮਿਲ ਜਾਵੇ।੧। ਰਸਨਾ–ਜੀਭ ਨਾਲ। ਨ ਭੀਜੈ–ਪ੍ਰਸੰਨ ਨਹੀਂ ਹੁੰਦਾ। ਨਿਤ–ਸਦਾ। ਸੁਭਾਇ–ਸੁਭਾਵਕ ਹੀ। ਦੂਜੈ ਭਾਇ–ਦ੍ਵੈਤ ਭਾਵ ਵਿਚ। ਪਰਬੋਧੈ–ਸਿੱਖਿਆ ਦੇਂਦਾ ਹੈ। ਬਿਖੁ ਮਾਇਆ–ਜਹਿਰ ਰੂਪ ਮਾਇਆ। ਸੁਆਇ–ਸੁਆਰਥ; ਲਾਭ। ਇਤੁ ਕਮਾਣੈ–ਇਸ ਤਰ੍ਹਾਂ ਦੀ ਕਮਾਈ ਕਰਨ ਨਾਲ। ਫਿਰਿ–ਮੁੜ ਮੁੜ। ਸਹਸਾ–ਭਰਮ। ਮੂਲਿ–ਕਦੇ ਵੀ; ਬਿਲਕੁਲ। ਨ ਚੁਕਈ–ਦੂਰ ਨਹੀਂ ਹੁੰਦਾ। ਵਿਸਟਾ–ਗੰਦ। ਪਚੈ ਪਚਾਇ–ਖਰਾਬ ਹੁੰਦਾ ਹੈ ਤੇ ਹੋਰਾਂ ਨੂੰ ਖਰਾਬ ਕਰਦਾ ਹੈ। ਸਿਖ–ਸਿੱਖਿਆ। ਅੰਤਿ–ਅੰਤ (ਮਰਨ) ਸਮੇਂ।੨।

ਪਉੜੀ ॥ ਜਿਨਾ ਹੁਕਮੁ ਮਨਾਇਓਨੁ ,ਤੇ ਪੂਰੇ ਸੰਸਾਰਿ ॥ ਸਾਹਿਬੁ ਸੇਵਨ੍ਹਿ ਆਪਣਾ, ਪੂਰੈ ਸਬਦਿ ਵੀਚਾਰਿ ॥ ਹਰਿ ਕੀ ਸੇਵਾ ਚਾਕਰੀ, ਸਚੈ ਸਬਦਿ ਪਿਆਰਿ ॥ ਹਰਿ ਕਾ ਮਹਲੁ ਤਿਨ੍ਹੀ ਪਾਇਆ, ਜਿਨ੍ਹ ਹਉਮੈ ਵਿਚਹੁ ਮਾਰਿ ॥ ਨਾਨਕ ਗੁਰਮੁਖਿ ਮਿਲਿ ਰਹੇ, ਜਪਿ ਹਰਿ ਨਾਮਾ ਉਰ ਧਾਰਿ ॥੧੦॥ ਉਹ ਸੰਸਾਰ ਵਿਚ ਪੂਰਨ ਪੁਰਖ ਹਨ, ਜਿਨ੍ਹਾਂ ਨੂੰ ਉਸ ਪ੍ਰਭੂ ਨੇ (ਅਪਣਾ) ਹੁਕਮ ਮਨਵਾ ਲਿਆ ਹੈ। (ਉਹ ਪੁਰਖ) ਪੂਰੇ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਅਪਣੇ ਮਾਲਕ ਪ੍ਰਭੂ ਨੂੰ ਸਿਮਰਦੇ ਹਨ। ਸੱਚੇ ਸ਼ਬਦ ਵਿਚ ਜੁੜ ਕੇ (ਹਰੀ ਨਾਲ ਉਹ) ਪਿਆਰ ਕਰਦੇ ਹਨ, (ਉਨ੍ਹਾਂ ਲਈ ਇਹੋ ਹੀ) ਹਰੀ ਦੀ ਸੇਵਾ ਤੇ ਨੌਕਰੀ ਹੈ (ਨੌਕਰੀ ਵਾਂਗ ਸੇਵਾ ਕਰਦੇ ਹਨ) । ਜਿਨ੍ਹਾਂ (ਮਨੁੱਖਾਂ) ਨੇ ਅਪਣੇ ਮਨ ਵਿਚੋਂ ਹਉਮੈ ਨੂੰ ਮਾਰ ਦਿਤਾ ਹੈ, ਉਨ੍ਹਾਂ ਨੇ ਹਰੀ ਦਾ ਮਹਿਲ ਪਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਹਰੀ ਦਾ ਨਾਮ ਜਪ ਕੇ ਅਤੇ ਹਿਰਦੇ ਵਿਚ ਧਾਰਣ ਕਰਕੇ (ਹਰੀ ਨਾਲ) ਮਿਲੇ ਰਹਿੰਦੇ ਹਨ।੧੦।

ਪਦਾਰਥ = ਮਨਾਇਓਨੁ–ਮਨਵਾ ਲਿਆ ਉਸ ਨੇ। ਸੇਵਨ੍ਹਿ–ਸਿਮਰਦੇ ਹਨ। ਪੂਰੇ–ਪੂਰਨ ਪੁਰਖ। ਸਬਦਿ ਵੀਚਾਰਿ–ਸ਼ਬਦ ਦੀ ਵਿਚਾਰ ਦੁਆਰਾ। ਚਾਕਰੀ–ਨੌਕਰੀ (ਭਗਤੀ)। ਮਹਲੁ–ਹਰੀ ਦਾ ਸਰੂਪ। ਉਰ–ਹਿਰਦੇ ਵਿਚ। ਧਾਰਿ–ਧਾਰਣ ਕਰਕੇ।੧੦।

ਸਲੋਕੁ ਮਃ ੩ ॥ ਗੁਰਮੁਖਿ ਧਿਆਨ ਸਹਜ ਧੁਨਿ ਉਪਜੈ, ਸਚਿ ਨਾਮਿ ਚਿਤੁ ਲਾਇਆ ॥ ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ, ਹਰਿ ਕਾ ਨਾਮੁ ਮਨਿ ਭਾਇਆ ॥ ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ, ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥ ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ, ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ ਜਿਸ ਨੋ ਕਰਮੁ ਹੋਵੈ ਧੁਰਿ ਪੂਰਾ, ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥ (ਜਿਸ ਪੁਰਖ ਨੇ) ਪ੍ਰਭੂ ਦੇ ਸੱਚੇ ਨਾਮ ਵਿਚ ਚਿਤ ਲਾਇਆ ਹੈ, (ਉਸ) ਗੁਰਮੁਖ (ਦੇ ਹਿਰਦੇ ਵਿਚ) ਧਿਆਨ ਅਤੇ ਨਾਮ ਸਿਮਰਨ ਦੀ ਅਖੰਡ ਧੁਨੀ ਪੈਦਾ ਹੋ ਜਾਂਦੀ ਹੈ (ਅਪਣੇ ਆਪ ਧਿਆਨ ਜੁੜ ਜਾਂਦਾ ਹੈ ਤੇ ਸਿਮਰਨ ਹੋਣ ਲਗ ਜਾਂਦਾ ਹੈ)। ਗੁਰਮੁਖ ਹਰ ਰੋਜ ਨਾਮ ਰੰਗ ਵਿਚ ਰੰਗਿਆ ਰਹਿੰਦਾ ਹੈ, (ਉਸ ਨੂੰ) ਮਨ ਵਿਚ ਹਰੀ ਦਾ ਨਾਮ ਪਿਆਰਾ ਲੱਗਾ ਹੈ। ਗੁਰਮੁਖ ਹਰੀ ਨੂੰ ਦੇਖਦੇ ਹਨ, ਹਰੀ ਦਾ ਨਾਮ ਜਪਦੇ ਹਨ ਤੇ ਗੁਰਮੁਖਾਂ ਨੇ ਸੁਭਾਵਕ ਹੀ ਹਰੀ ਨਾਲ ਪ੍ਰੇਮ ਲਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖਾਂ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ, (ਜਿਸ ਕਰਕੇ ਉਨ੍ਹਾਂ ਨੇ) ਅੰਨ੍ਹਾਂ ਕਰ ਦੇਣ ਵਾਲਾ ਅਗਿਆਨ ਰੂਪ ਹਨ੍ਹੇਰਾ ਚੁਕਾ ਦਿਤਾ ਹੈ। ਜਿਸ (ਪੁਰਖ) ਨੂੰ ਧੁਰ ਤੋਂ ਹਰੀ ਦੀ ਮੇਹਰ ਹੁੰਦੀ ਹੈ, ਉਸ ਗੁਰਮੁਖ ਨੇ ਹਰੀ ਦਾ ਨਾਮ ਧਿਆਇਆ ਹੈ।੧।

ਮਃ ੩ ॥ ਸਤਿਗੁਰੁ ਜਿਨਾ ਨ ਸੇਵਿਓ, ਸਬਦਿ ਨ ਲਗੋ ਪਿਆਰੁ ॥ ਸਹਜੇ ਨਾਮੁ ਨ ਧਿਆਇਆ, ਕਿਤੁ ਆਇਆ ਸੰਸਾਰਿ ॥ ਫਿਰਿ

ਫਿਰਿ ਜੂਨੀ ਪਾਈਐ, ਵਿਸਟਾ ਸਦਾ ਖੁਆਰੁ ॥ ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਨੂੰ ਨਹੀਂ ਸੇਵਿਆ, (ਉਨ੍ਹਾਂ ਦਾ ਗੁਰੂ ਦੇ) ਸ਼ਬਦ ਵਿਚ ਪਿਆਰ ਨਹੀਂ ਲੱਗਿਆ। ਸੌਖਾ ਪ੍ਰਾਪਤ ਹੋਣ ਵਾਲਾ ਨਾਮ (ਨਾਮ ਸੁਤੇ ਸਿਧ ਮਨੁੱਖ ਦੇ ਅੰਦਰ ਹੈ, ਉਸ ਨਾਮ ਨੂੰ ਜਿਸ ਮਨੁੱਖ ਨੇ) ਨਹੀਂ ਸਿਮਰਿਆ, ਉਹ ਸੰਸਾਰ ਵਿਚ ਕਿਸ ਵਾਸਤੇ ਆਇਆ ਹੈ? (ਉਸ ਦਾ ਜੀਵਨ ਬਿਅਰਥ ਹੈ। ਅਜੇਹਾ ਮਨਮੁਖ) ਮੁੜ ਮੁੜ ਗਰਭ ਜੋਨੀਆਂ ਵਿਚ ਪਾਇਆ ਜਾਂਦਾ ਹੈ ਅਤੇ ਸਦਾ ਵਿਸ਼ਟਾ ਵਿਚ ਪਿਆ ਖੱਜਲ ਖੁਆਰ ਹੁੰਦਾ ਹੈ।

ਅੰਗ ੫੧੩ = ਕੂੜੈ ਲਾਲਚਿ ਲਗਿਆ, ਨਾ ਉਰਵਾਰੁ ਨ ਪਾਰੁ ॥ ਨਾਨਕ ਗੁਰਮੁਖਿ ਉਬਰੇ, ਜਿ ਆਪਿ ਮੇਲੇ ਕਰਤਾਰਿ ॥੨॥ ਝੂਠੇ ਲਾਲਚ ਵਿਚ ਲੱਗਿਆ ਮਨੁੱਖ ਨਾ ਇਸ ਕਿਨਾਰੇ ਉਤੇ ਹੈ ਤੇ ਨਾ ਪਾਰ ਲਗਦਾ ਹੈ (ਅਧ ਵਿਚਾਲੇ ਡੁਬ ਮਰਦਾ ਹੈ, ਨਾ ਇਸ ਲੋਕ ਵਿਚ ਸੁਖੀ ਤੇ ਨਾ ਪ੍ਰਲੋਕ ਵਿਚ ਢੋਈ ਮਿਲਦੀ ਹੈ)। ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ) ਗੁਰਮੁਖ (ਜਨਮ ਮਰਣ ਦੇ ਗੇੜ ਵਿਚ ਪੈਣ ਤੋਂ) ਬਚ ਜਾਂਦੇ ਹਨ, ਜਿਹੜੇ ਕਰਤਾਰ ਨੇ ਆਪ ਅਪਣੇ ਨਾਲ ਮੇਲ ਲਏ ਹਨ।੨।

ਪਦਾਰਥ = ਸਹਜ ਧੁਨਿ–ਨਾਮ ਸਿਮਰਨ ਦੀ ਅਖੰਡ ਧੁਨੀ। ਉਪਜੈ–ਪੈਦਾ ਹੁੰਦੀ ਹੈ। ਸਚਿ ਨਾਮਿ–ਸੱਚੇ ਨਾਮ ਵਿਚ। ਅਨਦਿਨੁ–ਹਰ ਰੋਜ। ਰੰਗਿ–ਨਾਮ ਰੰਗ ਵਿਚ। ਰਹੈ ਰਾਤਾ–ਰੰਗਿਆ ਰਹਿੰਦਾ ਹੈ। ਮਨਿ–ਮਨ ਵਿਚ। ਭਾਇਆ–ਮਿੱਠਾ ਲੱਗਾ ਹੈ। ਸਹਜਿ–ਸੁਭਾਵਕ ਹੀ। ਰੰਗੁ–ਪ੍ਰੇਮ। ਤਿਮਰੁ–ਹਨ੍ਹੇਰਾ। ਚੁਕਾਇਆ–ਦੂਰ ਕਰ ਦਿਤਾ। ਕਰਮੁ–ਬਖਸ਼ਿਸ਼। ਧੁਰਿ–ਧੁਰ ਤੋਂ (ਰਬ ਵੱਲੋਂ)। ਤਿਨਿ–ਉਸ ਨੇ।੧। ਨ ਸੇਵਿਓ–ਨਹੀਂ ਸੇਵਿਆ (ਸੇਵਾ ਨਹੀਂ ਕੀਤੀ)। ਸਹਜੇ–ਸੌਖਾ ਪ੍ਰਾਪਤ ਹੋਣ ਵਾਲਾ; ਸੁਤੇ ਸਿਧ। ਕਿਤੁ–ਕਿਸ ਵਾਸਤੇ। ਫਿਰਿ ਫਿਰਿ–ਮੁੜ ਮੁੜ। ਵਿਸਟਾ–ਗੰਦਗੀ ਵਿਚ। ਖੁਆਰੁ–ਦੁਖੀ ਹੁੰਦਾ ਹੈ। ਉਰਵਾਰੁ–ਉਰਲਾ ਕਿਨਾਰਾ। ਪਾਰ–ਪਾਰ ਵਾਲਾ ਕਿਨਾਰਾ।੨।

ਪਉੜੀ ॥ ਭਗਤ ਸਚੈ ਦਰਿ ਸੋਹਦੇ, ਸਚੈ ਸਬਦਿ ਰਹਾਏ ॥ ਹਰਿ ਕੀ ਪ੍ਰੀਤਿ ਤਿਨ ਊਪਜੀ, ਹਰਿ ਪ੍ਰੇਮ ਕਸਾਏ ॥ ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ, ਰਸਨਾ ਹਰਿ ਰਸੁ ਪਿਆਏ ॥ ਸਫਲੁ ਜਨਮੁ ਜਿਨੀ ਗੁਰਮੁਖਿ ਜਾਤਾ, ਹਰਿ ਜੀਉ ਰਿਦੈ ਵਸਾਏ ॥ ਬਾਝੁ ਗੁਰੂ ਫਿਰੈ ਬਿਲਲਾਦੀ, ਦੂਜੈ ਭਾਇ ਖੁਆਏ ॥੧੧॥ (ਪ੍ਰਮਾਤਮਾ ਦੇ) ਭਗਤ ਉਸ ਦੇ ਸੱਚੇ ਦਰ ਉਤੇ ਸੋਭਦੇ ਹਨ, (ਉਥੇ ਉਹ) ਸੱਚੇ ਸ਼ਬਦ ਦੁਆਰਾ ਟਿਕਾਏ ਰਹਿੰਦੇ ਹਨ। ਉਨ੍ਹਾਂ ਦੇ ਮਨ ਵਿਚ ਹਰੀ ਦੀ ਪ੍ਰੀਤ ਪੈਦਾ ਹੋ ਗਈ ਹੈ, ਉਹ ਹਰੀ ਦੇ ਪ੍ਰੇਮ ਦੇ ਖਿੱਚੇ ਹੋਏ ਹਨ। ਉਹ ਹਰੀ ਦੇ ਪ੍ਰੇਮ ਵਿਚ ਰੰਗੇ ਹੋਏ ਸਦਾ ਪ੍ਰੇਮ ਵਿਚ ਰਹਿੰਦੇ ਹਨ ਅਤੇ ਜੀਭ ਨਾਲ ਹਰੀ ਦਾ ਨਾਮ ਰਸ ਪੀਂਦੇ ਹਨ। ਜਿਨ੍ਹਾਂ ਗੁਰਮੁਖਾਂ ਨੇ ਹਰੀ ਜੀ ਨੂੰ ਜਾਣ ਲਿਆ ਹੈ ਅਤੇ ਹਿਰਦੇ ਵਿਚ ਵਸਾ ਲਿਆ ਹੈ, ਉਨ੍ਹਾਂ ਦਾ ਜਨਮ ਸਫਲ ਹੈ। ਗੁਰੂ ਤੋਂ ਬਿਨਾ (ਸਾਰੀ ਦੁਨੀਆਂ) ਦੂਜੇ ਭਾਵ ਵਿਚ ਕੁਰਾਹੇ ਪਈ ਹੋਈ ਰੋਂਦੀ (ਦੁਖੀ ਹੋਈ) ਫਿਰਦੀ ਹੈ।੧੧।

ਪਦਾਰਥ = ਸਚੈ ਦਰਿ–ਰੱਬ ਦੇ ਸੱਚੇ ਦਰਬਾਰ ਵਿਚ; ਦਰ ਉਤੇ। ਸੋਹਦੇ–ਸੋਭਦੇ ਹਨ। ਰਹਾਏ–ਟਿਕਾਏ ਰਹਿੰਦੇ ਹਨ। ਪ੍ਰੇਮ ਕਸਾਏ–ਪ੍ਰੇਮ ਦੇ ਖਿੱਚੇ ਹੋਏ। ਰੰਗਿ–ਪ੍ਰੇਮ ਵਿਚ। ਰਾਤੇ–ਰੰਗੇ ਹੋਏ ਹਨ। ਰਸਨਾ–ਜੀਭ ਨਾਲ। ਜਾਤਾ–ਜਾਣਿਆ ਹੈ। ਰਿਦੈ–ਹਿਰਦੇ ਵਿਚ। ਬਾਝੁ ਗੁਰੂ–ਗੁਰੂ ਤੋਂ ਬਿਨਾ। ਫਿਰੈ ਬਿਲਲਾਦੀ–ਰੋਂਦੀ ਫਿਰਦੀ ਹੈ। ਦੂਜੈ ਭਾਇ–ਦੁਬਿਧਾ ਵਿਚ। ਖੁਆਏ–ਕੁਰਾਹੇ ਪਈ ਹੋਈ।੧੧।

ਸਲੋਕੁ ਮਃ ੩ ॥ ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ, ਹਰਿ ਉਤਮ ਪਦੁ ਪਾਇਆ ॥ ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ, ਅਨਦਿਨੁ ਨਾਮੁ ਧਿਆਇਆ ॥ ਵਿਚੇ ਗ੍ਰਿਹ ਗੁਰ ਬਚਨਿ ਉਦਾਸੀ, ਹਉਮੈ ਮੋਹੁ ਜਲਾਇਆ ॥ ਆਪਿ ਤਰਿਆ ਕੁਲ ਜਗਤੁ ਤਰਾਇਆ, ਧਨੁ ਜਣੇਦੀ ਮਾਇਆ ॥ ਐਸਾ ਸਤਿਗੁਰੁ ਸੋਈ ਪਾਏ, ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ ॥ ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ ,ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥੧॥ ਕਲਜੁਗ ਵਿਚ ਨਾਮ ਰੂਪ ਖਜਾਨਾ ਭਗਤਾਂ ਨੇ ਖੱਟਿਆ ਹੈ, (ਇਸ ਕਰਕੇ ਉਨ੍ਹਾਂ ਨੇ) ਹਰੀ ਰੂਪ ਉਤਮ ਪਦ ਪਾਇਆ ਹੈ। ਸਤਿਗੁਰੂ ਦੀ ਸੇਵਾ ਕਰਕੇ (ਉਨ੍ਹਾਂ ਭਗਤਾਂ ਨੇ) ਹਰੀ ਦਾ ਨਾਮ ਮਨ ਵਿਚ ਵਸਾਇਆ ਹੈ ਅਤੇ ਦਿਨ ਰਾਤ ਨਾਮ ਨੂੰ ਸਿਮਰਿਆ ਹੈ। (ਉਨ੍ਹਾਂ ਨੇ) ਗੁਰੂ ਦੇ ਉਪਦੇਸ਼ ਨਾਲ ਹਉਮੈ ਦਾ ਮੋਹ ਜਲਾ ਦਿਤਾ ਹੈ, (ਇਸੇ ਲਈ ਉਹ) ਗ੍ਰਿਹਸਤ ਵਿਚ ਹੀ ਉਦਾਸ ਹਨ। (ਅਜੇਹਾ ਭਗਤ ਸੰਸਾਰ ਸਮੁੰਦਰ ਤੋਂ) ਆਪ ਤਰ ਗਿਆ ਹੈ, (ਉਸ ਨੇ ਅਪਣੀ) ਕੁਲ ਵੀ ਤਾਰ ਲਈ ਹੈ ਤੇ ਜਗਤ ਨੂੰ ਵੀ ਤਾਰ ਦਿਤਾ ਹੈ, (ਉਸ ਨੂੰ) ਜਨਮ ਦੇਣ ਵਾਲੀ ਮਾਂ ਧੰਨਤਾ ਦੇ ਯੋਗ ਹੈ। ਉਹ ਹੀ (ਮਨੁੱਖ) ਐਸਾ ਸਤਿਗੁਰੂ ਪ੍ਰਾਪਤ ਕਰਦਾ ਹੈ, ਜਿਸ ਦੇ ਮੱਥੇ ਤੇ ਹਰੀ ਨੇ ਧੁਰੋਂ ਹੀ (ਨਾਮ ਸਿਮਰਨ ਦਾ ਲੇਖ) ਲਿਖ ਕੇ ਪਾਇਆ ਹੋਵੇ। ਦਾਸ ਨਾਨਕ ਅਪਣੇ ਗੁਰੂ ਤੋਂ ਸਦਕੇ ਜਾਂਦਾ ਹੈ, ਜਿਸ ਨੇ ਭਰਮ ਵਿਚ ਭੁੱਲੇ ਨੂੰ ਸਹੀ ਰਸਤੇ ਤੇ ਪਾਇਆ ਹੈ।੧।

ਪਦਾਰਥ = ਕਲਿਜੁਗ ਮਹਿ–ਕਲਜੁਗ ਵਿਚ। ਨਿਧਾਨੁ–ਖਜਾਨਾ। ਭਗਤੀ–ਭਗਤਾਂ ਨੇ। ਮਨਿ–ਮਨ ਵਿਚ। ਅਨਦਿਨੁ–ਹਰ ਰੋਜ। ਵਿਚੇ ਗ੍ਰਿਹ–ਗ੍ਰਿਹਸਤ ਵਿਚ। ਗੁਰ ਬਚਨਿ–ਗੁਰੂ ਦੇ ਉਪਦੇਸ਼ ਨਾਲ। ਉਦਾਸੀ–ਮੋਹ ਤੋਂ ਰਹਿਤ। ਕੁਲ–ਖਾਨਦਾਨ; ਸਾਰੇ। ਧਨੁ–ਧੰਨਤਾ ਯੋਗ। ਜਣੇਦੀ–ਜੰਮਣ ਵਾਲੀ। ਮਾਇਆ–ਮਾਂ। ਸੋਈ–ਉਹ ਹੀ। ਧੁਰਿ–ਧੁਰੋਂ। ਮਸਤਕਿ–ਮੱਥੇ ਉਤੇ। ਵਿਟਹੁ–ਤੋਂ। ਮਾਰਗਿ–ਰਸਤੇ ਤੇ।੧।

ਮਃ ੩ ॥ ਤ੍ਰੈ ਗੁਣ ਮਾਇਆ ਵੇਖਿ ਭੁਲੇ, ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥ ਪੰਡਿਤ ਭੁਲਿ ਭੁਲਿ ਮਾਇਆ ਵੇਖਹਿ, ਦਿਖਾ ਕਿਨੈ ਕਿਹੁ ਆਣਿ ਚੜਾਇਆ ॥ ਦੂਜੈ ਭਾਇ ਪੜਹਿ ਨਿਤ ਬਿਖਿਆ, ਨਾਵਹੁ ਦਯਿ ਖੁਆਇਆ ॥ ਜੋਗੀ ਜੰਗਮ ਸੰਨਿਆਸੀ ਭੁਲੇ, ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥ ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ, ਮਨ ਹਠਿ ਜਨਮੁ ਗਵਾਇਆ ॥ ਏਤੜਿਆ ਵਿਚਹੁ ਸੋ ਜਨੁ ਸਮਧਾ, ਜਿਨਿ ਗੁਰਮਖਿ ਨਾਮੁ ਧਿਆਇਆ ॥ ਜਨ ਨਾਨਕ ਕਿਸ ਨੋ ਆਖਿ ਸੁਣਾਈਐ, ਜਾ ਕਰਦੇ ਸਭਿ ਕਰਾਇਆ ॥੨॥ ਤਿੰਨਾਂ ਗੁਣਾਂ ਵਾਲੀ ਮਾਇਆ ਦੇਖ ਕੇ (ਲੋਕ ਹਰੀ ਨੂੰ) ਭੁੱਲ ਗਏ, ਜਿਵੇਂ ਦੇਖ ਕੇ ਦੀਵੇ ਉਤੇ ਪਤੰਗੇ (ਅਪਣੇ ਆਪ ਨੂੰ) ਸਾੜ ਲੈਂਦੇ ਹਨ। ਪੰਡਤ (ਕਥਾ ਕਰਦੇ ਹੋਏ ਹਰੀ ਨੂੰ) ਭੁਲ ਭੁਲ ਕੇ ਮਾਇਆ ਦੇਖਦੇ ਹਨ ਅਤੇ (ਮਨ ਵਿਚ ਸੋਚਦੇ ਹਨ ਕਿ) ਦੇਖੀਏ ਕਿਸੇ ਨੇ ਕੁਛ ਲਿਆ ਕੇ ਚੜ੍ਹਾਇਆ ਵੀ ਹੈ? (ਜਾਂ ਨਹੀਂ)। ਦ੍ਵੈਤ ਭਾਵ ਵਿਚ ਲੱਗੇ ਹੋਏ (ਪੰਡਤ) ਨਿਤ ਮਾਇਆ ਵਾਸਤੇ ਹੀ ਪੜ੍ਹਦੇ (ਕਥਾ ਸੁਣਾਉਂਦੇ) ਹਨ, ਹਰੀ ਨੇ (ਉਨ੍ਹਾਂ ਨੂੰ) ਪ੍ਰਭੂ ਨੇ ਨਾਮ ਵੱਲੋਂ ਭੁਲਾ ਛਡਿਆ ਹੈ। ਜੋਗੀ, ਜੰਗਮ ਤੇ ਸੰਨਿਆਸੀ (ਹਰੀ ਨੂੰ) ਭੁੱਲੇ ਫਿਰਦੇ ਹਨ, ਉਨ੍ਹਾਂ ਨੇ (ਅਪਣੇ ਅੰਦਰ ਭੇਖ ਦਾ) ਹੰਕਾਰ ਤੇ (ਅਪਣੇ ਤਿਆਗ ਦਾ) ਹੰਕਾਰ ਬਹੁਤ ਵਧਾਇਆ ਹੋਇਆ ਹੈ। ਉਹ ਭੋਜਨ ਤੇ ਕਪੜਾ ਜੋ ਉਤਮ ਭਿਖਿਆ ਹੈ, ਨਹੀਂ ਲੈਂਦੇ, (ਲੋਕਾਂ ਵੱਲੋਂ ਖੁਸ਼ੀ ਨਾਲ ਦਿਤਾ ਦਾਨ ਪ੍ਰਵਾਨ ਨਹੀਂ ਕਰਦੇ, ਵਰ ਸਰਾਪ ਦਾ ਡਰ ਦੇ ਕੇ ਜਿੱਦ ਨਾਲ ਭੋਜਨ ਕੱਪੜਾ ਬਹੁਤਾ ਮੰਗਦੇ ਹਨ, ਉਨ੍ਹਾਂ ਨੇ) ਮਨ ਦੇ ਹਠ ਕਰਕੇ ਮਨੁੱਖਾ ਜਨਮ ਗਵਾ ਲਿਆ ਹੈ। ਇਨ੍ਹਾਂ (ਉਪਰ ਦੱਸੇ ਪੁਰਖਾਂ) ਵਿਚੋਂ ਉਹ ਪੁਰਖ ਟਿਕਾਉ ਵਾਲਾ ਹੈ, ਜਿਸ ਨੇ ਗੁਰੂ ਰਾਹੀਂ ਨਾਮ ਸਿਮਰਿਆ ਹੈ। ਦਾਸ ਨਾਨਕ ਆਖਦਾ ਹੈ ਕਿ (ਸਹਾਇਤਾ ਲਈ ਅਪਣਾ ਹਾਲ) ਕਿਸ ਨੂੰ ਕਹਿ ਕੇ ਸੁਣਾਈਏ? ਜਦ ਸਾਰੇ ਜੀਵ ਉਸ ਪ੍ਰਭੂ ਦਾ ਕਰਾਇਆ (ਭਲਾ ਬੁਰਾ ਕਰਮ) ਕਰਦੇ ਹਨ (ਰੱਬ ਦੇ ਬਣਾਏ ਨਿਯਮ ਅਨੁਸਾਰ ਜੋ ਜੈਸਾ ਕਰਮ ਕਰਦਾ ਹੈ, ਉਹ ਤੈਸਾ ਫਲ ਭੋਗਦਾ ਹੈ)।੨।

ਵਿਸ਼ੇਸ਼ = ਤਮੋ ਗੁਣੀ ਸਾਧੂ ਲੋਕਾਂ ਨੂੰ ਵਰ ਦੇ ਕੇ ਜਾਂ ਕ੍ਰੋਧ ਵਿਚ ਸਰਾਪ ਦੇ ਕੇ ਵਸ ਵਿਚ ਕਰਕੇ ਉਨ੍ਹਾਂ ਤੋਂ ਧਨ ਤੇ ਹੋਰ ਪਦਾਰਥ ਲੈਂਦੇ ਹਨ। ਰਜੋ ਗੁਣੀ ਚਤਰਾਈ ਨਾਲ ਤੇ ਧਨ ਦੇ ਕੇ ਲੋਕਾਂ ਨੂੰ ਵਸ ਵਿਚ ਕਰਕੇ ਅਪਣੀ ਸੋਭਾ ਕਰਾਉਂਦੇ ਹਨ। ਸਤੋ ਗੁਣੀ ਸਾਧੂ ਰਿਧੀਆਂ ਸਿਧੀਆਂ ਦਿਖਾ ਕੇ ਤੇ ਡਰਾ ਕੇ ਲੋਕਾਂ ਤੋਂ ਧਨ ਪਦਾਰਥ ਪ੍ਰਾਪਤ ਕਰਦੇ ਹਨ।

ਪਉੜੀ ॥ ਮਾਇਆ ਮੋਹੁ ਪਰੇਤੁ ਹੈ, ਕਾਮੁ ਕ੍ਰੋਧੁ ਅਹੰਕਾਰਾ ॥ ਏਹ ਜਮ ਕੀ ਸਿਰਕਾਰ ਹੈ, ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ ॥ ਮਨਮੁਖ ਜਮ ਮਗਿ ਪਾਈਅਨ੍ਹਿ ,ਜਿਨ੍ਹ ਦੂਜਾ ਭਾਉ ਪਿਆਰਾ ॥ ਜਮ ਪੁਰਿ ਬਧੇ ਮਾਰੀਅਨਿ, ਕੋ ਸੁਣੈ ਨ ਪੂਕਾਰਾ ॥ ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ, ਗੁਰਮੁਖਿ ਨਿਸਤਾਰਾ ॥੧੨॥ (ਉਹ ਮਨੁੱਖ) ਪ੍ਰੇਤ ਸਮਾਨ ਹੈ, (ਜਿਸ ਦੇ ਅੰਦਰ) ਮਾਇਆ ਦਾ ਮੋਹ, ਕਾਮ, ਕ੍ਰੋਧ ਤੇ ਹੰਕਾਰ ਹੈ। ਇਹ (ਸਾਰੇ ਵਿਕਾਰ) ਜਮ ਦੀ ਪਰਜਾ ਹੈ (ਜਮ ਦੇ ਹੁਕਮ ਵਿਚ ਹਨ), ਇਨ੍ਹਾਂ (ਦੇ ਸੰਗੀ ਜੀਵਾਂ ਉਤੇ) ਉਪਰ ਜਮ ਦਾ ਕਰੜਾ ਡੰਡਾ ਹੈ। ਜਿਨ੍ਹਾਂ (ਮਨੁੱਖਾਂ ਨੂੰ) ਦੂਜਾ ਭਾਉ ਪਿਆਰਾ ਹੈ, (ਉਹ) ਮਨਮੁਖ ਜਮ ਦੇ ਰਸਤੇ ਪਾਏ (ਤੋਰੇ) ਜਾਂਦੇ ਹਨ। ਉਹ ਜਮ ਪੁਰੀ (ਨਰਕਾਂ ਵਿਚ) ਬੰਨ੍ਹੇ ਹੋਏ ਮਾਰੇ ਕੁੱਟੇ ਜਾਂਦੇ ਹਨ, (ਉਥੇ ਇਨ੍ਹਾਂ ਦੀ) ਕੋਈ ਕੂਕ ਪੁਕਾਰ ਨਹੀਂ ਸੁਣਦਾ। ਜਿਸ ਮਨੁੱਖ ਤੇ ਪ੍ਰਭੂ ਕ੍ਰਿਪਾ ਕਰਦਾ ਹੈ, ਉਸ ਨੂੰ ਗੁਰੂ ਮਿਲਦਾ ਹੈ, ਗੁਰੂ ਦੁਆਰਾ (ਮਨੁੱਖ ਦਾ ਜਮਾਂ ਤੋਂ) ਛੁਟਕਾਰਾ ਹੁੰਦਾ ਹੈ।੧੨।

ਪਦਾਰਥ = ਤ੍ਰੈ ਗੁਣ–(ਰਜੋ, ਸਤੋ ਤੇ ਤਮੋ) ਤਿੰਨ ਗੁਣ। ਦੀਪਕਿ–ਦੀਵੇ ਉਤੇ। ਪਤੰਗ–ਭਮੱਕੜ। ਪਚਾਇਆ–ਸਾੜ ਲੈਂਦੇ ਹਨ। ਦਿਖਾ –ਦੇਖੀਏ। ਕਿਨੈ–ਕਿਸੇ ਨੇ। ਕਿਹੁ–ਕੁਛ। ਆਣਿ–ਲਿਆ ਕੇ। ਚੜਾਇਆ–ਭੇਟਾ ਕੀਤਾ ਹੈ। ਦੂਜੈ ਭਾਇ–ਦ੍ਵੈਤ ਭਾਵ ਵਿਚ। ਬਿਖਿਆ–ਮਾਇਆ। ਨਾਵਹੁ–ਨਾਮ ਵੱਲੋਂ। ਦਯਿ–ਪ੍ਰਭੂ ਨੇ। ਖੁਆਇਆ–ਭੁਲਾ ਦਿਤਾ; ਕੁਰਾਹੇ ਪਾ ਦਿਤਾ। ਜੰਗਮ–ਸ਼ਿਵ ਪੂਜਕ (ਜੋ ਸਿਰ ਤੇ ਮੋਰਾਂ ਦੇ ਖੰਭ ਰਖਦੇ ਹਨ ਤੇ ਟੱਲੀਆਂ ਵਜਾ ਕੇ ਗਾਉਂਦੇ ਹੋਏ ਮੰਗਦੇ ਫਿਰਦੇ ਹਨ)। ਓਨ੍ਹਾ–ਉਨ੍ਹਾਂ ਨੇ। ਬਹੁ–ਬਹੁਤ। ਗਰਬੁ–ਹੰਕਾਰ। ਛਾਦਨੁ–ਕੱਪੜਾ। ਨ ਲੈਹੀ–ਨਹੀਂ ਲੈਂਦੇ। ਸਤ ਭਿਖਿਆ–ਸ਼ਰਧਾ ਭਾਵਨਾ ਨਾਲ ਖੁਸ਼ ਹੋ ਕੇ ਦਿਤੀ ਭਿਖਿਆ। ਮਨ ਹਠਿ–ਜਿੱਦ ਕਰਕੇ। ਏਤੜਿਆ ਵਿਚਹੁ–ਇਨ੍ਹਾਂ ਵਿਚੋਂ। ਸੋ ਜਨੁ–ਉਹ ਪੁਰਖ। ਸਮਧਾ–ਸਮਾਧੀ ਵਾਲਾ (ਟਿਕਾਉ ਵਾਲਾ); ਉਚੀ ਮਾਨਸਕ ਅਵਸਥਾ ਵਾਲਾ। ਜਿਨਿ–ਜਿਸ ਨੇ। ਗੁਰਮੁਖਿ–ਗੁਰੂ ਰਾਹੀਂ। ਜਾ–ਜਦ।੨। ਪਉੜੀ। ਪਰੇਤੁ–ਭੂਤ। ਸਿਰਕਾਰ–ਪਰਜਾ। ਡੰਡੁ–ਡੰਡਾ; ਦੰਡ। ਕਰਾਰਾ–ਕਰੜਾ। ਜਮ ਮਗਿ–ਜਮ ਦੇ ਰਸਤੇ ਤੇ। ਪਾਈਅਨਿ–ਪਾਏ ਜਾਂਦੇ ਹਨ। ਦੂਜਾ ਭਾਉ–ਦ੍ਵੈਤ ਭਾਵ (ਦੁਬਿਧਾ)। ਜਮ ਪੁਰਿ–ਜਮ ਦੀ ਪੁਰੀ (ਨਰਕ) ਵਿਚ। ਬਧੇ–ਬੰਨ੍ਹੇ ਹੋਏ। ਮਾਰੀਅਨਿ–ਮਾਰੇ ਕੁੱਟੇ ਜਾਂਦੇ ਹਨ। ਕੋ–ਕੋਈ। ਨਿਸਤਾਰਾ–ਛੁਟਕਾਰਾ; ਪਾਰ ਉਤਾਰਾ।੧੨।

ਸਲੋਕੁ ਮਃ ੩ ॥ ਹਉਮੈ ਮਮਤਾ ਮੋਹਣੀ, ਮਨਮੁਖਾ ਨੋ ਗਈ ਖਾਇ ॥ ਜੋ ਮੋਹਿ ਦੂਜੈ ਚਿਤੁ ਲਾਇਦੇ, ਤਿਨਾ ਵਿਆਪਿ ਰਹੀ ਲਪਟਾਇ ॥ ਗੁਰ ਕੈ ਸਬਦਿ ਪਰ ਜਾਲੀਐ, ਤਾ ਏਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ, ਨਾਮੁ ਵਸੈ ਮਨਿ ਆਇ ॥ ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ, ਗੁਰਮੁਖਿ ਪਾਇਆ ਜਾਇ ॥੧॥ ਮਾਇਆ ਦੀ ਹਉਮੈ ਤੇ ਮਮਤਾ ਮਨਮੁੱਖਾਂ ਨੂੰ ਖਾ ਗਈ ਹੈ (ਜੀਵਨ

ਨਾਸ਼ ਕਰ ਦਿਤਾ)।ਜੋ (ਮਨੁੱਖ ਹਰੀ ਨੂੰ ਛਡ ਕੇ ਕਿਸੇ) ਦੂਜੇ ਦੇ ਮੋਹ ਵਿਚ ਚਿਤ ਲਾਉਂਦੇ ਹਨ, ਉਨ੍ਹਾਂ ਨੂੰ ਲੱਗ ਕੇ ਚਿੰਬੜ ਰਹੀ ਹੈ।ਗੁਰੂ ਦੇ ਸ਼ਬਦ ਦੁਆਰਾ (ਇਸ ਨੂੰ) ਚੰਗੀ ਤਰ੍ਹਾਂ ਸਾੜ ਦੇਈਏ ਤਾਂ ਇਹ (ਮਾਇਆ ਮਨ) ਵਿਚੋਂ ਨਿਕਲ ਜਾਂਦੀ ਹੈ।(ਮਾਇਆ ਚਲੇ ਜਾਣ ਨਾਲ) ਤਨ ਤੇ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਨ ਵਿਚ ਹਰੀ ਦਾ ਨਾਮ ਆ ਵਸਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮਾਇਆ ਦੇ ਮੋਹ ਨੂੰ ਮਾਰਨ ਵਾਲਾ ਮਸਾਲਾ (ਦਾਰੂ) ਹਰੀ ਦਾ ਨਾਮ ਹੈ, ਜੋ ਗੁਰੂ ਦੁਆਰਾ ਪਾਇਆ ਜਾਂਦਾ ਹੈ।੧।

ਪਦਾਰਥ = ਮਮਤਾ–ਮੈਂ ਮੇਰੀ।ਮੋਹਣੀ–ਮਾਇਆ।ਮੋਹਿ ਦੂਜੈ–ਕਿਸੇ ਦੂਜੇ ਦੇ ਮੋਹ ਵਿਚ।ਤਿਨਾ–ਉਨ੍ਹਾਂ ਨੂੰ।ਲਪਟਾਇ–ਚਿੰਬੜ ਰਹੀ ਹੈ।ਵਿਆਪਿ–ਲੱਗੀ ਹੈ।ਪਰ ਜਾਲੀਐ–ਚੰਗੀ ਤਰ੍ਹਾਂ ਸਾੜ ਦੇਈਏ।ਤਾ–ਤਾਂ; ਤਦ।ਉਜਲਾ–ਨਿਰਮਲ; ਰੋਸ਼ਨ।ਮਨਿ–ਮਨ ਵਿਚ। ਮਾਰਣੁ–ਸਖਤ ਚੀਜਾਂ ਨੂੰ ਗਾਲਣ ਵਾਲਾ ਮਸਾਲਾ; ਉਲਟਾ ਅਸਰ ਰੱਖਣ ਵਾਲੀ ਦਵਾਈ।ਗੁਰਮੁਖਿ–ਗੁਰੂ ਦੁਆਰਾ।੧।

ਮਃ ੩ ॥ ਇਹੁ ਮਨੁ ਕੇਤੜਿਆ ਜੁਗ ਭਰਮਿਆ, ਥਿਰੁ ਰਹੈ ਨਾ ਆਵੈ ਜਾਇ ॥ ਹਰਿ ਭਾਣਾ ਤਾ ਭਰਮਾਇਅਨੁ ,ਕਰਿ ਪਰਪੰਚੁ ਖੇਲੁ ਉਪਾਇ ॥ (ਜੀਵ ਦਾ) ਇਹ ਮਨ ਕਿੰਨੇ ਹੀ ਜੁਗਾਂ ਵਿਚ ਭਟਕਦਾ ਰਿਹਾ ਹੈ, (ਕਦੇ ਵੀ) ਟਿਕਿਆ ਨਹੀਂ ਰਹਿੰਦਾ, (ਇਸ ਕਰ ਕੇ) ਆਉਂਦਾ ਤੇ ਜਾਂਦਾ (ਜੰਮਦਾ ਮਰਦਾ ਰਹਿੰਦਾ) ਹੈ।ਹਰੀ ਨੂੰ ਭਾਇਆ ਤਾਂ ਸੰਸਾਰ ਰੂਪ ਖੇਲ ਪੈਦਾ ਕਰਕੇ ਉਸ ਪ੍ਰਭੂ ਨੇ (ਇਸ ਜੀਵ ਨੂੰ ਮਾਇਆ ਦੇ ਮੋਹ ਵਿਚ) ਭਰਮਾਇਆ ਹੈ; (ਜੋਨੀਆਂ ਵਿਚ) ਭਟਕਾਇਆ ਹੈ।

ਅੰਗ ੫੧੪ = ਜਾ ਹਰਿ ਬਖਸੇ ਤਾ ਗੁਰੁ ਮਿਲੈ, ਅਸਥਿਰੁ ਰਹੈ ਸਮਾਇ ॥ ਨਾਨਕ ਮਨ ਹੀ ਤੇ ਮਨੁ ਮਾਨਿਆ, ਨਾ ਕਿਛੁ ਮਰੈ ਨ ਜਾਇ ॥੨॥ ਜਦ ਹਰੀ ਬਖਸ਼ਿਸ਼ ਕਰੇ ਤਾਂ ਗੁਰੂ ਮਿਲਦਾ ਹੈ, (ਫਿਰ ਮਨ ਗੁਰੂ ਦੇ ਸ਼ਬਦ ਵਿਚ) ਟਿਕਿਆ ਰਹਿੰਦਾ ਹੈ ਤੇ (ਪ੍ਰਭੂ ਵਿਚ) ਸਮਾ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਦ ਮਨ ਤੋਂ ਹੀ ਮਨ ਮੰਨ ਗਿਆ ਤਾਂ (ਦੈਵੀ ਗਿਆਨ ਹੋ ਜਾਂਦਾ ਹੈ ਕਿ) ਨਾ ਕੁਛ ਮਰਦਾ ਹੈ ਤੇ ਨਾ ਜੰਮਦਾ ਹੈ (ਜੰਮਣ ਮਰਣ ਦਾ ਗੇੜ ਹਰੀ ਦਾ ਰਚਿਆ ਖੇਲ ਦਿਸਦਾ ਹੈ)।੨।

ਪਉੜੀ ॥ ਕਾਇਆ ਕੋਟੁ ਅਪਾਰੁ ਹੈ, ਮਿਲਣਾ ਸੰਜੋਗੀ ॥ ਕਾਇਆ ਅੰਦਰਿ ਆਪਿ ਵਸਿ ਰਹਿਆ, ਆਪੇ ਰਸ ਭੋਗੀ ॥ ਆਪਿ ਅਤੀਤੁ ਅਲਿਪਤੁ ਹੈ, ਨਿਰਜੋਗੁ ਹਰਿ ਜੋਗੀ ॥ ਜੋ ਤਿਸੁ ਭਾਵੈ ਸੋ ਕਰੇ, ਹਰਿ ਕਰੇ ਸੁ ਹੋਗੀ ॥ ਹਰਿ ਗੁਰਮੁਖਿ ਨਾਮੁ ਧਿਆਈਐ, ਲਹਿ ਜਾਹਿ ਵਿਜੋਗੀ ॥੧੩॥ ਮਨੁੱਖਾ ਸਰੀਰ ਇਕ ਵੱਡਾ ਕਿਲ੍ਹਾ ਹੈ ਅਤੇ (ਮਨੁੱਖਾ ਸਰੀਰ ਦਾ) ਮਿਲਣਾ ਸੰਜੋਗਾਂ (ਭਾਗਾਂ) ਨਾਲ ਹੁੰਦਾ ਹੈ।ਸਰੀਰ ਦੇ ਅੰਦਰ ਪ੍ਰਭੂ ਆਪ ਵਸ ਰਿਹਾ ਹੈ, (ਸਰੀਰ ਵਿਚ ਵਸਦਾ ਪ੍ਰਭੂ) ਆਪੇ ਸਾਰੇ ਰਸ ਭੋਗਣ ਵਾਲਾ ਹੈ।(ਸਾਰੇ ਰਸ ਭੋਗਦਾ ਹੋਇਆ ਵੀ ਪ੍ਰਭੂ) ਆਪ ਤਿਆਗੀ ਤੇ ਨਿਰਲੇਪ ਹੈ ਅਤੇ (ਸਭ ਨਾਲ) ਜੁੜਿਆ ਹੁੰਦਾ ਹੋਇਆ ਵੀ ਅਣਜੁੜਿਆ ਹੈ।ਜੋ ਕੁਝ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹੋ ਕਰਦਾ ਹੈ ਅਤੇ ਜੋ ਕੁਝ ਹਰੀ ਕਰੇ, ਉਹ ਹੁੰਦਾ ਹੈ।(ਇਸ ਕਰਕੇ) ਗੁਰੂ ਦੁਆਰਾ ਹਰੀ ਦਾ ਨਾਮ ਸਿਮਰੀਏ ਤਾਂ (ਹਰੀ ਨਾਲ ਪਿਆ) ਵਿਛੋੜਾ ਲਹਿ (ਦੂਰ ਹੋ) ਜਾਂਦਾ ਹੈ।੧੩।

ਪਦਾਰਥ = ਕੇਤੜਿਆ–ਕਿੰਨੇ ਹੀ।ਭਰਮਿਆ–ਭਟਕਿਆ।ਥਿਰੁ–ਸਥਿਰ; ਅਚੱਲ।ਭਾਣਾ–ਚੰਗਾ ਲੱਗਾ।ਤਾ–ਤਾਂ।ਭਰਮਾਇਅਨ–ਭਰਮਾਇਆ ਉਸ ਨੇ।ਪਰਪੰਚੁ–(ਪੰਜਾਂ ਤੱਤਾਂ ਦਾ ਵਿਸਥਾਰ) ਸੰਸਾਰ।ਕਰਿ ਉਪਾਇ–ਪੈਦਾ ਕਰਕੇ।ਜਾ–ਜਦ।ਅਸਥਿਰੁ ਰਹੈ–ਟਿਕਿਆ ਰਹਿੰਦਾ ਹੈ।ਸਮਾਇ–ਸਮਾ (ਮਿਲ) ਜਾਂਦਾ ਹੈ।ਤੇ–ਤੋਂ।ਮਨੁ ਮਾਨਿਆ–ਮਨ ਮੰਨ (ਪਤੀਜ) ਗਿਆ।ਜਾਇ–ਜੰਮਦਾ ਹੈ।੨। ਪਉੜੀ।ਕਾਇਆ–ਸਰੀਰ।ਕੋਟੁ–ਕਿਲ੍ਹਾ।ਅਪਾਰੁ–ਵੱਡਾ।ਸੰਜੋਗੀ–ਚੰਗੇ ਭਾਗਾਂ ਨਾਲ।ਭੋਗੀ–ਭੋਗਣ ਵਾਲਾ।ਅਲਿਪਤ–ਨਿਰਲੇਪ। ਅਤੀਤੁ–ਤਿਆਗੀ।ਨਿਰਜੋਗੁ–ਅਣਜੁੜਿਆ; ਨਿਰਲੇਪ।ਜੋਗੀ–ਜੁੜਿਆ ਹੋਇਆ।ਭਾਵੈ–ਚੰਗਾ ਲਗਦਾ ਹੈ।ਸੋ–ਉਹ।ਸੁ–ਉਹ। ਹੋਗੀ–ਹੁੰਦਾ ਹੈ।ਗੁਰਮੁਖਿ–ਗੁਰੂ ਦੁਆਰਾ।ਲਹਿ ਜਾਹਿ–ਦੂਰ ਹੋ ਜਾਂਦਾ ਹੈ।ਵਿਜੋਗੀ–ਵਿਛੋੜਾ।੧੩।

ਵਿਆਖਿਆ = ਮਨੁੱਖਾ ਸਰੀਰ ਇਕ ਸੁੰਦਰ ਕਿਲ੍ਹਾ ਹੈ, ਜੋ ਉਤਮ ਭਾਗਾਂ ਨਾਲ ਮਿਲਦਾ ਹੈ।ਦੁਰਲੱਭ ਤੇ ਸੁੰਦਰ ਇਸ ਲਈ ਹੈ ਕਿਉਂਕਿ ਇਸ ਵਾਹਿਗੁਰੂ ਆਪ ਵਸਦਾ ਹੈ।ਸਰੀਰ ਜੋ ਰਸ ਕਸ ਭੋਗਦਾ ਹੈ, ਉਹ ਰਸ ਭੋਗਣ ਦਾ ਗਿਆਨ ਵਾਹਿਗੁਰੂ ਦੀ ਬਖਸ਼ੀ ਚੇਤਨਤਾ ਨਾਲ ਹੀ ਹੁੰਦਾ ਹੈ।ਇਸ ਕਰਕੇ ਗੁਰੂ ਜੀ ਆਖਦੇ ਹਨ ਕਿ ਸਰੀਰ ਵਿਚ ਵਸਦਾ ਹੋਣ ਕਰਕੇ ਰਸ ਨੂੰ ਭੋਗਣ ਵਾਲਾ ਆਪ ਹੀ ਵਾਹਿਗੁਰੂ ਹੈ।ਪਰ ਨਾਲ ਇਹ ਵੀ ਦਸਦੇ ਹਨ ਕਿ ਸਰੀਰ ਵਿਚ ਵਸਦੇ ਹੋਣ ਦੇ ਬਾਵਜੂਦ ਵੀ ਉਹ ਪ੍ਰਭੂ ਅਤੀਤ ਤੇ ਅਲੇਪ ਹੈ।

ਸਲੋਕੁ ਮਃ ੩ ॥ ਵਾਹੁ ਵਾਹੁ ਆਪਿ ਅਖਾਇਦਾ, ਗੁਰ ਸਬਦੀ ਸਚੁ ਸੋਇ ॥ ਵਾਹੁ ਵਾਹੁ ਸਿਫਤਿ ਸਲਾਹ ਹੈ, ਗੁਰਮੁਖਿ ਬੂਝੈ ਕੋਇ ॥ ਵਾਹੁ ਵਾਹੁ ਬਾਣੀ ਸਚੁ ਹੈ, ਸਚਿ ਮਿਲਾਵਾ ਹੋਇ ॥ ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ, ਕਰਮਿ ਪਰਾਪਤਿ ਹੋਇ ॥੧॥ ਉਹ ਸੱਚਾ ਪ੍ਰਭੂ ਆਪ ਹੀ ਗੁਰੂ ਦੇ ਸ਼ਬਦ ਦੁਆਰਾ ਵਾਹੁ ਵਾਹੁ ਕਹਾਉਂਦਾ (ਜਪਾਉਂਦਾ) ਹੈ।ਵਾਹੁ ਵਾਹੁ ਜਪਣਾ ਕਰਤਾਰ ਦੀ ਸਿਫਤ ਸਲਾਹ ਹੈ, (ਪਰ ਇਹ ਗਲ) ਕੋਈ ਵਿਰਲਾ ਗੁਰਮੁਖ ਹੀ ਸਮਝਦਾ ਹੈ।ਵਾਹੁ ਵਾਹੁ ਬਾਣੀ ਸੱਚੇ ਪ੍ਰਭੂ ਦਾ ਰੂਪ ਹੈ; ਵਾਹੁ ਵਾਹੁ ਜਪਣਾ

ਸੱਚੀ ਬਾਣੀ ਹੈ, (ਇਸ ਬਾਣੀ ਦੁਆਰਾ) ਸੱਚੇ ਪ੍ਰਭੂ ਨਾਲ ਮਿਲਾਪ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹੁ ਵਾਹੁ ਕਰਦਿਆਂ ਪ੍ਰਭੂ ਨੂੰ ਪਾ ਲਈਦਾ ਹੈ, (ਪਰ ਵਾਹੁ ਵਾਹੁ ਜਪਣਾ ਪ੍ਰਭੂ ਦੀ) ਬਖਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ।੧।

ਮਃ ੩ ॥ ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥ ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥ ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥ ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ, ਤਿਨ੍ ਕਉ ਪਰਜਾ ਪੂਜਣ ਆਈ ॥ ਵਾਹੁ ਵਾਹੁ ਕਰਮਿ ਪਰਾਪਤਿ ਹੋਵੈ, ਨਾਨਕ ਦਰਿ ਸਚੈ ਸੋਭਾ ਪਾਈ ॥੨॥ ਗੁਰੂ ਦੇ ਸ਼ਬਦ ਰਾਹੀਂ ਵਾਹੁ ਵਾਹੁ ਕਰਦੀ ਰਸਨਾ ਸੋਹਣੀ ਲਗਦੀ ਹੈ (ਵਾਹੁ ਵਾਹੁ ਸ਼ਬਦ ਗੁਰੂ ਦਾ ਦਿਤਾ ਹੋਇਆ ਹੈ)। ਪੂਰੇ (ਗੁਰੂ ਦੇ ਇਸ ਵਾਹੁ ਵਾਹੁ) ਸ਼ਬਦ ਦੁਆਰਾ ਪ੍ਰਭੂ ਆ ਮਿਲਦਾ ਹੈ। ਵਡੇ ਭਾਗਾਂ ਵਾਲਿਆਂ (ਮਨੁੱਖਾਂ) ਦੇ ਮੂੰਹੋਂ ਵਾਹੁ ਵਾਹੁ (ਹਰੀ ਆਪ) ਕਢਾਉਂਦਾ (ਜਪਾਉਂਦਾ) ਹੈ। ਉਹੀ ਪੁਰਖ ਸੋਹਣੇ ਹਨ, (ਜਿਹੜੇ) ਵਾਹੁ ਵਾਹੁ ਕਰਦੇ (ਜਪਦੇ) ਹਨ, ਉਨ੍ਹਾਂ ਨੂੰ ਪਰਜਾ ਪੂਜਣ ਆਉਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰੂ ਦੀ) ਬਖਸ਼ਿਸ਼ ਨਾਲ ਵਾਹੁ ਵਾਹੁ (ਦਾ ਸਿਮਰਨ) ਪ੍ਰਾਪਤ ਹੁੰਦਾ ਹੈ, ਅਤੇ (ਵਾਹੁ ਵਾਹੁ ਮੰਤ੍ਰ ਜਪਣ ਵਾਲਾ ਮਨੁੱਖ) ਸੱਚੇ ਪ੍ਰਭੂ ਦੇ ਦਰਬਾਰ ਵਿਚ ਸੋਭਾ ਪਾਉਂਦਾ ਹੈ।੨।

ਪਦਾਰਥ = ਵਾਹੁ ਵਾਹੁ–ਵਾਹਿਗੁਰੂ ਮੰਤ੍ਰ ਦਾ ਸੰਖੇਪ (ਬਹੁਤ ਅਦਭੁਤ ਨਜ਼ਾਰਾ ਦੇਖਣ ਨਾਲ ਜਾਂ ਕੋਈ ਕੀਮਤੀ ਵਿਚਾਰ ਸੁਣਨ ਕਰਕੇ ਕੁਦਰਤੀ ਮੂੰਹੋਂ ਵਾਹ ਨਿਕਲਦਾ ਹੈ, ਇਹ 'ਵਾਹੁ' ਸ਼ਬਦ ਉਸ ਨਜ਼ਾਰੇ ਜਾਂ ਵਿਚਾਰ ਦੀ ਸਿਫਤ ਹੈ। ਵਾਹੁ ਦਾ ਅਰਥ ਸਿਫਤ ਸਲਾਹ ਵੀ ਹੈ)। ਸਬਦੀ–ਸ਼ਬਦ ਦੁਆਰਾ। ਸਚੁ–ਸਚਾ ਪ੍ਰਭੂ। ਸੋਇ–ਉਹ ਹੀ। ਬੂਝੈ–ਸਮਝਦਾ ਹੈ। ਕਰਤਿਆ–ਕਰਦਿਆਂ (ਜਪਦਿਆਂ)। ਸਚਿ –ਸਚੇ ਪ੍ਰਭੂ ਨਾਲ। ਕਰਮਿ–ਬਖਸ਼ਿਸ਼ ਨਾਲ; ਭਾਗਾਂ ਨਾਲ।੧। ਕਰਤੀ–ਕਰਦੀ (ਜਪਦੀ)। ਸੁਹਾਈ–ਸੋਹਣੀ ਲਗਦੀ ਹੈ; ਸੋਭਦੀ ਹੈ। ਮਹਹੁ–ਮੂੰਹੋਂ। ਕਢਾਈ–ਕਢਾਉਂਦਾ (ਜਪਾਉਂਦਾ) ਹੈ। ਕਰਹਿ–ਕਰਦੇ (ਜਪਦੇ) ਹਨ। ਸੇਈ–ਉਹ ਹੀ। ਜਨ–ਪੁਰਖ। ਤਿਨ ਕਉ–ਉਨ੍ਹਾਂ ਨੂੰ। ਕਰਮਿ–ਭਾਗਾਂ ਨਾਲ; ਬਖਸ਼ਿਸ਼ ਨਾਲ। ਦਰਿ ਸਚੈ–ਸੱਚੇ ਪ੍ਰਭੂ ਦੇ ਦਰ ਉਤੇ (ਦਰਬਾਰ ਵਿਚ)।੨।

ਪਉੜੀ ॥ ਬਜਰ ਕਪਾਟ ਕਾਇਆ ਗੜ੍ ਭੀਤਰਿ, ਕੂੜੁ ਕੁਸਤੁ ਅਭਿਮਾਨੀ ॥ ਭਰਮਿ ਭੂਲੇ ਨਦਰਿ ਨ ਆਵਨੀ, ਮਨਮੁਖ ਅੰਧ ਅਗਿਆਨੀ ॥ ਉਪਾਇ ਕਿਤੈ ਨ ਲਭਨੀ, ਕਰਿ ਭੇਖ ਥਕੇ ਭੇਖਵਾਨੀ ॥ ਗੁਰ ਸਬਦੀ ਖੋਲਾਈਅਨਿ੍ ,ਹਰਿ ਨਾਮੁ ਜਪਾਨੀ ॥ ਹਰਿ ਜੀਉ ਅੰਮ੍ਰਿਤ ਬਿਰਖੁ ਹੈ, ਜਿਨ੍ ਪੀਆ ਤੇ ਤ੍ਰਿਪਤਾਨੀ ॥੧੪॥ ਕੂੜ ਕੁਸੱਤ ਤੇ ਅਭਿਮਾਨ ਵਾਲੇ ਮਨੁੱਖ ਦੇ ਸਰੀਰ ਰੂਪ ਕਿਲ੍ਹੇ ਅੰਦਰ ਪੱਥਰ ਵਰਗੇ ਸਖਤ ਦਰਵਾਜੇ ਲੱਗੇ ਹੋਏ ਹਨ {ਦੁਖੁ ਦਰਵਾਜਾ ਰੋਹੁ ਰਖਵਾਲਾ, ਆਸਾ ਅੰਦੇਸਾ ਦੁਇ ਪਟ ਜੜੇ ੮੭੭}। ਭਰਮ ਵਿਚ ਭੁੱਲੇ ਹੋਏ ਅੰਨ੍ਹੇ ਤੇ ਅਗਿਆਨੀ ਮਨਮੁਖਾਂ ਨੂੰ (ਇਹ ਦਰਵਾਜੇ) ਨਜ਼ਰ ਨਹੀਂ ਆਉਂਦੇ (ਜੇ ਨਜ਼ਰ ਆਉਣ ਤਾਂ ਦਰਵਾਜੇ ਨੂੰ ਖੋਲ੍ਹਣ ਦਾ ਜਤਨ ਕਰਨ)। ਵੱਡੇ ਭੇਖੀ ਸਾਧੂ ਭੇਖ ਕਰਕੇ ਥਕ ਗਏ, (ਉਨ੍ਹਾਂ ਨੂੰ ਵੀ ਇਹ ਦਰਵਾਜੇ) ਕਿਸੇ ਉਪਾਉ ਨਾਲ ਨਹੀਂ ਲੱਭੇ; ਕਿਸੇ ਸਾਧਨ ਨਾਲ (ਪ੍ਰਭੂ ਨਹੀਂ) ਮਿਲਿਆ। ਗੁਰੂ ਦੇ ਸ਼ਬਦ ਦੁਆਰਾ ਨਾਮ ਜਪਣ ਨਾਲ (ਉਹ ਦਰਵਾਜੇ) ਖੋਲ੍ਹ ਦਿਤੇ ਜਾਂਦੇ ਹਨ। ਹਰਿ ਜੀਉ ਅੰਮ੍ਰਿਤ ਰਸ ਵਾਲਾ ਬ੍ਰਿਛ ਹੈ, ਜਿਨ੍ਹਾਂ ਨੇ (ਇਸ ਬ੍ਰਿਛ ਦੇ ਅੰਮ੍ਰਿਤ ਫਲ ਦਾ ਰਸ) ਪੀਤਾ ਹੈ, ਉਹ ਰੱਜ ਗਏ ਹਨ।੧੪।

ਪਦਾਰਥ = ਬਜਰ ਕਪਾਟ–ਪੱਥਰ ਵਰਗੇ ਕਰੜੇ ਦਰਵਾਜੇ। ਕਾਇਆ–ਸਰੀਰ। ਗੜ੍–ਕਿਲ੍ਹਾ। ਭੀਤਰਿ–ਅੰਦਰ। ਕੂੜੁ–ਝੂਠ। ਕੁਸਤੁ–ਛਲ ਕਪਟ। ਨ ਆਵਨੀ–ਨਹੀਂ ਆਉਂਦੇ। ਅੰਧ–ਅੰਨ੍ਹੇ। ਉਪਾਇ–ਜਤਨ; ਸਾਧਨ। ਕਿਤੇ–ਕਿਸੇ। ਨ ਲਭਨੀ–ਨਹੀਂ ਮਿਲੇ। ਭੇਖਵਾਨੀ–ਭੇਖੀ। ਜਪਾਨੀ–ਜਪਣ ਨਾਲ। ਬਿਰਖੁ–ਬ੍ਰਿਛ। ਤੇ–ਉਹ। ਤ੍ਰਿਪਤਾਨੀ–ਰੱਜ ਗਏ।੧੪।

ਵਿਆਖਿਆ = ਇਸ ਪਉੜੀ ਵਿਚ ਪਿਛਲੀ ੧੩ ਵੀਂ ਪਉੜੀ ਵਾਲਾ ਹੀ ਵਿਸ਼ਾ ਜਾਰੀ ਹੈ, ਜਿਸ ਵਿਚ ਦਸਿਆ ਹੈ ਕਿ ਕਾਇਆਂ ਰੂਪ ਕਿਲ੍ਹੇ ਵਿਚ ਪ੍ਰਭੂ ਆਪ ਵਸਦਾ ਹੈ। ਫਿਰ ਸਰੀਰ ਦੇ ਅੰਦਰ ਵਸਦਾ ਦਿਸਦਾ ਕਿਉਂ ਨਹੀਂ? ਇਸ ਪਉੜੀ ਵਿਚ ਉਤਰ ਦਿਤਾ ਹੈ ਕਿ ਮਨੁੱਖ ਕੂੜ ਕੁਸੱਤ ਤੇ ਅਭਿਮਾਨ ਵਾਲੇ ਹਨ, ਜਿਨ੍ਹਾਂ ਦੇ ਮਨ ਅੰਦਰ ਭਰਮ ਦਾ ਹਨ੍ਹੇਰਾ ਹੈ, ਗਿਆਨ ਦਾ ਚਾਨਣ ਨਹੀਂ। ਕਈ ਭੇਖੀ ਸਾਧੂ ਹਉਮੈ ਸਹਿਤ ਤਪ, ਜੱਗ, ਵਰਤ, ਨੇਮ, ਤਿਆਗ ਤੇ ਤੀਰਥ ਯਾਤਰਾ ਆਦਿ ਕਰਮ ਕਰਦੇ ਹਨ। ਇਸੇ ਕਰਕੇ ਉਨ੍ਹਾਂ ਨੂੰ ਕੁਛ ਪ੍ਰਾਪਤ ਨਹੀਂ ਹੁੰਦਾ। ਗੁਰੂ ਦੇ ਸ਼ਬਦ ਰਾਹੀ ਨਾਮ ਜਪ ਕੇ ਇਹ ਦਰਵਾਜੇ ਖੁਲ੍ਹਦੇ ਹਨ ਤੇ ਹਰੀ ਰੂਪ ਅੰਮ੍ਰਿਤ ਫਲ ਮਿਲ ਜਾਂਦਾ ਹੈ।

ਸਲੋਕੁ ਮਃ੩ ॥ ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥ ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥ ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥ ਵਾਹੁ ਵਾਹੁ ਕਰਤਿਆ ਸੋਭਾ ਪਾਇ ॥ ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥ ਵਾਹੁ ਵਾਹੁ ਕਰਦਿਆਂ (ਜਪਦਿਆਂ ਮਨੁੱਖ ਦੀ ਜੀਵਨ ਰੂਪ) ਰਾਤ ਸੁਖ ਨਾਲ ਬੀਤਦੀ ਹੈ। ਹੇ ਮੇਰੀ ਮਾਂ! ਵਾਹੁ ਵਾਹੁ ਕਰਦਿਆਂ ਸਦਾ ਹੀ ਅਨੰਦ ਹੁੰਦਾ ਹੈ। ਵਾਹੁ ਵਾਹੁ ਕਰਦਿਆਂ ਹਰੀ ਨਾਲ ਲਿਵ ਲਗ ਜਾਂਦੀ ਹੈ। ਪ੍ਰਭੂ ਦੀ ਬਖਸ਼ਿਸ਼ ਨਾਲ ਹੀ (ਮਨੁੱਖ ਉਸ ਦਾ) ਬੋਲਾਇਆ ਵਾਹੁ ਵਾਹੁ ਬੋਲਦਾ (ਜਪਦਾ) ਹੈ। ਵਾਹੁ ਵਾਹੁ ਕਰਦਿਆਂ (ਮਨੁੱਖ ਲੋਕ ਪ੍ਰਲੋਕ ਵਿਚ) ਸੋਭਾ ਪਾਉਂਦਾ

ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹੁ ਵਾਹੁ ਜਪਣਾ ਸੱਚੇ ਹਰੀ ਦਾ ਹੁਕਮ ਹੈ; ਵਾਹੁ ਵਾਹੁ ਜਪਣ ਨਾਲ (ਮਨੁੱਖ) ਸੱਚੇ ਹਰੀ ਦੇ ਭਾਣੇ ਵਿਚ ਰਹਿੰਦਾ ਹੈ।੧। ਤੂ ਹੈ ਵਾਹੁ ਤੇਰੀ ਰਜਾਇ। (੧੩੨੯)

ਮਃ ੩ ॥ ਵਾਹੁ ਵਾਹੁ ਬਾਣੀ ਸਚੁ ਹੈ, ਗੁਰਮੁਖਿ ਲਧੀ ਭਾਲਿ ॥ ਵਾਹੁ ਵਾਹੁ ਸਬਦੇ ਉਚਰੈ, ਵਾਹੁ ਵਾਹੁ ਹਿਰਦੈ ਨਾਲਿ ॥ ਵਾਹੁ ਵਾਹੁ ਕਰਤਿਆ ਹਰਿ ਪਾਇਆ, ਸਹਜੇ ਗੁਰਮੁਖਿ ਭਾਲਿ ॥ ਸੇ ਵਡਭਾਗੀ ਨਾਨਕਾ, ਹਰਿ ਹਰਿ ਰਿਦੈ ਸਮਾਲਿ ॥੨॥ ਵਾਹੁ ਵਾਹੁ ਬਾਣੀ ਸੱਚੇ ਹਰੀ ਦੀ ਹੈ, ਗੁਰਮੁਖਾਂ ਨੇ ਇਹ ਢੂੰਢ ਲੱਭੀ ਹੈ।(ਗੁਰਮੁਖ ਮੂੰਹ ਨਾਲ ਗੁਰੂ ਦੇ) ਸ਼ਬਦ ਦੁਆਰਾ ਵਾਹੁ ਵਾਹੁ ਉਚਾਰਦਾ ਹੈ ਤੇ ਹਿਰਦੇ ਨਾਲ ਵੀ ਸਿਮਰਦਾ ਹੈ।ਵਾਹੁ ਵਾਹੁ ਕਰਦਿਆਂ ਗੁਰਮੁਖਾਂ ਨੇ ਸੁਭਾਵਕ ਹੀ ਹਰੀ ਨੂੰ ਢੂੰਢ ਕੇ ਪਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਵੱਡੇ ਭਾਗਾਂ ਵਾਲੇ ਪੁਰਖ ਹਨ, ਜੋ ਹਿਰਦੇ ਵਿਚ ਹਰਿ ਹਰਿ ਨਾਮ ਸਿਮਰਦੇ ਹਨ।੨।

ਪਦਾਰਥ = ਕਰਤਿਆ–ਕਰਦਿਆਂ (ਜਪਦਿਆਂ)।ਰੈਣਿ–(ਜੀਵਨ ਰੂਪ) ਰਾਤ।ਵਿਹਾਇ–ਬੀਤਦੀ ਹੈ।ਮਾਇ–ਹੇ ਮਾਂ!।ਹਰਿ ਸਿਉ–ਹਰੀ ਨਾਲ।ਕਰਮੀ–ਬਖਸ਼ਿਸ਼ ਨਾਲ; ਭਾਗਾਂ ਨਾਲ।ਸਤਿ–ਸੱਚੇ ਪ੍ਰਭੂ ਦਾ।ਰਜਾਇ–ਹੁਕਮ; ਭਾਣਾ।੧।ਲਧੀ–ਲੱਭੀ ਹੈ।ਭਾਲਿ–ਢੂੰਢ ਕੇ।ਸਬਦੇ–ਸ਼ਬਦ ਦੁਆਰਾ।ਸਹਜੇ–ਸੁਭਾਵਕ ਹੀ।ਸੇ–ਉਹ।ਸਮਾਲਿ–ਸਿਮਰਦੇ ਹਨ; ਸੰਭਾਲੀ ਰੱਖਦੇ ਹਨ।੨।

ਪਉੜੀ ॥ ਏ ਮਨਾ ਅਤਿ ਲੋਭੀਆ, ਨਿਤ ਲੋਭੇ ਰਾਤਾ ॥ ਮਾਇਆ ਮਨਸਾ ਮੋਹਣੀ, ਦਹਦਿਸ ਫਿਰਾਤਾ ॥ ਅਗੈ ਨਾਉ ਜਾਤਿ ਨ ਜਾਇਸੀ, ਮਨਮੁਖਿ ਦੁਖੁ ਖਾਤਾ ॥ ਰਸਨਾ ਹਰਿ ਰਸੁ ਨ ਚਖਿਓ, ਫੀਕਾ ਬੋਲਾਤਾ ॥ ਜਿਨ੍ਾ ਗੁਰਮੁਖਿ ਅੰਮ੍ਰਿਤੁ ਚਾਖਿਆ, ਸੇ ਜਨ ਤ੍ਰਿਪਤਾਤਾ ॥੧੫॥ ਹੇ ਅਤਿਅੰਤ ਲੋਭੀ ਮਨ! ਤੂੰ ਨਿਤ ਲੋਭ ਵਿਚ ਰਚਿਆ ਰਹਿੰਦਾ ਹੈਂ।ਮੋਹ ਲੈਣ ਵਾਲੀ ਮਾਇਆ ਦੀ ਇੱਛਾ ਤੈਨੂੰ ਦਸੇ ਦਿਸ਼ਾਵਾਂ ਵਿਚ ਘੁਮਾਈ ਫਿਰਦੀ ਹੈ।ਅੱਗੇ ਪ੍ਰਲੋਕ ਵਿਚ (ਮਨੁੱਖ ਦਾ) ਵੱਡਾ ਨਾਮ ਉਚੀ ਜਾਤ ਨਹੀਂ ਜਾਂਦੀ, (ਇਨ੍ਹਾਂ ਦੇ ਹੰਕਾਰ ਵਿਚ ਫਸਿਆ ਅੱਗੇ ਜਾ ਕੇ) ਮਨਮੁਖ ਦੁਖ ਭੋਗਦਾ ਹੈ।(ਕਿਉਂਕਿ ਇਥੇ ਉਸ ਦੀ) ਜੀਭ ਨੇ ਹਰੀ ਦਾ ਨਾਮ ਰਸ ਨਹੀਂ ਚੱਖਿਆ ਹੁੰਦਾ ਅਤੇ ਫਿੱਕਾ ਬੋਲਦਾ ਰਿਹਾ ਹੈ।ਜਿਨ੍ਹਾਂ ਗੁਰਮੁਖਾਂ ਨੇ (ਨਾਮ ਦਾ) ਅੰਮ੍ਰਿਤ ਰਸ ਚੱਖਿਆ ਹੈ, ਉਹ ਪੁਰਖ ਰੱਜ ਗਏ ਹਨ।੧੫।

ਪਦਾਰਥ = ਏ ਮਨਾ–ਹੇ ਮਨ!।ਅਤਿ–ਬਹੁਤ।ਲੋਭੇ–ਲੋਭ ਵਿਚ।ਰਾਤਾ–ਰਚਿਆ ਹੈ; ਪ੍ਰੀਤਵਾਨ ਹੈ।ਮਨਸਾ–ਇੱਛਾ।ਮੋਹਣੀ–ਮੋਹ ਲੈਣ ਵਾਲੀ।ਦਹ ਦਿਸ–ਦਸ ਦਿਸ਼ਾਵਾਂ ਵਿਚ।ਫਿਰਾਤਾ–ਘੁਮਾਈ ਫਿਰਦੀ ਹੈ।ਅਗੈ–ਅੱਗੇ ਪ੍ਰਲੋਕ ਵਿਚ।ਨ ਜਾਇਸੀ–ਨਹੀਂ ਜਾਵੇਗੀ। ਖਾਤਾ–ਖਾਂਦਾ (ਭੋਗਦਾ) ਹੈ।ਰਸਨਾ–ਜੀਭ।ਸੇ ਜਨ–ਉਹ ਪੁਰਖ।ਤ੍ਰਿਪਤਾਤਾ–ਰੱਜ ਗਏ।੧੫।

ਸਲੋਕੁ ਮਃ ੩ ॥ ਵਾਹੁ ਵਾਹੁ ਤਿਸ ਨੋ ਆਖੀਐ, ਜਿ ਸਚਾ ਗਹਿਰ ਗੰਭੀਰੁ ॥ ਵਾਹੁ ਵਾਹੁ ਤਿਸ ਨੋ ਆਖੀਐ, ਜਿ ਗੁਣ ਦਾਤਾ ਮਤਿ ਧੀਰੁ ॥ ਵਾਹੁ ਵਾਹੁ ਉਸ ਪ੍ਰਭੂ ਨੂੰ ਕਹੀਦਾ ਹੈ, ਜਿਹੜਾ ਸੱਚਾ, (ਸਮੁੰਦਰ ਵਾਂਗ) ਡੂੰਘਾ ਤੇ ਅਡੋਲ ਹੈ।ਵਾਹੁ ਵਾਹੁ ਉਸ ਨੂੰ ਕਹੀਦਾ ਹੈ, ਜਿਹੜਾ ਗੁਣਾਂ ਦਾ ਦਾਤਾ ਅਤੇ ਧੀਰਜ ਮੱਤ ਵਾਲਾ ਹੈ (ਪਾਪੀਆਂ ਨੂੰ ਦੇਖ ਕੇ ਘਬਰਾਉਂਦਾ ਨਹੀਂ, ਦਾਤਾਂ ਦੇਈ ਜਾਂਦਾ ਹੈ)।

ਅੰਗ ੫੧੫ = ਵਾਹੁ ਵਾਹੁ ਤਿਸ ਨੋ ਆਖੀਐ, ਜਿ ਸਭ ਮਹਿ ਰਹਿਆ ਸਮਾਇ ॥ ਵਾਹੁ ਵਾਹੁ ਤਿਸ ਨੋ ਆਖੀਐ, ਜਿ ਦੇਦਾ ਰਿਜਕੁ ਸਬਾਹਿ ॥ ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ, ਜਿ ਸਤਿਗੁਰ ਦੀਆ ਦਿਖਾਇ ॥੧॥ ਵਾਹੁ ਵਾਹੁ ਉਸ ਹਰੀ ਨੂੰ ਆਖੀਦਾ ਹੈ, ਜਿਹੜਾ ਸਭ ਵਿਚ ਸਮਾ ਰਿਹਾ ਹੈ।ਵਾਹੁ ਵਾਹੁ ਉਸ ਨੂੰ ਆਖੀਦਾ ਹੈ, ਜਿਹੜਾ (ਸਾਰੇ ਜੀਵਾਂ ਨੂੰ) ਰਿਜਕ ਪਹੁੰਚਾ ਦੇਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਇਕੋ ਪ੍ਰਭੂ ਨੂੰ ਵਾਹੁ ਵਾਹੁ ਕਰਕੇ ਸਲਾਹੀਏ, ਜਿਹੜਾ ਸਤਿਗੁਰੂ ਨੇ ਦਿਖਾ ਦਿਤਾ ਹੈ।੧।

ਮਃ ੩ ॥ ਵਾਹੁ ਵਾਹੁ ਗੁਰਮੁਖ ਸਦਾ ਕਰਹਿ, ਮਨਮੁਖ ਮਰਹਿ ਬਿਖੁ ਖਾਇ ॥ ਓਨਾ ਵਾਹੁ ਵਾਹੁ ਨ ਭਾਵਈ, ਦੁਖੇ ਦੁਖਿ ਵਿਹਾਇ ॥ ਗੁਰਮੁਖਿ ਅੰਮ੍ਰਿਤੁ ਪੀਵਣਾ, ਵਾਹੁ ਵਾਹੁ ਕਰਹਿ ਲਿਵ ਲਾਇ ॥ ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ, ਤ੍ਰਿਭਵਣ ਸੋਝੀ ਪਾਇ ॥੨॥ ਗੁਰਮੁਖ ਸਦਾ ਵਾਹੁ ਵਾਹੁ ਕਰਦੇ (ਜਪਦੇ) ਹਨ ਅਤੇ ਮਨਮੁਖ (ਮਾਇਆ ਰੂਪ) ਬਿਖ ਖਾ ਕੇ (ਜੰਮਦੇ) ਮਰਦੇ ਰਹਿੰਦੇ ਹਨ। ਉਨਾਂ (ਮਨਮੁੱਖਾਂ) ਨੂੰ ਵਾਹੁ ਵਾਹੁ (ਜਪਣਾ ਤੇ ਸੁਣਨਾ) ਚੰਗਾ ਨਹੀਂ ਲਗਦਾ, (ਇਸ ਲਈ ਉਨ੍ਹਾਂ ਦੀ ਉਮਰ) ਦੁੱਖ ਹੀ ਦੁਖ ਬੀਤਦੀ ਹੈ।ਗੁਰਮੁਖ ਅੰਮ੍ਰਿਤ ਪਾਨ ਕਰਦੇ ਹਨ, ਜੋ ਲਿਵ ਲਾ ਕੇ ਵਾਹੁ ਵਾਹੁ ਕਰਦੇ (ਜਪਦੇ) ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਨਿਰਮਲ ਹਨ, ਜੋ ਵਾਹੁ ਵਾਹੁ ਕਰਦੇ ਹਨ ਅਤੇ (ਉਨ੍ਹਾਂ ਨੂੰ) ਤਿੰਨਾਂ ਲੋਕਾਂ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ।੨।

ਪਦਾਰਥ = ਤਿਸ ਨੋ–ਉਸ (ਪ੍ਰਭੂ) ਨੂੰ।ਆਖੀਐ–ਉਚਾਰੀਏ (ਜਪੀਏ) ਜਿ–ਜਿਹੜਾ।ਗਹਿਰ–ਡੂੰਘਾ।ਗੰਭੀਰ–ਅਡੋਲ (ਅਹਿੱਲ)। ਮਤਿ ਧੀਰੁ–ਧੀਰਜ ਵਾਲੀ ਮੱਤ ਵਾਲਾ।ਸਭ ਮਹਿ–ਸਾਰੇ ਜੀਵਾਂ ਵਿਚ।ਰਹਿਆ ਸਮਾਇ–ਸਮਾ ਰਿਹਾ ਹੈ।ਦੇਦਾ ਸਬਾਹਿ–ਪਹੁੰਚਾ ਦੇਂਦਾ ਹੈ।੧।ਮਰਹਿ–ਮਰਦੇ ਹਨ।ਬਿਖੁ–ਮਾਇਆ ਰੂਪ ਜਹਿਰ।ਨ ਭਾਵਈ–ਚੰਗਾ ਨਹੀਂ ਲਗਦਾ।ਵਿਹਾਇ–ਬੀਤਦੀ ਹੈ।ਪੀਵਣਾ–ਪੀਣਾ ਕਰਦੇ ਹਨ।ਲਿਵ ਲਾਇ–ਸੁਰਤ ਜੋੜ ਕੇ।ਸੇ ਜਨ–ਉਹ ਪੁਰਖ।ਨਿਰਮਲੇ–ਪਵਿਤ੍ਰ।ਤ੍ਰਿਭਵਣ–ਤਿੰਨ ਲੋਕਾਂ ਦੀ।੨।

ਪਉੜੀ ॥ ਹਰਿ ਕੈ ਭਾਣੈ ਗੁਰੁ ਮਿਲੈ, ਸੇਵਾ ਭਗਤਿ ਬਨੀਜੈ ॥ ਹਰਿ ਕੈ ਭਾਣੈ ਹਰਿ ਮਨਿ ਵਸੈ, ਸਹਜੇ ਰਸੁ ਪੀਜੈ ॥ ਹਰਿ ਕੈ ਭਾਣੈ ਸੁਖੁ ਪਾਈਐ, ਹਰਿ ਲਾਹਾ ਨਿਤ ਲੀਜੈ ॥ ਹਰਿ ਕੈ ਤਖਤਿ ਬਹਾਲੀਐ, ਨਿਜ ਘਰਿ ਸਦਾ ਵਸੀਜੈ ॥ ਹਰਿ ਕਾ ਭਾਣਾ ਤਿਨੀ ਮੰਨਿਆ, ਜਿਨਾ ਗੁਰੂ ਮਿਲੀਜੈ ॥੧੯॥ ਹਰੀ ਦੇ ਭਾਣੇ ਵਿਚ (ਜਦ ਮਨੁੱਖ ਨੂੰ) ਗੁਰੂ ਮਿਲਦਾ ਹੈ, (ਤਦ ਹੀ) ਸੇਵਾ ਤੇ ਭਗਤੀ ਕਰਨੀ ਬਣਦੀ ਹੈ (ਗੁਰੂ ਅਨੁਸਾਰੀ ਹੋ ਕੇ ਸੇਵਾ ਤੇ ਭਗਤੀ ਕੀਤੀ ਸਫਲ ਹੈ)। ਹਰੀ ਦੇ ਭਾਣੇ ਵਿਚ ਹੀ ਹਰੀ ਮਨ ਵਿਚ ਆ ਵਸਦਾ ਹੈ, ਤਦ ਸੁਭਾਵਕ ਹੀ ਨਾਮ ਰਸ ਪੀਂਦੇ ਰਹੀਦਾ ਹੈ। ਹਰੀ ਦੇ ਭਾਣੇ ਵਿਚ ਹੀ ਸੁਖ ਪਾਈਦਾ ਹੈ, ਨਿਤ ਹਰੀ ਦੇ ਨਾਮ ਸਿਮਰਨ ਦਾ ਲਾਹਾ ਲਈਦਾ ਹੈ। (ਨਾਮ ਜਪਣ ਵਾਲੇ ਪੁਰਖ) ਹਰੀ ਦੀ ਦਰਗਾਹ ਵਿਚ ਤਖਤ ਤੇ ਬਿਠਾਏ ਜਾਂਦੇ ਹਨ ਅਤੇ ਸਦਾ ਨਿਜ ਘਰ ਵਿਚ ਵਸਦੇ ਹਨ। ਉਨ੍ਹਾਂ ਗੁਰਮੁਖਾਂ ਨੇ ਹਰੀ ਦਾ ਭਾਣਾ ਮੰਨਿਆ ਹੈ, ਜਿਨ੍ਹਾਂ ਨੂੰ ਗੁਰੂ ਮਿਲਦਾ ਹੈ। ੧੯।

ਪਦਾਰਥ = ਭਾਣੈ–ਹੁਕਮ ਵਿਚ; ਮਰਜੀ ਅਨੁਸਾਰ। ਬਨੀਜੈ–ਬਣਦੀ ਹੈ। ਸਹਜੇ–ਸੁਭਾਵਕ (ਨਿਰਯਤਨ) ਹੀ। ਪੀਜੈ–ਪੀਂਦੇ ਰਹੀਦਾ ਹੈ। ਬਹਾਲੀਐ–ਬਿਠਾਈਦਾ ਹੈ। ਨਿਜ ਘਰਿ–ਆਤਮ ਸਰੂਪ ਵਿਚ। ਤਿਨੀ–ਉਨ੍ਹਾਂ ਨੇ। ਮਿਲੀਜੈ–ਮਿਲਦਾ ਹੈ। ੧੯।

ਸਲੋਕੁ ਮਃ ੩ ॥ ਵਾਹੁ ਵਾਹੁ ਸੇ ਜਨ ਸਦਾ ਕਰਹਿ, ਜਿਨ੍ ਕਉ ਆਪੇ ਦੇਇ ਬੁਝਾਇ ॥ ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ, ਹਉਮੈ ਵਿਚਹੁ ਜਾਇ ॥ ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ, ਸੋ ਮਨ ਚਿੰਦਿਆ ਫਲੁ ਪਾਇ ॥ ਵਾਹੁ ਵਾਹੁ ਕਰਹਿ ਸੇ ਜਨ ਸੋਹਣੇ, ਹਰਿ ਤਿਨ੍ ਕੈ ਸੰਗਿ ਮਿਲਾਇ ॥ ਵਾਹੁ ਵਾਹੁ ਹਿਰਦੈ ਉਚਰਾ, ਮੁਖਹੁ ਭੀ ਵਾਹੁ ਵਾਹੁ ਕਰੇਉ ॥ ਨਾਨਕ ਵਾਹੁ ਵਾਹੁ ਜੋ ਕਰਹਿ, ਹਉ ਤਨੁ ਮਨੁ ਤਿਨ੍ ਕਉ ਦੇਉ ॥੧॥ (ਹੇ ਭਾਈ!) ਉਹ ਪੁਰਖ ਸਦਾ ਵਾਹੁ ਵਾਹੁ ਕਰਦੇ (ਜਪਦੇ ਰਹਿੰਦੇ) ਹਨ, ਜਿਨ੍ਹਾਂ ਨੂੰ ਪ੍ਰਭੂ ਆਪੇ ਸਮਝਾ (ਗਿਆਨ ਕਰਾ) ਦੇਂਦਾ ਹੈ। ਵਾਹੁ ਵਾਹੁ ਕਰਦਿਆਂ ਮਨ ਨਿਰਮਲ ਹੋ ਜਾਂਦਾ ਹੈ ਅਤੇ (ਮਨ) ਵਿਚੋਂ ਹਉਮੈ ਚਲੇ ਜਾਂਦੀ ਹੈ। ਜੋ ਗੁਰਸਿੱਖ ਵਾਹੁ ਵਾਹੁ ਨਿਤ ਕਰਦਾ (ਜਪਦਾ) ਹੈ, ਉਹ ਮਨ ਚਿੰਦਿਆ ਫਲ ਪ੍ਰਾਪਤ ਕਰ ਲੈਂਦਾ ਹੈ। (ਜਿਹੜੇ ਮਨੁੱਖ) ਵਾਹੁ ਵਾਹੁ ਉਚਾਰਨ ਕਰਦੇ ਹਨ, ਉਹ ਸੋਹਣੇ ਹਨ, ਹੇ ਹਰੀ! (ਮੈਨੂੰ) ਉਨ੍ਹਾਂ ਦੇ ਨਾਲ ਮਿਲਾ ਦੇ। (ਤਾਂ ਜੋ ਮੈਂ ਉਨ੍ਹਾਂ ਨਾਲ ਮਿਲ ਕੇ) ਹਿਰਦੇ ਵਿਚ ਵਾਹੁ ਵਾਹੁ ਉਚਾਰਨ ਕਰਾਂ ਅਤੇ ਮੂੰਹੋਂ ਵੀ ਵਾਹੁ ਵਾਹੁ ਉਚਾਰਨ ਕਰਦਾ ਰਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਪੁਰਖ ਵਾਹੁ ਵਾਹੁ ਕਰਦੇ (ਸਿਮਰਦੇ) ਹਨ, ਮੈਂ (ਅਪਣਾ) ਤਨ ਤੇ ਮਨ ਉਨ੍ਹਾਂ ਨੂੰ ਭੇਟਾ ਕਰ ਦੇਵਾਂ। ੧।

ਪਦਾਰਥ = ਸੇ–ਉਹ। ਜਨ–ਪੁਰਖ। ਕਰਹਿ–ਕਰਦੇ (ਜਪਦੇ) ਹਨ। ਦੇਇ ਬੁਝਾਇ–ਸਮਝਾ (ਗਿਆਨ ਬਖਸ਼) ਦੇਂਦਾ ਹੈ। ਨਿਰਮਲੁ–ਪਵਿਤ੍ਰ। ਮਨ ਚਿੰਦਿਆ–ਮਨ ਦਾ ਚਾਹਿਆ। ਮੁਖਹੁ–ਮੂੰਹੋਂ। ਹਉ–ਮੈਂ। ਤਿਨ੍ ਕਉ–ਉਨ੍ਹਾਂ ਨੂੰ। ਦੇਉ–ਦੇਵਾਂ। ੧।

ਮਃ ਵਾਹੁ ਵਾਹੁ ਸਾਹਿਬੁ ਸਚੁ ਹੈ, ਅੰਮ੍ਰਿਤੁ ਜਾ ਕਾ ਨਾਉ ॥ ਜਿਨਿ ਸੇਵਿਆ ਤਿਨਿ ਫਲੁ ਪਾਇਆ, ਹਉ ਤਿਨ ਬਲਿਹਾਰੈ ਜਾਉ ॥ ਵਾਹੁ ਵਾਹੁ ਗੁਣੀ ਨਿਧਾਨੁ ਹੈ, ਜਿਸ ਨੋ ਦੇਇ ਸੁ ਖਾਇ ॥ ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ, ਗੁਰਮੁਖਿ ਪਾਇਆ ਜਾਇ ॥ ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ,ਗੁਰ ਪੂਰੇ ਵਾਹੁ ਵਾਹੁ ਭਾਵੈ ॥ ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ, ਤਿਸੁ ਜਮ ਕੰਕਰੁ ਨੇੜਿ ਨ ਆਵੈ ॥੨॥ (ਹੇ ਭਾਈ!) ਵਾਹੁ ਵਾਹੁ ਸੱਚਾ ਮਾਲਕ ਹੈ, ਜਿਸ ਦਾ ਨਾਮ ਅੰਮ੍ਰਿਤ ਰੂਪ ਹੈ। ਜਿਸ ਨੇ (ਉਸ ਨੂੰ) ਸਿਮਰਿਆ ਹੈ, ਉਸ (ਮਨੁੱਖ) ਨੇ ਅਮਰ ਫਲ ਪਾਇਆ ਹੈ, ਮੈਂ ਉਸ (ਮਨੁੱਖ) ਤੋਂ ਬਲਿਹਾਰ ਜਾਂਦਾ ਹਾਂ। ਵਾਹੁ ਵਾਹੁ ਗੁਣਾਂ ਦਾ ਖਜਾਨਾ ਹੈ, ਜਿਸ ਨੂੰ (ਮਾਲਕ ਪ੍ਰਭੂ) ਦੇਂਦਾ ਹੈ, ਉਹ ਮਨੁੱਖ ਖਾਂਦਾ (ਇਸ ਖਜਾਨੇ ਨੂੰ ਵਰਤਦਾ) ਹੈ। ਵਾਹੁ ਵਾਹੁ ਜਲ ਵਿਚ ਥਲ ਵਿਚ ਵਿਆਪਕ ਹੈ, (ਉਹ ਪ੍ਰਭੂ) ਗੁਰੂ ਦੁਆਰਾ ਪਾਇਆ ਜਾਂਦਾ ਹੈ। ਹੇ ਗੁਰੂ ਦੇ ਸਿੱਖੋ! (ਤੁਸੀਂ) ਸਾਰੇ ਰੋਜ ਵਾਹੁ ਵਾਹੁ ਉਚਾਰਨ ਕਰੋ, (ਕਿਉਂਕਿ) ਪੂਰੇ ਗੁਰੂ ਨੂੰ ਵਾਹੁ ਵਾਹੁ ਦਾ ਸਿਮਰਨ ਪਿਆਰਾ ਲਗਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ (ਮਨੁੱਖ) ਮਨ ਨਾਲ ਤੇ ਚਿਤ ਨਾਲ ਵਾਹੁ ਵਾਹੁ ਦਾ ਸਿਮਰਨ ਕਰਦਾ ਹੈ, ਜਮ ਦੂਤ ਉਸ ਦੇ ਨੇੜੇ ਨਹੀਂ ਆਉਂਦਾ। ੨॥

ਪਦਾਰਥ = ਜਾ ਕਾ–ਜਿਸ ਦਾ। ਹਉ–ਮੈਂ। ਬਲਿਹਾਰੈ ਜਾਉ–ਸਦਕੇ ਜਾਂਦਾ ਹਾਂ। ਗੁਣੀ ਨਿਧਾਨੁ–ਗੁਣਾਂ ਦਾ ਖਜਾਨਾ। ਖਾਇ–ਖਾਂਦਾ ਹੈ (ਵਰਤਦਾ ਹੈ)। ਭਰਪੂਰੁ–ਵਿਆਪਕ। ਭਾਵੈ–ਪਿਆਰਾ ਲਗਦਾ ਹੈ। ਜਮ ਕੰਕਰੁ–ਜਮ ਦੂਤ। ੨।

ਪਉੜੀ ॥ ਹਰਿ ਜੀਉ ਸਚਾ ਸਚੁ ਹੈ, ਸਚੀ ਗੁਰਬਾਣੀ ॥ ਸਤਿਗੁਰ ਤੇ ਸਚੁ ਪਛਾਣੀਐ, ਸਚਿ ਸਹਜਿ ਸਮਾਣੀ ॥ ਅਨਦਿਨੁ ਜਾਗਹਿ ਨਾ ਸਵਹਿ, ਜਾਗਤ ਰੈਣਿ ਵਿਹਾਣੀ ॥ ਗੁਰਮਤੀ ਹਰਿ ਰਸੁ ਚਾਖਿਆ, ਸੇ ਪੁੰਨ ਪਰਾਣੀ ॥ ਬਿਨੁ ਗੁਰੁ ਕਿਨੈ ਨ ਪਾਇਓ, ਪਚਿ ਮੁਏ ਅਜਾਣੀ ॥੧੭॥ ਹਰਿ ਜੀਉ ਪੂਰਨ ਸੱਚ ਸਰੂਪ ਹੈ ਅਤੇ (ਪ੍ਰਭੂ ਦਾ ਗਿਆਨ ਕਰਾਉਣ ਵਾਲੀ) ਗੁਰਬਾਣੀ ਵੀ ਸੱਚੀ ਹੈ। ਸਤਿਗੁਰੂ ਤੋਂ ਸੱਚ ਪਛਾਣੀਦਾ ਹੈ, (ਫਿਰ ਮਨੁੱਖ) ਸੁਭਾਵਕ ਹੀ ਸੱਚੇ ਪ੍ਰਭੂ ਵਿਚ ਸਮਾ ਲੀਨ ਹੋ ਜਾਂਦਾ ਹੈ। (ਹਰੀ ਨਾਲ ਜੁੜੇ ਮਨੁੱਖ) ਦਿਨ ਰਾਤ (ਗਿਆਨ ਅਵਸਥਾ ਵਿਚ) ਜਾਗਦੇ ਹਨ, (ਅਵਿਦਿਆ ਦੀ ਨੀਂਦ ਵਿਚ) ਨਹੀਂ ਸੌਂਦੇ, (ਉਨ੍ਹਾਂ ਦੀ ਜੀਵਨ ਰੂਪ) ਰਾਤ ਜਾਗਦਿਆਂ

ਹੀ ਬੀਤਦੀ ਹੈ।(ਜਿਨ੍ਹਾਂ ਮਨੁੱਖਾਂ ਨੇ) ਗੁਰੂ ਦੀ ਮੱਤ ਦੁਆਰਾ ਹਰੀ ਦਾ ਨਾਮ ਰਸ ਚੱਖਿਆ ਹੈ, ਉਹ ਨੇਕ ਪੁਰਖ ਹਨ।ਗੁਰੂ ਤੋਂ ਬਿਨਾ ਕਿਸੇ ਨੇ ਵੀ (ਪ੍ਰਭੂ ਨੂੰ) ਨਹੀਂ ਪਾਇਆ, ਅਣਜਾਣ (ਲੋਕ ਮਾਇਆ ਦੇ ਮੋਹ ਵਿਚ) ਖਪ ਕੇ ਮਰ ਗਏ ਹਨ।੧੭।

ਪਦਾਰਥ = ਸਚਾ ਸਚੁ-ਪੂਰਨ ਸੱਚ ਸਰੂਪ; ਅਤਿਅੰਤ ਸੱਚਾ।ਸਚਿ-ਸੱਚ ਸਰੂਪ ਪ੍ਰਭੂ ਵਿਚ।ਸਮਾਣੀ-ਲੀਨਤਾ; ਮਿਲਾਪ।ਅਨਦਿਨੁ-ਹਰ ਰੋਜ।ਜਾਗਹਿ-ਗਿਆਨ ਅਵਸਥਾ ਵਿਚ ਜਾਗਦੇ ਹਨ।ਨ ਸਵਹਿ-ਅਵਿਦਿਆ ਦੀ ਨੀਂਦ ਵਿਚ ਨਹੀਂ ਸੌਂਦੇ।ਰੈਣਿ-(ਜੀਵਨ ਰੂਪ) ਰਾਤ।ਵਿਹਾਣੀ-ਬੀਤਦੀ ਹੈ।ਗੁਰਮਤੀ-ਗੁਰੂ ਦੀ ਮੱਤ ਦੁਆਰਾ।ਚਾਖਿਆ-ਖਾਧਾ (ਅਨੰਦ ਮਾਣਿਆ)।ਸੇ-ਉਹ।ਪੁੰਨ-ਪਵਿਤ੍ਰ; ਨੇਕ।ਪਰਾਣੀ-ਮਨੁੱਖ।ਕਿਨੈ-ਕਿਸੇ ਨੇ।ਪਚਿ ਮੁਏ-ਖਪ ਕੇ ਮਰ ਗਏ।ਅਜਾਣੀ-ਅਣਜਾਣ (ਬੇਸਮਝ) ਲੋਕ।੧੭।

ਸਲੋਕੁ ਮਃ ੩ ॥ ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ ਅਵਰੁ ਨ ਕੋਇ ॥ ਵਾਹੁ ਵਾਹੁ ਅਗਮ ਅਥਾਹੁ ਹੈ, ਵਾਹੁ ਵਾਹੁ ਸਚਾ ਸੋਇ ॥ ਵਾਹੁ ਵਾਹੁ ਵੇਪਰਵਾਹੁ ਹੈ, ਵਾਹੁ ਵਾਹੁ ਕਰੇ ਸੁ ਹੋਇ ॥ ਵਾਹੁ ਵਾਹੁ ਅੰਮ੍ਰਿਤ ਨਾਮੁ ਹੈ, ਗੁਰਮੁਖਿ ਪਾਵੈ ਕੋਇ ॥ ਵਾਹੁ ਵਾਹੁ ਕਰਮੀ ਪਾਈਐ, ਆਪਿ ਦਇਆ ਕਰਿ ਦੇਇ ॥ (ਹੇ ਭਾਈ!) ਵਾਹੁ ਵਾਹੁ ਨਿਰੰਕਾਰ ਦੀ ਬਾਣੀ ਹੈ, ਉਸ (ਬਾਣੀ) ਜਿਤਨਾ ਵੱਡਾ ਹੋਰ ਕੋਈ ਨਹੀਂ ਹੈ।ਵਾਹੁ ਵਾਹੁ (ਮਨ ਬਾਣੀ ਦੀ) ਪਹੁੰਚ ਤੋਂ ਪਰੇ ਅਤੇ ਅਥਾਹ ਹੈ, ਉਹ ਵਾਹੁ ਵਾਹੁ ਹੀ ਸੱਚਾ (ਸਦਾ ਕਾਇਮ ਰਹਿਣ ਵਾਲਾ) ਹੈ।ਵਾਹੁ ਵਾਹੁ ਬੇਪ੍ਰਵਾਹ ਹੈ ਅਤੇ ਵਾਹੁ ਵਾਹੁ ਜੋ ਕਰਦਾ ਹੈ, ਉਹ ਹੀ ਹੁੰਦਾ ਹੈ; ਉਹ ਵੀ ਬੇਪ੍ਰਵਾਹ ਹੋ ਜਾਂਦਾ ਹੈ (ਸ਼ਬਦਾਰਥ)।ਵਾਹੁ ਵਾਹੁ (ਪ੍ਰਭੂ ਦਾ) ਅੰਮ੍ਰਿਤ ਨਾਮ ਹੈ, (ਪਰ ਇਹ ਨਾਮ) ਗੁਰੂ ਦੁਆਰਾ ਕੋਈ ਵਿਰਲਾ ਮਨੁੱਖ ਪ੍ਰਾਪਤ ਕਰਦਾ ਹੈ।ਵਾਹੁ ਵਾਹੁ (ਨਾਮ ਪ੍ਰਭੂ ਦੀ) ਬਖਸ਼ਿਸ਼ ਨਾਲ ਪਾਈਦਾ ਹੈ ,(ਉਹ) ਆਪ ਦਇਆ ਕਰਕੇ ਦੇਂਦਾ ਹੈ।

ਅੰਗ ੫੧੬ = ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ, ਅਨਦਿਨੁ ਨਾਮੁ ਲਏਇ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹੁ ਵਾਹੁ ਨਾਮ ਗੁਰੂ ਦੁਆਰਾ ਪਾਈਦਾ ਹੈ, (ਜਿਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਉਹ) ਹਰ ਰੋਜ ਨਾਮ ਲੈਂਦਾ (ਜਪਦਾ) ਹੈ।੧।

ਪਦਾਰਥ = ਵਾਹੁ ਵਾਹੁ-ਵਾਹਿਗੁਰੂ ਵਾਹਿਗੁਰੂ (ਹਰੀ ਅਤੇ ਉਸ ਦਾ ਵਾਹਿਗੁਰੂ ਨਾਮ ਇਕ ਰੂਪ ਹਨ)।ਬਾਣੀ ਨਿਰੰਕਾਰ-ਨਿਰੰਕਾਰ ਦੀ ਬਾਣੀ।ਜੇਵਡੁ-ਜਿੰਨਾ ਵੱਡਾ।ਅਵਰੁ-ਹੋਰ ਦੂਜਾ।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਥਾਹੁ-ਬਹੁਤ ਡੂੰਘਾ।ਸੋਇ-ਉਹ।ਸੁ-ਉਹ।ਕਰਮੀ-ਬਖਸ਼ਿਸ਼ ਨਾਲ।ਅਨਦਿਨੁ-ਹਰ ਰੋਜ।ਲਏਇ-ਲੈਂਦਾ (ਜਪਦਾ) ਹੈ।੧।

ਮਃ ੩ ॥ ਬਿਨੁ ਸਤਿਗੁਰੁ ਸੇਵੇ ਸਾਤਿ ਨ ਆਵਈ, ਦੂਜੀ ਨਾਹੀ ਜਾਇ ॥ ਜੇ ਬਹੁਤੇਰਾ ਲੋਚੀਐ, ਵਿਣੁ ਕਰਮੈ ਨ ਪਾਇਆ ਜਾਇ ॥ ਜਿਨ੍ਾ ਅੰਤਰਿ ਲੋਭ ਵਿਕਾਰੁ ਹੈ, ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ, ਹਉਮੈ ਵਿਚਿ ਦੁਖੁ ਪਾਇ ॥ ਜਿਨ੍ਾ ਸਤਿਗੁਰ ਸਿਉ ਚਿਤੁ ਲਾਇਆ, ਸੁ ਖਾਲੀ ਕੋਈ ਨਾਹਿ ॥ ਤਿਨ ਜਮ ਕੀ ਤਲਬ ਨ ਹੋਵਈ, ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ, ਸਚੈ ਸਬਦਿ ਸਮਾਹਿ ॥੨॥ (ਇਹ ਸਲੋਕ ਥੋੜੇ ਫਰਕ ਨਾਲ ੯੫੦ ਅੰਗ ਤੇ ਅਠਵੀਂ ਪਉੜੀ ਦਾ ਤੀਜਾ ਸਲੋਕ ਹੈ) ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਮਨ ਵਿਚ) ਸ਼ਾਂਤੀ ਨਹੀਂ ਆਉਂਦੀ, ਦੂਜੀ ਕੋਈ ਜਗ੍ਹਾ ਨਹੀਂ (ਜਿੱਥੇ ਸ਼ਾਂਤੀ ਮਿਲੇ)।ਜੇ ਬਹੁਤ ਇੱਛਾ ਕਰੀਏ (ਕਿ ਪੂਰਾ ਗੁਰੂ ਮਿਲ ਜਾਵੇ, ਪਰ ਹਰੀ ਦੀ) ਬਖਸ਼ਿਸ਼ ਤੋਂ ਬਿਨਾ (ਗੁਰੂ) ਪਾਇਆ ਨਹੀਂ ਜਾਂਦਾ; ਜੇ ਸ਼ਾਂਤੀ ਦੀ ਬਹੁਤ ਇੱਛਾ ਕਰੀਏ ਤਾਂ ਬਿਨਾਂ ਕਰਮਾਂ ਤੋਂ ਸ਼ਾਂਤੀ ਨਹੀਂ ਪਾਈ ਜਾਂਦੀ।ਜਿਨ੍ਹਾਂ ਮਨੁੱਖਾਂ ਦੇ ਮਨ ਦੇ ਅੰਦਰ ਲੋਭ ਦਾ ਵਿਕਾਰ ਹੈ, ਉਹ ਦੂਜੇ ਭਾਵ ਵਿਚ ਲਗ ਕੇ ਭੁੱਲੇ ਹੋਏ ਹਨ; (ਜੀਵਨ ਦੇ ਸਹੀ ਰਸਤੇ ਤੋਂ) ਖੁੰਝੇ ਹੋਏ ਹਨ।(ਉਨ੍ਹਾਂ ਦਾ) ਜੰਮਣਾ ਤੇ ਮਰਣਾ ਨਹੀਂ ਮੁਕਦਾ, (ਉਹ) ਹਉਮੈ ਵਿਚ ਦੁਖ ਪਾਉਂਦੇ ਹਨ।ਜਿਨ੍ਹਾਂ (ਮਨੁੱਖਾਂ) ਨੇ ਸਤਿਗੁਰੂ ਨਾਲ ਚਿਤ ਲਾਇਆ ਹੈ, ਉਹ ਕੋਈ ਵੀ (ਮੁਕਤ ਹੋਣ ਤੋਂ) ਖਾਲੀ ਨਹੀਂ ਰਹਿੰਦਾ।ਉਨ੍ਹਾਂ ਨੂੰ ਜਮ ਦਾ ਸੱਦਾ ਨਹੀਂ ਆਉਂਦਾ ਹੁੰਦਾ ਅਤੇ ਨਾ ਉਹ (ਜਨਮ ਮਰਣ ਦਾ) ਦੁਖ ਸਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਸੱਚੇ ਗੁਰੂ ਦੇ ਸ਼ਬਦ ਵਿਚ ਲੀਨ ਹੋ ਕੇ ਮੁਕਤ ਹੋ ਗਏ ਹਨ।੨।

ਪਦਾਰਥ = ਨ ਆਵਈ-ਨਹੀਂ ਆਉਂਦੀ।ਜਾਇ-ਜਗ੍ਹਾ।ਬਹੁਤੇਰਾ-ਬਹੁਤਾ।ਲੋਚੀਐ-ਇੱਛਾ ਕਰੀਏ।ਵਿਣੁ ਕਰਮੈ-ਬਖਸ਼ਿਸ਼ ਤੋਂ ਬਿਨਾ।ਦੂਜੈ ਭਾਇ-ਦ੍ਵੈਤ ਭਾਵ ਵਿਚ।ਖੁਆਇ-ਭੁੱਲੇ ਹੋਏ; ਖੁੰਝੇ ਹੋਏ।ਨ ਚੁਕਈ-ਨਹੀਂ ਮੁੱਕਦਾ।ਸਿਉ-ਨਾਲ।ਸੁ-ਉਹ।ਤਲਬ-ਸੱਦਾ।ਓਇ-ਉਹ।ਸਹਾਹਿ-ਸਹਿੰਦੇ ਹਨ।ਉਬਰੇ-ਮੁਕਤ ਹੋ ਗਏ।ਸਬਦਿ ਸਮਾਹਿ-ਸ਼ਬਦ ਵਿਚ ਲੀਨ ਹੋ ਕੇ।੨।

ਪਉੜੀ ॥ ਢਾਢੀ ਤਿਸ ਨੋ ਆਖੀਐ, ਜਿ ਖਸਮੈ ਧਰੇ ਪਿਆਰੁ ॥ ਦਰਿ ਖੜਾ ਸੇਵਾ ਕਰੇ, ਗੁਰ ਸਬਦੀ ਵੀਚਾਰੁ ॥ ਢਾਢੀ ਦਰੁ ਘਰੁ ਪਾਇਸੀ, ਸਚੁ ਰਖੈ ਉਰ ਧਾਰਿ ॥ ਢਾਢੀ ਕਾ ਮਹਲੁ ਅਗਲਾ, ਹਰਿ ਕੈ ਨਾਇ ਪਿਆਰਿ ॥ ਢਾਢੀ ਕੀ ਸੇਵਾ ਚਾਕਰੀ, ਹਰਿ ਜਪਿ ਹਰਿ ਨਿਸਤਾਰਿ ॥੧੮॥ (ਹੇ ਭਾਈ!) ਢਾਢੀ ਉਸ ਨੂੰ ਆਖਿਆ ਜਾਂਦਾ ਹੈ, ਜਿਹੜਾ ਮਾਲਕ (ਪ੍ਰਭੂ) ਨਾਲ ਪਿਆਰ ਕਰੇ।(ਉਸ ਦੇ) ਦਰ ਉਤੇ ਖੜਾ ਹੋ ਕੇ ਸੇਵਾ ਕਰਦਾ ਰਹੇ ਅਤੇ ਗੁਰੂ ਦੇ ਸ਼ਬਦ ਦੁਆਰਾ (ਹਰੀ ਦੇ ਗੁਣਾਂ ਦਾ) ਵਿਚਾਰ ਕਰੇ।(ਉਹ) ਢਾਢੀ (ਅਪਣਾ

ਆਤਮ) ਘਰ ਤੇ (ਪ੍ਰਭੂ ਦਾ) ਦਰ ਪ੍ਰਾਪਤ ਕਰ ਲੈਂਦਾ ਹੈ, (ਜਿਹੜਾ ਅਪਣੇ) ਹਿਰਦੇ ਵਿਚ ਸਚੇ ਪ੍ਰਭੂ ਨੂੰ ਧਾਰਨ ਕਰੀ ਰਖਦਾ ਹੈ। ਢਾਢੀ ਦਾ ਰੁਤਬਾ ਬਹੁਤ ਵੱਡਾ ਹੁੰਦਾ ਹੈ, (ਕਿਉਂਕਿ ਉਹ) ਹਰੀ ਦੇ ਨਾਮ ਨਾਲ ਪਿਆਰ ਕਰਦਾ ਹੈ। ਢਾਢੀ ਦੀ ਸੇਵਾ ਭਗਤੀ (ਇਹੋ ਹੈ ਕਿ ਉਹ) ਹਰੀ ਨੂੰ ਜਪਦਾ ਹੈ ਅਤੇ ਹਰੀ (ਉਸ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦੇਂਦਾ ਹੈ।੧੮।

ਪਦਾਰਥ = ਢਾਢੀ–ਨੀਵੀ ਜਾਤ ਦਾ ਡੂਮ ਜੋ ਢੱਢ ਵਜਾ ਜੇ ਗੁਜਾਰਾ ਕਰਦਾ ਹੈ; ਗੁਰੂ ਕਾ ਕੀਰਤਨੀਆ। ਤਿਸ ਨੋ–ਉਸ ਨੂੰ। ਜਿ–ਜਿਹੜਾ। ਧਰੇ–ਰੱਖਦਾ ਹੈ। ਦਰਿ–(ਹਰੀ ਦੇ) ਦਰ ਉਤੇ। ਸਬਦੀ–ਸ਼ਬਦ ਦੁਆਰਾ। ਦਰੁ ਘਰੁ–ਹਰੀ ਦਾ ਦਰਵਾਜਾ ਤੇ (ਅਪਣਾ) ਆਤਮ ਘਰ (ਰੱਬ ਦਾ ਦਰਬਾਰ ਨਿਜ ਘਰ)। ਪਾਇਸੀ–ਪਾ ਲੈਂਦਾ ਹੈ। ਉਰ ਧਾਰਿ–ਦਿਲ ਵਿਚ ਟਿਕਾ ਕੇ। ਮਹਲੁ–ਰੁਤਬਾ (ਪਦਵੀ)। ਅਗਲਾ –ਵੱਡਾ; ਬਹੁਤ। ਸੇਵਾ ਚਾਕਰੀ–ਸੇਵਾ ਭਗਤੀ। ਨਿਸਤਾਰਿ–(ਭਵਜਲ ਤੋਂ) ਤਾਰ ਦੇਂਦਾ ਹੈ।੧੮।

ਸਲੋਕੁ ਮਃ ੩ ॥ ਗੂਜਰੀ ਜਾਤਿ ਗਵਾਰਿ, ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ, ਅਨਦਿਨੁ ਹਰਿ ਜਪੁ ਜਾਪਣਾ ॥ ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ, ਸਾ ਕੁਲਵੰਤੀ ਨਾਰਿ ॥ ਸਾ ਹੁਕਮੁ ਪਛਾਣੈ ਕੰਤ ਕਾ, ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥ ਓਹ ਕੁਚਜੀ ਕੁਲਖਣੀ, ਪਰਹਰਿ ਛੋਡੀ ਭਤਾਰਿ ॥ ਭੈ ਪਇਐ ਮਲੁ ਕਟੀਐ, ਨਿਰਮਲ ਹੋਵੈ ਸਰੀਰੁ ॥ ਅੰਤਰਿ ਪਰਗਾਸੁ ਮਤਿ ਊਤਮ ਹੋਵੈ, ਹਰਿ ਜਪਿ ਗੁਣੀ ਗਹੀਰੁ ॥ ਭੈ ਵਿਚਿ ਬੈਸੈ ਭੈ ਰਹੈ, ਭੈ ਵਿਚਿ ਕਮਾਵੈ ਕਾਰ ॥ ਐਥੈ ਸੁਖੁ ਵਡਿਆਈਆ, ਦਰਗਹ ਮੋਖ ਦੁਆਰ ॥ ਭੈ ਤੇ ਨਿਰਭਉ ਪਾਈਐ, ਮਿਲਿ ਜੋਤੀ ਜੋਤਿ ਅਪਾਰ ॥ ਨਾਨਕ ਖਸਮੈ ਭਾਵੈ ਸਾ ਭਲੀ, ਜਿਸ ਨੋ ਆਪੇ ਬਖਸੇ ਕਰਤਾਰੁ ॥੧॥ ਗੁੱਜਰ ਇਸਤ੍ਰੀ ਨੀਵੀਂ ਜਾਤ ਵਾਲੀ (ਮਨੁੱਖ ਨੀਚ) ਹੈ, (ਪਰ ਉਹ) ਜਦ ਅਪਣੇ ਪਤੀ ਮਾਲਕ ਨੂੰ ਮਿਲ ਪਵੇ। ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਹਰ ਵੇਲੇ (ਉਹ ਪ੍ਰਭੂ ਦਾ) ਜਾਪ ਜਪਦੀ ਰਹੇ। ਜਿਸ ਨੂੰ ਸਤਿਗੁਰੂ ਮਿਲ ਪਵੇ ਅਤੇ ਉਸ ਨੂੰ ਹਰੀ ਦਾ ਭੈ ਪੈ ਜਾਵੇ, ਉਹ (ਨੀਵੀਂ ਜਾਤ ਵਾਲੀ ਗੁੱਜਰ) ਇਸਤ੍ਰੀ ਉਚੀ ਕੁਲ ਵਾਲੀ ਹੋ ਜਾਂਦੀ ਹੈ। ਉਹ (ਅਪਣੇ ਪ੍ਰਭੂ) ਪਤੀ ਦਾ ਹੁਕਮ ਪਛਾਣਦੀ ਹੈ, ਜਿਸ ਉਤੇ ਕਰਤਾਰ ਨੇ ਕ੍ਰਿਪਾ ਕੀਤੀ ਹੁੰਦੀ ਹੈ। ਉਹ (ਜੀਵ ਇਸਤ੍ਰੀ) ਕੁਚੱਜੀ ਤੇ ਭੈੜੇ ਲੱਛਣਾਂ ਵਾਲੀ ਹੈ, ਜਿਸ ਨੂੰ ਪ੍ਰਭੂ ਪਤੀ ਨੇ ਤਿਆਗ ਛਡਿਆ ਹੈ। (ਪ੍ਰਭੂ ਪਤੀ ਦਾ) ਭੈ ਪੈਣ ਨਾਲ (ਪਾਪਾਂ ਦੀ) ਮੈਲ ਕੱਟੀ ਜਾਂਦੀ ਹੈ ਤੇ ਸਰੀਰ ਨਿਰਮਲ ਹੋ ਜਾਂਦਾ ਹੈ। ਅਥਾਹ ਗੁਣਾਂ ਵਾਲੇ ਹਰੀ ਨੂੰ ਜਪ ਕੇ ਹਿਰਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਅਤੇ ਮੱਤ ਉਤਮ ਹੋ ਜਾਂਦੀ ਹੈ। (ਫਿਰ ਅਜੇਹੀ ਜੀਵ ਇਸਤ੍ਰੀ ਹਰੀ ਦੇ) ਭੈ ਵਿਚ ਬੈਠਦੀ ਹੈ ਤੇ ਭੈ ਵਿਚ ਰਹਿੰਦੀ ਹੈ ਅਤੇ ਭੈ ਵਿਚ ਹੀ ਕੰਮ ਕਾਰ ਕਰਦੀ ਹੈ। (ਉਸ ਨੂੰ) ਇਸ ਲੋਕ ਵਿਚ ਸੁਖ ਤੇ ਵਡਿਆਈਆਂ ਮਿਲਦੀਆਂ ਹਨ ਤੇ ਦਰਗਾਹ ਵਿਚ ਵੀ ਮੁਕਤੀ ਦਾ ਦਰ ਪ੍ਰਾਪਤ ਹੁੰਦਾ ਹੈ। (ਹਰੀ ਦੇ) ਭੈ ਵਿਚ ਰਹਿਣ ਨਾਲ ਨਿਰਭੈ ਪ੍ਰਭੂ ਪਾ ਲਈਦਾ ਹੈ ਅਤੇ ਹਰੀ ਦੀ ਬੇਅੰਤ ਜੋਤਿ ਵਿਚ ਮਿਲ ਕੇ ਜੋਤ ਸਰੂਪ ਹੋ ਜਾਈਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ (ਜੀਵ ਇਸਤ੍ਰੀ ਪ੍ਰਭੂ) ਪਤੀ ਨੂੰ ਭਾ ਜਾਵੇ ਅਤੇ ਜਿਸ ਨੂੰ ਕਰਤਾਰ ਆਪੇ ਬਖਸ਼ ਲਵੇ, ਉਹ ਭਲੀ ਹੈ।੧।

ਪਦਾਰਥ = ਗਵਾਰਿ–ਪੇਂਡੂ, ਥੋੜੀ ਸਮਝ ਵਾਲੀ; ਨੀਚ। ਜਾ–ਜਦ। ਸਹੁ–ਪਤੀ। ਅਨਦਿਨੁ–ਹਰ ਰੋਜ। ਭਉ ਪਵੈ–ਭੈ ਪੈ ਜਾਵੇ। ਸਾ–ਉਹ। ਕੁਲਵੰਤੀ–ਉਚੀ ਕੁਲ ਵਾਲੀ। ਨਾਰਿ–ਨਾਰੀ (ਇਸਤ੍ਰੀ)। ਕੰਤ ਕਾ–ਪਤੀ ਦਾ। ਕਰਤਾਰਿ–ਕਰਤਾਰ ਨੇ। ਕੁਚਜੀ–(ਕੁਚੱਜੀ ਬੋਲੋ) ਬੁਰੇ ਅਚਾਰ ਵਾਲੀ (ਬਦ ਚਲਨ)। ਕੁਲਖਣੀ–ਭੈੜੇ ਲੱਛਣਾਂ ਵਾਲੀ। ਪਰਹਰਿ–ਛਡ ਦਿਤੀ। ਭਤਾਰਿ–ਪਤੀ ਨੇ। ਭੈ ਪਇਐ–ਹਰੀ ਦਾ ਡਰ ਪੈਣ ਨਾਲ। ਮਲੁ–ਮੈਲ। ਨਿਰਮਲ–ਮੈਲ ਰਹਿਤ (ਪਵਿਤ੍ਰ)। ਮਤਿ–ਬੁੱਧੀ। ਗੁਣੀ ਗਹੀਰੁ–ਅਥਾਹ ਗੁਣਾਂ ਵਾਲਾ। ਬੈਸੈ–ਬੈਠਦੀ ਹੈ। ਕਮਾਵੈ ਕਾਰ–ਕੰਮ ਕਰਦੀ ਹੈ। ਐਥੈ–ਇਥੇ (ਇਸ ਲੋਕ ਵਿਚ)। ਮੋਖ ਦੁਆਰ–ਮੁਕਤੀ ਦਾ ਦਰਵਾਜਾ (ਗਿਆਨ; ਗੁਰੂ; ਸਤ ਸੰਗ; ਬਿਨਾ ਰੋਕ ਟੋਕ ਦੇ ਆਉਣ ਜਾਣ ਵਾਲਾ ਦਰਵਾਜਾ)। ਨਿਰਭਉ–ਭੈ ਰਹਿਤ ਪ੍ਰਭੂ। ਜੋਤੀ ਜੋਤਿ–ਆਤਮ ਜੋਤ ਪ੍ਰਭੂ ਦੀ ਜੋਤ ਵਿਚ। ਅਪਾਰ–ਬੇਅੰਤ। ਖਸਮੈ–ਪਤੀ ਨੂੰ। ਭਾਵੈ–ਚੰਗੀ ਲਗਦੀ ਹੈ। ਭਲੀ–ਉਤਮ; ਸ੍ਰੇਸ਼ਟ।੧।

ਗੂਜਰੀ = ਗੁੱਜਰ ਦੀ ਇਸਤ੍ਰੀ। ਗੁੱਜਰਾਂ ਨੂੰ ਗੁਆਲੇ ਤੇ ਅਹੀਰ ਵੀ ਕਹਿੰਦੇ ਹਨ, ਇਥੇ ਗੂਜਰੀ ਸ਼ਬਦ ਇਸ ਜਾਤੀ ਲਈ ਵਰਤਿਆ ਹੈ, ਜੋ ਇਕ ਨੀਵੀਂ ਜਾਤ ਸਮਝੀ ਜਾਂਦੀ ਹੈ। ਇਸ ਨੀਵੀਂ ਜਾਤੀ ਵਾਲਾ ਜੇ ਕੋਈ ਗੁਰੂ ਦੀ ਸ਼ਰਣ ਵਿਚ ਹਰੀ ਦਾ ਨਾਮ ਜਪਦਾ ਹੈ, ਉਹ ਉਚੀ ਮਾਨਸਕ ਅਵਸਥਾ ਵਾਲਾ ਹੋ ਜਾਂਦਾ ਹੈ। ਗੁੱਜਰ ਇਸਤ੍ਰੀ ਲਈ ਗੂਜਰੀ ਸ਼ਬਦ ਇਥੇ ਇਸ ਲਈ ਵਰਤਿਆ ਜਾਪਦਾ ਹੈ, ਕਿਉਂਕਿ ਗੂਜਰੀ ਰਾਗ ਦਾ ਸਬੰਧ ਗੁੱਜਰਾਂ ਨਾਲ ਮੰਨਿਆ ਗਿਆ ਹੈ। ਜਿਵੇਂ ਪਹਾੜੀ ਰਾਗ ਦਾ ਸਬੰਧ ਪਹਾੜੀ ਲੋਕਾਂ ਨਾਲ ਅਤੇ ਬੰਗਾਲਮ ਦਾ ਸਬੰਧ ਬੰਗਾਲ ਨਾਲ ਹੈ। ਗੂਜਰੀ ਇਕ ਰਾਗਣੀ ਵੀ ਹੈ, ਜਿਸ ਵਿਚ ਇਹ ਵਾਰ ਇਹ ਲਿਖੀ ਹੋਈ ਹੈ। ਗੂਜਰੀ ਰਾਗ ਨੂੰ ਨੀਵਾਂ ਨਾ ਜਾਣਿਆ ਜਾਵੇ, ਕਿਉਂਕਿ ਇਸ ਰਾਗ ਵਿਚ ਹਰੀ ਜਸ ਲਿਖਿਆ ਗਿਆ ਹੈ। ਇਸੇ ਤਰ੍ਹਾਂ ਗੂਜਰੀ ਜਾਤ ਵੀ ਨੀਵੀਂ ਨਾ ਸਮਝੀ ਜਾਵੇ, ਹਰੀ ਦਾ ਨਾਮ ਜਪ ਕੇ ਉਹ ਸਭ ਤੋਂ ਉਚਾ ਹੋ ਜਾਂਦਾ ਹੈ। ਦੂਜਾ ਅਰਥ = ਗਵਾਰ ਗੂਜਰੀ (ਗਵਾਲਣ ਨੀਵੀਂ) ਜਾਤੀ

ਦੀ ਹੈ, (ਉਸ ਦਾ ਜੀਵਨ ਤਦ ਹੀ ਸਫਲ ਹੋ ਸਕਦਾ ਹੈ) ਜਦ (ਉਹ ਹਰੀ ਦੀ ਭਗਤੀ ਕਰਕੇ) ਅਪਣੇ ਪ੍ਰਭੂ ਪਤੀ ਨੂੰ ਪਾ ਲਵੇ।

ਮਃ ੩ ॥ ਸਦਾ ਸਦਾ ਸਾਲਾਹੀਐ, ਸਚੇ ਕਉ ਬਲਿ ਜਾਉ ॥ ਨਾਨਕ ਏਕੁ ਛੋਡਿ ਦੂਜੈ ਲਗੈ, ਸਾ ਜਿਹਵਾ ਜਲਿ ਜਾਉ ॥੨॥ ਸਦਾ (ਥਿਰ ਰਹਿਣ ਵਾਲੇ ਪ੍ਰਭੂ ਨੂੰ) ਸਦਾ ਸਲਾਹੁਣਾ ਚਾਹੀਦਾ ਹੈ, ਮੈਂ ਉਸ ਸੱਚੇ ਪ੍ਰਭੂ ਤੋਂ ਸਦਕੇ ਜਾਂਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਭ ਸੜ ਜਾਵੇ (ਜਿਹੜੀ ਜੀਭ) ਇਕ ਪ੍ਰਭੂ ਨੂੰ ਛਡ ਕੇ ਕਿਸੇ ਦੂਜੇ (ਨੂੰ ਯਾਦ ਕਰਨ ਵਿਚ) ਲੱਗ ਜਾਵੇ।੨।

ਪਉੜੀ ॥ ਅੰਸਾ ਅਉਤਾਰੁ ਉਪਾਇਓਨੁ ,ਭਾਉ ਦੂਜਾ ਕੀਆ ॥ ਜਿਉ ਰਾਜੇ ਰਾਜੁ ਕਮਾਵਦੇ, ਦੁਖ ਸੁਖ ਭਿੜੀਆ ॥ ਈਸਰੁ ਬ੍ਰਹਮਾ ਸੇਵਦੇ, ਅੰਤੁ ਤਿਨ੍ਹੀ ਨ ਲਹੀਆ ॥ ਨਿਰਭਉ ਨਿਰੰਕਾਰੁ ਅਲਖੁ ਹੈ, ਗੁਰਮੁਖਿ ਪ੍ਰਗਟੀਆ ॥ ਤਿਥੈ ਸੋਗੁ ਵਿਜੋਗੁ ਨ ਵਿਆਪਈ, ਅਸਥਿਰੁ ਜਗਿ ਥੀਆ ॥੧੯॥ ਉਸ (ਪ੍ਰਭੂ) ਨੇ ਅਪਣੀ ਕਲਾ ਦਾ ਥੋੜਾ ਜਿਹਾ ਹਿਸਾ ਦੇ ਕੇ ਜੋ ਵੀ ਅਵਤਾਰ (ਕ੍ਰਿਸ਼ਨ ਜੀ ਤੇ ਰਾਮ ਚੰਦਰ ਆਦਿਕਾਂ ਨੂੰ) ਪੈਦਾ ਕੀਤਾ (ਉਨ੍ਹਾਂ ਨੇ ਵੀ ਅਪਣੇ ਅੰਦਰ) ਦ੍ਵੈਤ ਭਾਵ ਧਾਰਨ ਕਰ ਲਿਆ; ਦੂਜਾ ਭਾਉ ਵੀ (ਹਰੀ ਨੇ ਹੀ) ਪੈਦਾ ਕੀਤਾ ਹੈ। ਜਿਵੇਂ (ਆਮ) ਰਾਜੇ ਰਾਜ ਕਰਦੇ ਹਨ, (ਤਿਵੇਂ ਅਵਤਾਰ ਵੀ ਰਾਜ ਕਰਦੇ ਹੋਏ) ਦੁਖ ਸੁੱਖ ਲਈ ਭਿੜਦੇ ਰਹੇ ਹਨ। ਸ਼ਿਵ ਜੀ ਤੇ ਬ੍ਰਹਮਾ (ਆਦਿਕ ਅਵਤਾਰਾਂ ਨੂੰ ਲੋਕ) ਪੂਜਦੇ ਹਨ; ਸ਼ਿਵ ਜੀ ਤੇ ਬ੍ਰਹਮਾ ਹਰੀ ਨੂੰ ਪੂਜਦੇ ਰਹੇ ਹਨ, (ਪਰ ਹਰੀ ਦਾ) ਅੰਤ ਉਨ੍ਹਾਂ ਨੇ ਵੀ ਨਹੀਂ ਜਾਣਿਆ। ਹਰੀ ਭੈ ਰਹਿਤ, ਅਕਾਰ ਰਹਿਤ ਅਤੇ ਅਦ੍ਰਿਸਟ ਹੈ, ਉਹ ਗੁਰੂ ਰਾਹੀਂ ਪ੍ਰਗਟ ਹੁੰਦਾ ਹੈ। (ਉਸ ਗੁਮੁਖਤਾਈ ਵਾਲੀ ਅਵਸਥਾ ਵਿਚ) ਸੋਗ ਤੇ ਵਿਛੋੜਾ ਨਹੀਂ ਲਗਦਾ ਤੇ (ਗੁਰਮੁਖ) ਜਗਤ ਵਿਚ ਅਡੋਲ (ਮਾਨਸਿਕ ਟਿਕਾਉ ਵਾਲਾ) ਹੋ ਜਾਂਦਾ ਹੈ (ਅਜੇਹੇ ਗੁਰਮੁਖਾਂ ਦੇ ਬਰਾਬਰ ਅੰਸਾ ਅਵਤਾਰ, ਸ਼ਿਵ ਤੇ ਬ੍ਰਹਮਾ ਆਦਿ ਵੀ ਨਹੀਂ ਪੁਜ ਸਕਦੇ)।੧੯।

ਪਦਾਰਥ = ਸਚੇ ਕਉ–ਸੱਚੇ ਪ੍ਰਭੂ ਤੋਂ। ਬਲਿ ਜਾਉ–ਮੈਂ ਸਦਕੇ ਜਾਂਦਾ ਹਾਂ। ਏਕੁ–ਇਕ ਪ੍ਰਭੂ। ਦੂਜੈ ਲਗੈ–ਦੂਜੇ (ਦੀ ਯਾਦ ਵਿਚ) ਲੱਗ ਜਾਵੇ। ਸਾ–ਉਹ। ਜਿਹਵਾ–ਜੀਭ।੨। ਪਉੜੀ। ਉਪਾਇਓਨੁ–ਪੈਦਾ ਕੀਤਾ ਉਸ (ਪ੍ਰਭੂ) ਨੇ। ਭਾਉ ਦੂਜਾ–ਦ੍ਵੈਤ ਭਾਵ (ਦੁਬਿਧਾ)। ਕੀਆ –ਕੀਤਾ। ਕਮਾਵਦੇ–ਕਰਦੇ ਹਨ। ਭਿੜੀਆ–ਭਿੜਦੇ (ਲੜਦੇ) ਰਹੇ ਹਨ। ਈਸਰੁ–ਸ਼ਿਵ ਜੀ। ਸੇਵਦੇ–ਪੂਜਦੇ ਹਨ। ਤਿਨ੍ਹੀ–ਉਨ੍ਹਾਂ ਨੇ। ਲਹੀਆ–ਜਾਣਿਆ; ਪਾਇਆ। ਅਲਖੁ–ਅਦ੍ਰਿਸਟ; ਬੁੱਧੀ ਦੀ ਸਮਝ ਤੋਂ ਪਰੇ। ਤਿਥੈ–ਉਥੇ (ਗੁਰਮੁਖਾਂ ਵਾਲੀ ਅਵਸਥਾ ਵਿਚ)। ਵਿਜੋਗੁ –ਵਿਛੋੜਾ। ਨ ਵਿਆਪਈ–ਨਹੀਂ ਲਗਦਾ। ਅਸਥਿਰੁ–ਅਚੱਲ (ਮਨ ਦੇ ਟਿਕਾਉ ਵਾਲੀ ਅਵਸਥਾ)। ਥੀਆ–ਹੋ ਜਾਂਦਾ ਹੈ।੧੯।

ਅੰਸਾ ਅਉਤਾਰੁ = ਪ੍ਰਭੂ ਦੀ ਸ਼ਕਤੀ ਦਾ ਕੁਝ ਹਿੱਸਾ ਰੱਖਣ ਵਾਲੇ ਪ੍ਰਿਥੁ ਤੇ ਪਰਸ ਰਾਮ ਆਦਿਕ ਅਵਤਾਰ (ਕੋਈ ਨੌਂ ਕਲਾ ਅਵਤਾਰ, ਕੋਈ ਚੌਦਾਂ ਕਲਾ ਤੇ ਕੋਈ ਸੋਲ੍ਹਾਂ ਕਲਾ ਅਵਤਾਰ); ਜੋ ਪੂਰੀ ਸ਼ਕਤੀ ਨਾ ਹੋਣ ਕਰਕੇ ਦ੍ਵੈਤ ਭਾਵ ਵਿਚ ਆ ਜਾਵੇ।

ਸਲੋਕੁ ਮਃ ੩ ॥ ਏਹੁ ਸਭੁ ਕਿਛੁ ਆਵਣ ਜਾਣੁ ਹੈ, ਜੇਤਾ ਹੈ ਆਕਾਰੁ ॥ ਜਿਨਿ ਏਹੁ ਲੇਖਾ ਲਿਖਿਆ, ਸੋ ਹੋਆ ਪਰਵਾਣੁ ॥ ਨਾਨਕ ਜੇ ਕੋ ਆਪੁ ਗਣਾਇਦਾ, ਸੋ ਮੂਰਖੁ ਗਾਵਾਰੁ ॥੧॥ ਜਿਤਨਾ ਵੀ (ਦਿਸਦਾ) ਜਗਤ ਪਸਾਰਾ ਹੈ, ਇਹ ਸਾਰਾ ਕੁਛ ਆਉਣ ਜਾਣ ਵਾਲਾ (ਨਾਸ਼ਵੰਤ) ਹੈ। ਜਿਸ (ਮਨੁੱਖ) ਨੇ ਇਹ ਹਿਸਾਬ ਲਿਖ (ਇਸ ਗੱਲ ਨੂੰ ਵਿਚਾਰ) ਲਿਆ, ਉਹ (ਰੱਬ ਦੇ ਦਰਬਾਰ ਵਿਚ) ਪ੍ਰਵਾਨ ਹੋ ਗਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਕੋਈ ਮਨੁੱਖ ਅਪਣੇ ਆਪ ਨੂੰ ਗਿਣਾਉਂਦਾ ਹੈ, ਉਹ ਮੂਰਖ ਹੈ, ਬੇਸਮਝ ਹੈ।੧।

ਮਃ ੩ ॥ ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ, ਜਹ ਖਿੰਚੇ ਤਹ ਜਾਇ ॥ ਨਾਨਕ ਹਸਤੀ ਕੁੰਡੇ ਬਾਹਰਾ, ਫਿਰਿ ਫਿਰਿ ਉਝੜਿ ਪਾਇ ॥੨॥ ਮਨ ਹਾਥੀ ਹੈ, ਗੁਰੂ ਮਹਾਵਤ ਹੈ, ਗਿਆਨ ਗੁੰਡਾ ਹੈ, ਜਿਸ ਪਾਸੇ (ਮਨ ਰੂਪ ਹਾਥੀ ਨੂੰ ਗੁਰੂ ਗਿਆਨ ਰੂਪ ਕੁੰਡੇ ਨਾਲ) ਖਿਚਦਾ ਹੈ, (ਮਨ ਰੂਪ ਹਾਥੀ) ਉਸ ਪਾਸੇ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਗਿਆਨ ਰੂਪ) ਕੁਡੇ ਤੋਂ ਬਿਨਾ (ਮਨ ਰੂਪ) ਹਾਥੀ ਮੁੜ ਮੁੜ ਕੁਰਾਹੇ ਪੈਂਦਾ ਹੈ (ਆਪ ਮੁਹਾਰੇ ਚਲਦਾ ਹੈ, ਨਿਗੁਰਾ ਮਨੁੱਖ ਬਾਰ ਬਾਰ ਜੰਮਦਾ ਮਰਦਾ ਰਹਿੰਦਾ ਹੈ)।੨।

ਅੰਗ ੫੧੭ = ਪਉੜੀ ॥ ਤਿਸੁ ਆਗੈ ਅਰਦਾਸਿ, ਜਿਨਿ ਉਪਾਇਆ ॥ ਸਤਿਗੁਰੁ ਆਪਣਾ ਸੇਵਿ, ਸਭ ਫਲ ਪਾਇਆ ॥ ਅੰਮ੍ਰਿਤ ਹਰਿ ਕਾ ਨਾਉ ,ਸਦਾ ਧਿਆਇਆ ॥ ਸੰਤ ਜਨਾ ਕੈ ਸੰਗਿ, ਦੁਖੁ ਮਿਟਾਇਆ ॥ ਨਾਨਕ ਭਏ ਅਚਿੰਤੁ ,ਹਰਿ ਧਨੁ ਨਿਹਚਲਾਇਆ ॥੨੦॥ (ਹੇ ਭਾਈ!) ਉਸ ਪ੍ਰਭੂ ਅੱਗੇ ਅਰਦਾਸ ਕਰ, ਜਿਸ ਨੇ (ਇਹ ਦਿਸਦਾ ਜਗਤ) ਪੈਦਾ ਕੀਤਾ ਹੈ। ਅਪਣੇ ਸਤਿਗੁਰੂ ਦੀ ਸੇਵਾ ਕਰ, (ਜਿਸ ਨੇ ਸੇਵਾ ਕੀਤੀ ਹੈ, ਉਸ ਨੇ) ਸਾਰੇ ਫਲ ਪ੍ਰਾਪਤ ਕੀਤੇ ਹਨ। (ਜਿਸ ਮਨੁੱਖ ਨੇ) ਹਰੀ ਦਾ ਅੰਮ੍ਰਿਤ ਨਾਮ ਸਦਾ ਸਿਮਰਿਆ ਹੈ। (ਉਸ ਨੇ) ਸੰਤ ਜਨਾ ਦੇ ਨਾਲ ਮਿਲ ਕੇ (ਜਨਮ ਮਰਣ ਦਾ) ਦੁਖ ਮਿਟਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਨਿਸਚਿੰਤ ਹੋ ਗਏ ਹਨ, (ਜਿਨ੍ਹਾਂ ਨੂੰ) ਹਰੀ ਦਾ ਨਿਸਚਲ ਧਨ ਪ੍ਰਾਪਤ ਹੋਇਆ ਹੈ।੨੦।

ਪਦਾਰਥ = ਆਵਣ ਜਾਣੁ–ਆਉਣ ਜਾਣ ਵਾਲਾ (ਨਾਸ਼ਵੰਤ)। ਜੇਤਾ–ਜਿਤਨਾ ਵੀ। ਆਕਾਰੁ–ਦਿਸਦਾ ਜਗਤ। ਜਿਨਿ–ਜਿਸ ਨੇ। ਲੇਖਾ ਲਿਖਿਆ–ਹਿਸਾਬ ਲਿਖਿਆ (ਵਿਚਾਰਿਆ) ਹੈ। ਸੋ–ਉਹ। ਜੇ ਕੋ–ਜੇ ਕੋਈ (ਮਨੁੱਖ)। ਗਣਾਇਦਾ–(ਲੋਕਾਂ ਵਿਚ ਅਪਣੇ ਆਪ ਨੂੰ)

ਵੱਡਾ ਜਣਾਉਂਦਾ (ਹੰਕਾਰ ਕਰਦਾ) ਹੈ।ਗਾਵਾਰੁ–ਬੇਸਮਝ।੧।ਕੁੰਚਰੁ–ਹਾਥੀ।ਪੀਲਕੁ–ਮਹਾਵਤ (ਹਥਵਾਨ)।ਜਹ–ਜਿਸ ਪਾਸੇ। ਖਿੰਚੇ–ਖਿਚਦਾ (ਤੋਰਦਾ) ਹੈ।ਤਹ–ਉਸ ਪਾਸੇ।ਹਸਤੀ–ਹਾਥੀ।ਬਾਹਰਾ–ਬਿਨਾ।ਫਿਰਿ ਫਿਰਿ–ਮੁੜ ਮੁੜ।ਉਝੜਿ–ਕੁਰਾਹੇ; ਸੰਘਣਾ ਜੰਗਲ ਜਿਸ ਵਿਚ ਰਾਹ ਨ ਲੱਭੇ।੨।ਪਉੜੀ ॥ ਆਗੈ–ਅੱਗੇ।ਜਿਨਿ–ਜਿਸ ਪ੍ਰਭੂ ਨੇ।ਉਪਾਇਆ–ਪੈਦਾ ਕੀਤਾ।ਕੈ ਸੰਗਿ–ਦੇ ਨਾਲ ਮਿਲ ਕੇ।ਭਏ–ਹੋ ਗਏ।ਅਚਿੰਤੁ–ਬੇ ਫਿਕਰ।ਧਨੁ ਨਿਹਚਲਾਇਆ–ਸਦਾ ਕਾਇਆ ਰਹਿਣ ਵਾਲਾ ਧਨ।੨੦।

ਸਲੋਕ ਮਃ ੩ ॥ ਖੇਤਿ ਮਿਆਲਾ ਉਚੀਆ, ਘਰੁ ਉਚਾ ਨਿਰਣਉ ॥ ਮਹਲ ਭਗਤੀ ਘਰਿ ਸਰੈ, ਸਜਣ ਪਾਹੁਣਿਅਉ ॥ ਬਰਸਨਾ ਤ ਬਰਸੁ ਘਨਾ, ਬਹੁੜਿ ਬਰਸਹਿ ਕਾਹਿ ॥ ਨਾਨਕ ਤਿਨ੍ ਬਲਿਹਾਰਣੈ, ਜਿਨ੍ ਗੁਰਮੁਖਿ ਪਾਇਆ ਮਨ ਮਾਹਿ ॥੧॥ ਜਿਸ ਖੇਤ ਦੀਆਂ ਵੱਟਾਂ ਉਚੀਆਂ ਹੋਣ, (ਉਸ ਵਿਚ ਵਰਸਦੇ) ਬਦਲ ਦਾ ਪਾਣੀ ਠਹਿਰਦਾ ਹੈ (ਮਨ ਵਿਚ ਸ਼ਰਧਾ ਦਾ ਉਚਾ ਭਾਵ ਹੋਵੇ ਤਾਂ ਗੁਰੂ ਦਾ ਉਪਦੇਸ਼ ਮਨ ਵਿਚ ਟਿਕਦਾ ਹੈ।ਇਸੇ ਤਰ੍ਹਾਂ ਜਿਸ ਜੀਵ ਰੂਪ) ਇਸਤ੍ਰੀ ਦੇ ਹਿਰਦੇ ਘਰ ਵਿਚ ਭਗਤੀ ਬਣ ਆਉਂਦੀ ਹੈ, (ਤਾਂ ਉਸ ਦੇ ਹਿਰਦੇ ਘਰ ਵਿਚ) ਸਜਨ ਪ੍ਰਭੂ ਪ੍ਰਾਹੁਣਾ ਬਣ ਕੇ ਆਉਂਦਾ ਹੈ।ਹੇ ਬੱਦਲ! ਜੇ ਵਰਸਣਾ ਹੈ ਤਾਂ ਹੁਣ ਵਰਸ (ਫਿਰ ਬਾਦ ਵਿਚ ਰੁੱਤ ਲੰਘ ਜਾਣ ਤੇ) ਕਾਹਦੇ ਲਈ ਵਰਸੇਂਗਾ? (ਹੇ ਸਤਿਗੁਰੂ! ਹੁਣੇ ਉਪਦੇਸ਼ ਦੇਵੋ, ਜੀਵਨ ਮੁੱਕਣ ਤੋਂ ਬਾਦ ਆਪ ਜੀ ਦਾ ਉਪਦੇਸ਼ ਕਿਸ ਕੰਮ?)।ਨਾਨਕ ਉਨ੍ਹਾਂ (ਪੁਰਖਾਂ) ਤੋਂ ਬਲਹਾਰ ਜਾਂਦਾ ਹੈ, ਜਿਨ੍ਹਾਂ ਨੇ ਗੁਰੂ ਰਾਹੀਂ ਮਨ ਵਿਚੋਂ ਹੀ (ਪ੍ਰਭੂ ਨੂੰ) ਪਾ ਲਿਆ ਹੈ।੧।

ਦੂਜਾ ਅਰਥ = ਦ੍ਰਿਸ਼ਟਾਂਤ ਦਿਤਾ ਹੈ, ਜਦ ਕਿਸਾਨ ਉਚੇ ਅਕਾਸ਼ ਵਿਚ ਬਦਲ ਦੇਖਦਾ ਹੈ ਤਾਂ ਉਹ ਅਪਣੇ ਖੇਤ ਦੀਆ ਵੱਟਾਂ ਉਚੀਆਂ ਕਰ ਲੈਂਦਾ ਹੈ (ਤਾਂ ਕਿ ਮੀਂਹ ਦਾ ਪਾਣੀ ਖੇਤ ਤੋਂ ਬਾਹਰ ਨਾ ਨਿਕਲ ਸਕੇ।ਜਦ ਜਗਿਆਸੂ ਗੁਰੂ ਦੇ ਦਰਸ਼ਨ ਕਰਦਾ ਹੈ, ਤਾਂ ਅਪਣੇ ਹਿਰਦੇ ਵਿਚ ਸ਼ਰਧਾ, ਬਿਬੇਕ ਤੇ ਵੈਰਾਗ ਆਦਿ ਦਾ ਭਾਵ ਉਚਾ ਕਰ ਲੈਂਦਾ ਹੈ, ਤਾਂ ਕਿ ਗੁਰੂ ਦਾ ਉਪਦੇਸ਼ ਹਿਰਦੇ ਅੰਦਰ ਟਿਕਿਆ ਰਹੇ ਅਤੇ ਆਤਮਕ ਅਨੰਦ ਦੀ ਤਰਾਵਤ ਬਣੀ ਰਹੇ।ਜਿਸ ਮਨੁੱਖ ਦੇ) ਘਰ ਵਿਚ ਇਸਤ੍ਰੀ ਭਗਤੀ ਭਾਵ ਵਾਲੀ ਹੁੰਦੀ ਹੈ, (ਉਸ ਘਰ ਵਿਚ ਖੁਸ਼ ਹੋ ਕੇ) ਸੱਜਨ ਮਿਤ੍ਰ ਪ੍ਰਾਹੁਣੇ ਬਣ ਕੇ ਆਉਂਦੇ ਹਨ (ਜਿਸ ਜੀਵ ਰੂਪ ਇਸਤ੍ਰੀ ਦੇ ਹਿਰਦੇ ਘਰ ਵਿਚ ਭਗਤੀ ਹੁੰਦੀ ਹੈ, ਤਾਂ ਉਸ ਦੇ ਘਰ ਵਿਚ ਸੰਤ ਜਨ ਜਾਂ ਸ਼ੁੱਭ ਗੁਣ ਪ੍ਰਾਹੁਣੇ ਆਉਂਦੇ ਹਨ।ਫਿਰ ਕਿਸਾਨ ਕਹਿੰਦਾ ਹੈ ਕਿ) ਹੇ ਬਦਲ! ਹੁਣ ਵਰਸ ਪਉ, ਫਿਰ (ਬੀਜਣ ਦੀ ਰੁੱਤ ਲੰਘੀ ਤੋਂ) ਬਾਦ ਵਿਚ ਕਾਹਦੇ ਲਈ ਵਰਸੇਂਗਾ? (ਫਿਰ ਕੋਈ ਲਾਭ ਨਹੀਂ ਹੋਣਾ।ਜਗਿਆਸੂ ਬੇਨਤੀ ਕਰਦਾ ਹੈ) ਹੇ ਸਤਿਗੁਰੂ! ਉਪਦੇਸ਼ ਦੇਵੋ, ਬਾਦ ਵਿਚ ਜੀਵਨ ਬੀਤ ਜਾਣ ਤੇ ਉਪਦੇਸ ਕਿਸ ਕੰਮ ਆਵੇਗਾ?

ਪਦਾਰਥ = ਮਿਆਲਾ–ਵੱਟਾਂ।ਘਰੁ ਉਚਾ–ਬੱਦਲ (ਜਿਸ ਦਾ ਨਿਵਾਸ ਉਚੇ ਅਸਥਾਨ ਤੇ ਅਕਾਸ਼ ਵਿਚ ਹੈ)।ਨਿਰਣਉ–(ਵਰਸਦੇ ਮੀਂਹ ਦਾ) ਨਵਾਂ ਜਲ; ਦੇਖਦਾ ਹੈ।ਮਹਲ–ਇਸਤ੍ਰੀ।ਘਰਿ–ਹਿਰਦੇ ਘਰ ਵਿਚ।ਸਰੈ–ਬਣ ਆਉਂਦੀ ਹੈ; ਹੁੰਦੀ ਹੈ।ਸਜਣ–ਸ੍ਰੇਸਟ ਪੁਰਖ ਪ੍ਰਭੂ; ਮਿਤ੍ਰ।ਪਾਹੁਣਿਅਉ–ਪ੍ਰਾਹੁਣਾ।ਘਨਾ–ਹੇ ਬੱਦਲ (ਗੁਰੂ)!।ਬਹੁੜਿ–ਫਿਰ ਬਾਦ ਵਿਚ।ਕਾਹਿ–ਕਾਹਦੇ ਲਈ।੧।

ਮਃ ੩ ॥ ਮਿਠਾ ਸੋ ਜੋ ਭਾਵਦਾ, ਸਜਣੁ ਸੋ ਜਿ ਰਾਸਿ ॥ ਨਾਨਕ ਗੁਰਮੁਖਿ ਜਾਣੀਐ, ਜਾ ਕਉ ਆਪਿ ਕਰੇ ਪਰਗਾਸੁ ॥੨॥ (ਇਹ ਅਖੀਰਲੀ ਤੁਕ ੪੬੩ ਅੰਗ ਤੇ ਪਉੜੀ ੨ ਦੇ ਨਾਲ ਮਹਲਾ ੨ ਦੇ ਤੀਜੇ ਸਲੋਕ ਦੀ ਅੰਤਲੀ ਤੁਕ ਹੈ) ਮਿੱਠਾ ਪਦਾਰਥ ਉਹ ਹੈ, ਜੋ ਮਨ ਨੂੰ ਚੰਗਾ (ਸੁਆਦ) ਲੱਗਦਾ ਹੈ, (ਇਸੇ ਤਰ੍ਹਾਂ) ਮਿਤ੍ਰ ਉਹ ਹੈ, ਜਿਹੜਾ ਸੱਚਾ; ਵਫਾਦਾਰ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ (ਉਹ) ਜਾਣਿਆ ਜਾਂਦਾ ਹੈ, ਜਿਸ ਨੂੰ ਪ੍ਰਭੂ ਆਪ ਗਿਆਨ ਦਾ ਪ੍ਰਕਾਸ਼ ਬਖਸ਼ਿਸ਼ ਕਰ ਦੇਵੇ।੨।

ਪਉੜੀ ॥ ਪ੍ਰਭ ਪਾਸਿ ਜਨ ਕੀ ਅਰਦਾਸਿ, ਤੂ ਸਚਾ ਸਾਂਈ ॥ ਤੂ ਰਖਵਾਲਾ ਸਦਾ ਸਦਾ, ਹਉ ਤੁਧੁ ਧਿਆਈ ॥ ਜੀਅ ਜੰਤ ਸਭਿ ਤੇਰਿਆ, ਤੂ ਰਹਿਆ ਸਮਾਈ ॥ ਜੋ ਦਾਸ ਤੇਰੇ ਕੀ ਨਿੰਦਾ ਕਰੇ, ਤਿਸੁ ਮਾਰਿ ਪਚਾਈ ॥ ਚਿੰਤਾ ਛਡਿ ਅਚਿੰਤੁ ਰਹੁ ,ਨਾਨਕ ਲਗਿ ਪਾਈ ॥੨੧॥ ਦਾਸ ਦੀ ਅਰਦਾਸ (ਅਪਣੇ) ਪ੍ਰਭੂ ਪਾਸ ਹੈ, (ਹੇ ਪ੍ਰਭੂ! ਸਾਡਾ) ਤੂੰ ਸੱਚਾ ਮਾਲਕ ਹੈਂ।ਤੂੰ ਸਦਾ ਸਦਾ (ਸਾਡੀ) ਰਖਿਆ ਕਰਨ ਵਾਲਾ ਹੈਂ, ਮੈਂ ਤੈਨੂੰ ਹੀ ਸਿਮਰਦਾ ਹਾਂ।ਸਾਰੇ ਜੀਵ ਜੰਤ ਤੇਰੇ ਹਨ ਅਤੇ ਤੂੰ (ਸਭ ਵਿਚ) ਸਮਾ ਰਿਹਾ ਹੈਂ।ਤੇਰੇ ਦਾਸ ਦੀ ਜੋ ਮਨੁੱਖ ਨਿੰਦਾ ਕਰਦਾ ਹੈ, ਤੂੰ ਉਸ ਨੂੰ ਮਾਰ ਕੇ ਨਾਸ਼ ਕਰ ਦੇਂਦਾ ਹੈਂ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ!) ਪ੍ਰਭੂ ਦੇ ਚਰਨੀਂ ਲਗ ਕੇ ਚਿੰਤਾ ਛਡ ਦੇਹ ਅਤੇ ਨਿਸਚਿੰਤ ਹੋਇਆ ਰਹੁ।੨੧।

ਪਦਾਰਥ = ਸੋ–ਉਹ।ਮਿਠਾ–ਮਿੱਠਾ ਪਦਾਰਥ।ਭਾਵਦਾ ਚੰਗਾ (ਸੁਆਦ) ਲਗਦਾ ਹੈ।ਜਿ–ਜਿਹੜਾ।ਰਾਸਿ–ਸੱਚਾ; ਵਫਾਦਾਰ; (ਜਿਹੜਾ ਮਿੱਤਰ) ਅਨੁਸਾਰੀ ਹੋ ਕੇ ਜੋ ਵਰਤਦਾ ਹੈ।ਜਾ ਕਉ–ਜਿਸ ਨੂੰ।ਪਰਗਾਸੁ–ਗਿਆਨ ਦਾ ਪ੍ਰਕਾਸ਼।੨।ਪਉੜੀ ॥ ਜਨ ਕੀ–ਦਾਸ ਦੀ।ਸਾਂਈ–ਮਾਲਕ।ਹਉ–ਮੈਂ।ਤੁਧੁ–ਤੈਨੂੰ।ਧਿਆਈ–ਧਿਆਉਂਦਾ ਹਾਂ।ਰਹਿਆ ਸਮਾਈ–ਸਮਾ (ਮਿਲ) ਰਿਹਾ ਹੈਂ।ਮਾਰਿ–ਮਾਰ ਕੇ।ਪਚਾਈ–ਨਾਸ਼ ਕਰ ਦੇਂਦਾ ਹੈਂ।ਅਚਿੰਤੁ–ਨਿਸਚਿੰਤ (ਬੇ ਫਿਕਰ)।ਲਗਿ ਪਾਈ–ਚਰਨੀਂ ਲਗ ਕੇ।੨੧।

ਸਲੋਕ ਮਃ ੩ ॥ ਆਸਾ ਕਰਤਾ ਜਗੁ ਮੁਆ, ਆਸਾ ਮਰੈ ਨ ਜਾਇ ॥ ਨਾਨਕ ਆਸਾ ਪੂਰੀਆ, ਸਚੇ ਸਿਉ ਚਿਤੁ ਲਾਇ ॥੧॥ (ਹੇ ਭਾਈ! ਪਦਾਰਥਾਂ ਦੀ) ਆਸਾ ਕਰਦਾ ਜਗਤ ਮਰ ਜਾਂਦਾ ਹੈ, (ਪਰ) ਆਸਾ ਨਾ ਮਰਦੀ ਹੈ ਤੇ ਨਾ ਕਿਤੇ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੇ ਕੋਈ ਮਨੁੱਖ) ਸੱਚੇ ਪ੍ਰਭੂ ਨਾਲ ਚਿਤ ਲਗਾ ਲਵੇ, (ਤਾਂ ਉਸ ਦੀਆਂ) ਆਸਾਂ ਪੂਰੀਆਂ ਹੋ ਜਾਂਦੀਆ ਹਨ।੧।

ਮਃ ੩ ॥ ਆਸਾ ਮਨਸਾ ਮਰਿ ਜਾਇਸੀ, ਜਿਨਿ ਕੀਤੀ ਸੋ ਲੈ ਜਾਇ ॥ ਨਾਨਕ ਨਿਹਚਲੁ ਕੋ ਨਹੀ, ਬਾਝਹੁ ਹਰਿ ਕੈ ਨਾਇ ॥੨॥ (ਹੇ ਭਾਈ! ਉਦੋਂ) ਆਸਾ ਮਨਸਾ ਮਰ (ਮੁੱਕ) ਜਾਣਗੀਆਂ (ਜਦੋਂ ਇਨ੍ਹਾਂ ਨੂੰ ਆਪ) ਉਹ ਪ੍ਰਭੂ ਲੈ ਜਾਵੇਗਾ (ਮੁਕਾ ਦਏਗਾ), ਜਿਸ ਨੇ ਇਹ (ਸਾਡੇ ਮਨ ਵਿਚ) ਪੈਦਾ ਕੀਤੀਆਂ ਹਨ। ਦੂਜਾ ਅਰਥ = ਆਸਾ ਤੇ ਮਨਸਾ ਵੀ ਸਰੀਰ ਦੇ ਨਾਲ ਹੀ ਮਰ ਜਾਂਦੀਆਂ ਹਨ; ਆਸਾ ਮਨਸਾ ਲੈ ਕੇ ਜੀਵ ਮਰ ਜਾਂਦਾ ਹੈ, ਜਿਸ ਜੀਵ ਨੇ ਆਸਾ ਮਨਸਾ ਕੀਤੀ ਹੈ, ਉਹ (ਆਸਾ ਮਨਸਾ ਜੀਵ ਨੂੰ) ਜੂਨੀਆਂ ਵਿਚ ਲੈ ਜਾਂਦੀਆਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾ ਹੋਰ ਕੋਈ ਨਿਹਚਲ ਨਹੀਂ ਹੈ।੨।

ਪਉੜੀ ॥ ਆਪੇ ਜਗਤੁ ਉਪਾਇਓਨੁ ,ਕਰਿ ਪੂਰਾ ਥਾਟੁ ॥ ਆਪੇ ਸਾਹੁ ਆਪੇ ਵਣਜਾਰਾ, ਆਪੇ ਹੀ ਹਰਿ ਹਾਟੁ ॥ ਆਪੇ ਸਾਗਰੁ ਆਪੇ ਬੋਹਿਥਾ, ਆਪੇ ਹੀ ਖੇਵਾਟੁ ॥ ਆਪੇ ਗੁਰੁ ਚੇਲਾ ਹੈ ਆਪੇ, ਆਪੇ ਦਸੇ ਘਾਟੁ ॥ ਜਨ ਨਾਨਕ ਨਾਮੁ ਧਿਆਇ ਤੂ ,ਸਭਿ ਕਿਲਵਿਖ ਕਾਟੁ ॥੨੨॥੧॥ ਸੁਧੁ। (ਹੇ ਭਾਈ!) ਪੂਰਾ ਥਾਟ ਬਣਾ (ਪਹਿਲਾਂ ਪੰਜ ਤੱਤ ਰਚ ਕਰ) ਕੇ ਉਸ ਪ੍ਰਭੂ ਨੇ ਆਪੇ ਜਗਤ ਨੂੰ ਪੈਦਾ ਕੀਤਾ ਹੈ; ਅਪਣੇ ਆਪ ਤੋਂ ਜਗਤ ਨੂੰ ਪੈਦਾ ਕੀਤਾ ਹੈ। (ਉਹ) ਆਪੇ ਸ਼ਾਹੂਕਾਰ (ਗੁਰੂ ਰੂਪ) ਹੈ ਤੇ ਆਪੇ ਵਣਜਾਰਾ (ਜਗਿਆਸੂ ਰੂਪ) ਹੈ ਅਤੇ ਆਪੇ ਹੀ ਹਰੀ ਹੱਟ (ਸਤ ਸੰਗਤ ਰੂਪ) ਹੈ। ਆਪੇ ਸਾਗਰ (ਸੰਸਾਰ ਰੂਪ) ਹੈ, ਆਪੇ ਜਹਾਜ (ਨਾਮ ਰੂਪ) ਹੈ ਅਤੇ ਆਪੇ ਹੀ ਮਲਾਹ (ਗੁਰੂ ਰੂਪ) ਹੈ। ਆਪੇ ਗੁਰੂ ਰੂਪ ਹੈ, ਆਪੇ ਚੇਲਾ ਰੂਪ ਹੈ ਅਤੇ ਆਪੇ (ਸੰਸਾਰ ਸਮੁੰਦਰ ਤੋ ਪਾਰ ਹੋਣ ਦਾ) ਰਸਤਾ ਦਸਦਾ ਹੈ। ਦਾਸ ਨਾਨਕ ਆਖਦਾ ਹੈ (ਕਿ ਹੇ ਭਾਈ!) ਤੂੰ ਨਾਮ ਨੂੰ ਸਿਮਰ ਤੇ (ਅਪਣੇ) ਸਾਰੇ ਪਾਪ ਕੱਟ ਲੈ।੨੨।

ਪਦਾਰਥ = ਆਸਾ–ਕੁਛ ਪ੍ਰਾਪਤ ਕਰਨ ਦੀ ਇੱਛਾ। ਕਰਤਾ–ਕਰਦਾ। ਜਗੁ–ਜਗਤ। ਸਚੇ ਸਿਉ–ਸੱਚੇ ਪ੍ਰਭੂ ਨਾਲ।੧। ਮਨਸਾ–ਮਨ ਦਾ ਫੁਰਨਾ; ਵਾਸ਼ਨਾ। ਮਰਿ ਜਾਇਸੀ–ਮਰ ਜਾਵੇਗਾ। ਜਿਨਿ–ਜਿਸ (ਪ੍ਰਭੂ) ਨੇ। ਕੀਤੀ–ਪੈਦਾ ਕੀਤੀ (ਜੀਵ ਨੂੰ ਲਗਾਈ ਹੈ)। ਸੋ–ਉਹ। ਲੈ ਜਾਇ–ਲੈ ਜਾਵੇ (ਮੁਕਾ ਦੇਵੇ)। ਨਿਹਚਲੁ–ਸਦਾ ਥਿਰ ਰਹਿਣ ਵਾਲਾ। ਕੋ–ਕੋਈ। ਬਾਝਹੁ ਨਾਇ–ਨਾਮ ਤੋਂ ਬਿਨਾ।੨। ਪਉੜੀ। ਉਪਾਇਓਨੁ–ਪੈਦਾ ਕੀਤਾ ਉਸ (ਪ੍ਰਭੂ) ਨੇ। ਥਾਟੁ–ਰਚਨਾ; ਬਨਾਵਟ; ਸਾਜੋ ਸਮਾਨ (ਜਿਵੇਂ ਮਕਾਨ ਬਣਾਉਣ ਲਈ ਪਹਿਲਾਂ ਸਾਜੋ ਸਮਾਨ ਕੱਠਾ ਕਰੀਦਾ ਹੈ, ਹਰੀ ਨੇ ਪਹਿਲਾਂ ਪੰਜ ਤੱਤ ਰਚ ਕੇ ਫਿਰ ਜਗਤ ਰਚਿਆ)। ਸਾਹੁ–ਸ਼ਾਹੂਕਾਰ। ਵਣਜਾਰਾ–ਵਪਾਰੀ। ਹਾਟੁ–ਹੱਟੀ। ਬੋਹਿਥਾ–ਜਹਾਜ। ਖੇਵਾਟੁ–ਮਲਾਹ। ਘਾਟੁ–ਪੱਤਣ; ਜਲ ਮਾਰਗ; ਜਹਾਜ ਦੇ ਰੁਕਣ ਦੀ ਥਾਂ (ਆਤਮ ਵਿਦਿਆ ਦਾ ਵੇਰਵਾ ਤੇ ਸਵਾਰ ਹੋਣ ਦਾ ਟਿਕਾਣਾ; ਸਤਸੰਗਤ ਜਿਥੋਂ ਜਹਾਜ ਤੇ ਚੜ੍ਹੀਦਾ ਹੈ)। ਕਿਲਵਿਖ–ਪਾਪ। ਕਾਟੁ–ਕੱਟ ਲੈ।੨੨। ਸੁਧ

ਰਾਗੁ ਗੂਜਰੀ ਵਾਰ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮਃ ੫ ॥ ਅੰਤਰਿ ਗੁਰੁ ਆਰਾਧਣਾ, ਜਿਹਵਾ ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰੁ ਪੇਖਣਾ, ਸ੍ਰਵਣੀ ਸੁਨਣਾ ਗੁਰ ਨਾਉ ॥ ਸਤਿਗੁਰ ਸੇਤੀ ਰਤਿਆ, ਦਰਗਹ ਪਾਈਐ ਠਾਉ ॥ ਕਹੁ ਨਾਨਕ ਕਿਰਪਾ ਕਰੇ, ਜਿਸ ਨੋ ਏਹ ਵਥੁ ਦੇਇ ॥ ਜਗ ਮਹਿ ਉਤਮ ਕਾਢੀਅਹਿ, ਵਿਰਲੇ ਕੇਈ ਕੇਇ ॥੧॥(ਹੇ ਭਾਈ! ਮਨ ਦੇ) ਅੰਦਰ ਗੁਰੂ ਨੂੰ ਅਰਾਧਨਾ ਚਾਹੀਦਾ ਹੈ ਅਤੇ ਜੀਭ ਨਾਲ ਗੁਰੂ ਦਾ ਨਾਮ ਜਪਣਾ ਚਾਹੀਦਾ ਹੈ। ਅੱਖਾਂ ਨਾਲ ਸਤਿਗੁਰੂ ਨੂੰ ਦੇਖਣਾ ਚਾਹੀਦਾ ਹੈ ਅਤੇ ਕੰਨਾਂ ਨਾਲ ਗੁਰੂ ਦਾ ਨਾਮ ਸੁਣਨਾ ਚਾਹੀਦਾ ਹੈ। (ਕਿਉਂਕਿ) ਸਤਿਗੁਰੂ ਨਾਲ ਪ੍ਰੇਮ ਕੀਤਿਆਂ ਹਰੀ ਦੀ ਦਰਗਾਹ ਵਿਚ ਟਿਕਾਣਾ ਪਾ ਲਈਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ (ਮਨੁੱਖ) ਉਤੇ ਪ੍ਰਭੂ ਕ੍ਰਿਪਾ ਕਰਦਾ ਹੈ (ਉਸ ਨੂੰ) ਇਹ ਪ੍ਰੇਮ ਪਦਾਰਥ ਦੇਂਦਾ ਹੈ। (ਅਜੇਹੇ ਗੁਣਾਂ ਵਾਲੇ ਪੁਰਖ) ਜਗਤ ਵਿਚ ਉਤਮ ਕਹੇ ਜਾਂਦੇ ਹਨ, (ਪਰ ਐਸੇ ਮਨੁੱਖ) ਕੋਈ ਕੋਈ ਵਿਰਲੇ ਹੁੰਦੇ ਹਨ।੧।

ਮਃ ੫ ॥ ਰਖੇ ਰਖਣਹਾਰਿ, ਆਪਿ ਉਬਾਰਿਅਨੁ ॥ ਗੁਰ ਕੀ ਪੈਰੀ ਪਾਇ, ਕਾਜ ਸਵਾਰਿਅਨੁ ॥ ਹੋਆ ਆਪਿ ਦਇਆਲੁ ,ਮਨਹੁ ਨ ਵਿਸਾਰਿਅਨੁ ॥ ਸਾਧ ਜਨਾ ਕੈ ਸੰਗਿ, ਭਵਜਲੁ ਤਾਰਿਅਨੁ ॥ ਸਾਕਤ ਨਿੰਦਕ ਦੁਸਟ, ਖਿਨ ਮਾਹਿ ਬਿਦਾਰਿਅਨੁ ॥ ਤਿਸੁ ਸਾਹਿਬ ਕੀ ਟੇਕ, ਨਾਨਕ ਮਨੈ ਮਾਹਿ ॥ ਜਿਸੁ ਸਿਮਰਤ ਸੁਖੁ ਹੋਇ, ਸਗਲੇ ਦੂਖ ਜਾਹਿ ॥੨॥ ਰੱਖਿਆ ਕਰਨ ਵਾਲੇ ਪ੍ਰਭੂ ਨੇ (ਅਪਣੇ ਸੇਵਕਾਂ ਦੀ) ਰੱਖਿਆ ਕੀਤੀ ਅਤੇ ਉਸ ਨੇ ਆਪ (ਉਨ੍ਹਾਂ ਨੂੰ ਦੁੱਖਾਂ ਤੇ ਵਿਕਾਰਾਂ ਤੋਂ) ਬਚਾ ਲਿਆ ਹੈ। (ਉਨ੍ਹਾਂ ਨੂੰ) ਗੁਰੂ ਦੇ ਚਰਨੀਂ ਪਾ ਕੇ ਉਸ ਪ੍ਰਭੂ ਨੇ (ਉਨ੍ਹਾਂ ਦੇ ਸਾਰੇ) ਕਾਰਜ ਸੁਆਰ ਦਿਤੇ ਹਨ। (ਪ੍ਰਭੂ ਉਨ੍ਹਾਂ ਉਤੇ) ਆਪ ਦਿਆਲ ਹੋਇਆ ਹੈ, ਉਸ ਪ੍ਰਭੂ ਨੇ (ਉਨ੍ਹਾਂ ਨੂੰ ਅਪਣੇ) ਮਨ ਤੋਂ ਨਹੀਂ ਭੁਲਾਇਆ। ਸਾਧੂ ਜਨਾਂ ਦੇ ਸੰਗ ਵਿਚ ਰੱਖ ਕੇ ਉਸ ਪ੍ਰਭੂ ਨੇ (ਉਹ ਸੇਵਕ) ਭਵਜਲ ਤੋਂ ਤਾਰ ਦਿਤੇ ਹਨ। ਸਾਕਤ ਨਿੰਦਕ ਤੇ ਦੁਸ਼ਟ ਉਸ ਪ੍ਰਭੂ ਨੇ ਇਕ ਪਲ ਵਿਚ ਮਾਰ ਮੁਕਾ ਦਿਤੇ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਮਾਲਕ ਪ੍ਰਭੂ ਦੀ

ਟੇਕ (ਸੇਵਕਾਂ ਨੇ) ਮਨ ਵਿਚ ਰੱਖੀ ਹੈ। ਜਿਸ (ਹਰੀ) ਨੂੰ ਸਿਮਰਦਿਆਂ ਸੁਖ ਹੁੰਦਾ ਹੈ ਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ।੨।

ਪਦਾਰਥ = ਅੰਤਰਿ-ਮਨ ਅੰਦਰ। ਆਰਾਧਣਾ-ਜਪਣਾ। ਜਿਹਵਾ-ਜੀਭ ਨਾਲ। ਨੇਤ੍ਰੀ-ਅੱਖਾਂ ਨਾਲ ਪੇਖਣਾ-ਦੇਖਣਾ। ਸ੍ਰਵਣੀ-ਕੰਨਾਂ ਨਾਲ। ਸੇਤੀ-ਨਾਲ। ਰਤਿਆ-ਪ੍ਰੇਮ ਕੀਤਿਆਂ; ਜੁੜਿਆਂ। ਠਾਉ-ਟਿਕਾਣਾ। ਵਥੁ-ਪਦਾਰਥ। ਕਾਢੀਅਹਿ-ਕਹੇ ਜਾਂਦੇ ਹਨ। ਕੇਈ ਕੇਇ -ਕੋਈ ਕੋਈ।੧। ਰਖਣਹਾਰਿ-ਰੱਖਿਆ ਕਰਨ ਵਾਲੇ ਨੇ। ਉਬਾਰਿਅਨੁ-ਬਚਾ ਲਏ ਉਸ (ਪ੍ਰਭੂ) ਨੇ। ਪੈਰੀ-ਪੈਰੀਂ (ਚਰਨੀਂ)। ਕਾਜ-ਕਾਰਜ। ਸਵਾਰਿਅਨੁ-ਉਸ ਨੇ ਸਵਾਰ ਦਿਤੇ। ਮਨਹੁ-ਮਨ ਤੋਂ। ਨ ਵਿਸਾਰਿਅਨੁ-ਨਹੀਂ ਭੁਲਾਇਆ ਉਸ ਨੇ। ਭਵਜਲੁ-ਸੰਸਾਰ ਸਮੁੰਦਰ ਤੋਂ। ਤਾਰਿਅਨੁ-ਤਾਰ ਦਿਤੇ ਉਸ ਨੇ। ਸਾਕਤ-ਹਰੀ ਤੋਂ ਟੁੱਟੇ ਮਨੁਖ। ਦੁਸਟ-ਭੈੜੇ ਮਨੁੱਖ। ਖਿਨ ਮਾਹਿ-ਇਕ ਪਲ ਵਿਚ। ਬਿਦਾਰਿਅਨੁ -ਨਾਸ਼ ਕਰ ਦਿਤੇ ਉਸ ਨੇ। ਮਨੈ ਮਾਹਿ-ਮਨ ਵਿਚ। ਸਿਮਰਤ-ਸਿਮਰਦਿਆਂ। ਸਗਲੇ-ਸਾਰੇ।੨।

ਅੰਗ ੫੧੮ = ਪਉੜੀ ॥ ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥ ਸਚੋ ਸਚਾ ਸਚੁ ਸਚੁ ਨਿਹਾਰੀਐ ॥ ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ ॥ ਸਭਸੈ ਦੇਇ ਦਾਤਾਰੁ ਜੇਤ ਉਪਾਰੀਐ ॥ ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥ ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ॥ ਪ੍ਰਭ ਜੀਉ ਤੁਧੁ ਧਿਆਏ ਸੋਇ, ਜਿਸੁ ਭਾਗੁ ਮਥਾਰੀਐ ॥ ਤੇਰੀ ਗਤਿ ਮਿਤਿ ਲਖੀ ਨ ਜਾਇ, ਹਉ ਤੁਧੁ ਬਲਿਹਾਰੀਐ ॥੧॥ ਹੇ ਅਕਾਲ ਪੁਰਖ! ਤੂੰ ਕੁਲ ਰਹਿਤ, ਮਾਇਆ ਤੋਂ ਨਿਰਲੇਪ, (ਮਨ ਬਾਣੀ ਦੀ) ਪਹੁੰਚ ਤੋਂ ਪਰੇ ਅਤੇ ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ ਹੈਂ। (ਤੂੰ) ਸੱਚਾ, ਸਦਾ ਕਾਇਮ ਰਹਿਣ ਵਾਲਾ, ਸੱਚਮੁਚ ਸੱਚ ਸਰੂਪ ਦੇਖੀਦਾ ਹੈਂ {ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ , ਨਾਨਕ ਹੋਸੀ ਭੀ ਸਚੁ}। (ਹੇ ਪ੍ਰਭੂ! ਸਾਰੀ ਰਚਨਾ) ਤੇਰੀ ਧਾਰਨ ਕੀਤੀ ਹੋਈ ਹੈ, (ਇਸ ਵਿਚ) ਕੁਛ ਵੀ ਕੂੜ ਨਹੀਂ ਜਾਪਦਾ {ਆਪਿ ਸਤਿ ਕੀਆ ਸਭੁ ਸਤਿ ੨੮੪}। ਜਿਤਨੀ ਵੀ ਪੈਦਾ ਕੀਤੀ ਸ੍ਰਿਸਟੀ ਹੈ, (ਹੇ ਭਾਈ! ਉਹ) ਦਾਤਾਰ ਪਾਤਸ਼ਾਹ ਸਭ ਨੂੰ ਦਾਤਾਂ ਦੇਂਦਾ ਹੈ। (ਉਸ ਪ੍ਰਭੂ ਨੇ ਅਪਣੇ ਸਾਰੀ ਸ੍ਰਿਸਟੀ ਨੂੰ) ਇਕ ਹੁਕਮ ਰੂਪ ਧਾਗੇ ਵਿਚ ਪਰੋ ਕੇ (ਸਭ ਵਿਚ ਅਪਣੀ) ਜੋਤ ਮਿਲਾਈ ਹੋਈ ਹੈ। (ਉਸ ਦੇ) ਹੁਕਮ ਨਾਲ (ਮਨਮੁਖ) ਭਵਜਲ ਵਿਚ ਪਏ (ਗੋਤੇ ਖਾਂਦੇ ਰਹਿੰਦੇ ਹਨ ਅਤੇ ਗੁਰਮੁਖ ਉਸ ਦੇ) ਹੁਕਮ ਨਾਲ ਤਰ ਜਾਂਦੇ ਹਨ। ਹੇ ਪ੍ਰਭੂ ਜੀਓ! ਤੈਨੂੰ ਉਹ ਪੁਰਖ ਹੀ ਸਿਮਰਦਾ ਹੈ, ਜਿਸ ਦੇ ਮੱਥੇ ਉਤੇ ਚੰਗੇ ਭਾਗ ਹੋਣ। (ਹੇ ਪ੍ਰਭੂ!) ਤੇਰੀ ਅਵਸਥਾ ਤੇ ਮਰਿਆਦਾ ਜਾਣੀ ਨਹੀਂ ਜਾਂਦੀ, ਮੈਂ ਤੈਥੋਂ ਸਦਕੇ ਜਾਂਦਾ ਹਾਂ।੧।

ਪਦਾਰਥ = ਅਕੁਲ-ਕੁਲ (ਵੰਸ਼) ਰਹਿਤ। ਨਿਰੰਜਨ-ਮਾਇਆ ਤੋਂ ਨਿਰਲੇਪੁ। ਪੁਰਖੁ-ਸਰਬ ਵਿਆਪਕ ਪਾਰਬ੍ਰਹਮ। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰੀਐ-ਪਾਰ ਵਾਲੇ ਕਿਨਾਰੇ ਤੋਂ ਰਹਿਤ (ਬੇਅੰਤ)। ਨਿਹਾਰੀਐ-ਦੇਖੀਦਾ ਹੈ। ਨ ਜਾਪੈ-ਨਹੀ ਪ੍ਰਤੀਤ ਹੁੰਦਾ। ਧਾਰੀਐ-(ਅਪਣੀ ਸ਼ਕਤੀ ਨਾਲ) ਟਿਕਾ ਕੇ ਰੱਖੀ ਹੋਈ ਹੈ; ਪੈਦਾ ਕੀਤੀ ਹੈ। ਸਭਸੈ-ਸਭ ਨੂੰ। ਜੇਤ-ਜਿਤਨ ਵੀ। ਉਪਾਰੀਐ-ਪੈਦਾ ਕੀਤੀ। ਸੂਤੁ-(ਹੁਕਮ ਰੂਪ; ਪ੍ਰਾਣ ਰੂਪ) ਧਾਗੇ ਵਿਚ। ਸੰਜਾਰੀਐ-ਮਿਲਾਈ ਹੋਈ ਹੈ। ਭਵਜਲ ਮੰਝਿ-ਸੰਸਾਰ ਸਮੁੰਦਰ ਵਿਚ। ਤਾਰੀਐ-ਤਾਰਦਾ ਹੈ। ਤੁਧੁ-ਤੈਨੂੰ; ਤੈਥੋਂ। ਸੋਇ-ਉਹ ਹੀ। ਮਥਾਰੀਐ-ਮੱਥੇ ਉਤੇ। ਗਤਿ-ਅਵਸਥਾ। ਮਿਤਿ-ਮਰਿਆਦਾ। ਲਖੀ ਨ ਜਾਇ-ਜਾਣੀ ਨਹੀਂ ਜਾਂਦੀ। ਹਉ-ਮੈਂ। ਬਲਿਹਾਰੀਐ-ਸਦਕਾ ਹਾਂ।੧।

ਸਲੋਕੁ ਮਃ ੫ ॥ ਜਾ ਤੂੰ ਤੁਸਹਿ ਮਿਹਰਵਾਨ, ਅਚਿੰਤੁ ਵਸਹਿ ਮਨ ਮਾਹਿ ॥ ਜਾ ਤੂੰ ਤੁਸਹਿ ਮਿਹਰਵਾਨ, ਨਉ ਨਿਧਿ ਘਰ ਮਹਿ ਪਾਹਿ ॥ ਜਾ ਤੂੰ ਤੁਸਹਿ ਮਿਹਰਵਾਨ, ਤਾ ਗੁਰ ਕਾ ਮੰਤ੍ਰੁ ਕਮਾਹਿ ॥ ਜਾ ਤੂੰ ਤੁਸਹਿ ਮਿਹਰਵਾਨ, ਤਾ ਨਾਨਕ ਸਚਿ ਸਮਾਹਿ ॥੧॥ ਹੇ ਮਿਹਰਵਾਨ ਪ੍ਰਭੂ! ਜਦ ਤੂੰ ਪ੍ਰਸੰਨ ਹੁੰਦਾ ਹੈਂ, ਤਾਂ ਅਚਨਚੇਤ ਮਨ ਵਿਚ ਵਸ ਜਾਂਦਾ ਹੈਂ। ਹੇ ਮੇਹਰਵਾਨ! ਜਦ ਤੂੰ ਪ੍ਰਸੰਨ ਹੁੰਦਾ ਹੈਂ, ਤਾਂ ਨੌਂ ਨਿਧੀਆਂ (ਜੀਵ) ਘਰ ਵਿਚ ਹੀ ਪਾ ਲੈਂਦਾ ਹੈ। ਹੇ ਮੇਹਰਵਾਨ! ਜਦ ਤੂੰ ਪ੍ਰਸੰਨ ਹੁੰਦਾ ਹੈਂ, ਤਾਂ (ਜੀਵ) ਗੁਰੂ ਦਾ ਮੰਤ੍ਰ ਕਮਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਹਰਵਾਨ! ਜਦ ਤੂੰ ਪ੍ਰਸੰਨ ਹੁੰਦਾ ਹੈਂ ਤਾਂ ਜੀਵ ਸਚ ਸਰੂਪ ਵਿਚ ਸਮਾ ਜਾਂਦਾ ਹੈ।੧।

ਮਃ ੫ ॥ ਕਿਤੀ ਬੈਹਨਿ੍ ਬੈਹਣੇ, ਮੁਚੁ ਵਜਾਇਨਿ ਵਜ ॥ ਨਾਨਕ ਸਚੇ ਨਾਮ ਵਿਣੁ ,ਕਿਸੈ ਨ ਰਹੀਆ ਲਜ ॥੨॥ (ਹੇ ਭਾਈ!) ਕਿੰਨੇ ਹੀ (ਰਾਜੇ) ਤਖਤਾਂ ਉਤੇ ਬੈਠਦੇ ਹਨ ਅਤੇ (ਅਪਣੀ ਵਡਿਆਈ ਦੇ) ਵਾਜੇ ਵਜਾਉਂਦੇ (ਇੱਥੋਂ ਚਲੇ ਜਾਂਦੇ) ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾ (ਲੋਕ ਪ੍ਰਲੋਕ ਵਿਚ) ਕਿਸੇ ਦੀ ਵੀ ਇੱਜਤ ਨਹੀਂ ਰਹੀ।੨।

ਪਉੜੀ ॥ ਤੁਧੁ ਧਿਆਇਨਿ੍ ਬੇਦ ਕਤੇਬਾ ਸਣੁ ਖੜੇ ॥ ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥ ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇਦ੍ਰਾਸਣਾ ॥ ਸੰਕਰ ਬਿਸਨ ਅਵਤਾਰ, ਹਰਿ ਜਸੁ ਮੁਖਿ ਭਣਾ ॥ ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥ ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥ ਕੂੜਹੁ ਕਰੇ ਵਿਨਾਸੁ ਧਰਮੇ ਤਗੀਐ ॥ ਜਿਤੁ ਜਿਤੁ ਲਾਇਹਿ ਆਪਿ, ਤਿਤੁ ਤਿਤੁ ਲਗੀਐ ॥੨॥(ਹੇ ਪ੍ਰਭੂ! ਪੰਡਤ ਲੋਕ) ਵੇਦਾਂ ਦੇ ਸਣੇ ਤੇ (ਕਾਜੀ ਮੁੱਲਾਂ ਲੋਕ) ਕਤੇਬਾਂ ਸਣੇ ਖੜੇ ਤੈਨੂੰ ਧਿਆ ਰਹੇ ਹਨ। (ਉਨ੍ਹਾਂ ਲੋਕਾਂ ਦੀ) ਗਿਣਤੀ ਗਿਣੀ

ਨਹੀਂ ਜਾ ਸਕਦੀ, ਜੋ ਤੇਰੇ ਦਰ ਤੇ ਪਏ ਹਨ। ਕਈ ਬ੍ਰਹਮੇ ਤੈਨੂੰ ਧਿਆ ਰਹੇ ਤੇ ਕਈ ਇੰਦ੍ਰ ਇੰਦ੍ਰਾਸਣ ਤੇ ਬੈਠੇ ਤੈਨੂੰ ਧਿਆ ਰਹੇ ਹਨ। ਸ਼ੰਕਰ ਤੇ ਵਿਸ਼ਨੂੰ ਦੇ ਅਵਤਾਰ ਵੀ ਹਰੀ ਦਾ ਜਸ ਮੂੰਹੋਂ ਉਚਾਰ ਰਹੇ ਹਨ। (ਮੁਸਲਮਾਨਾਂ ਦੇ ਵੱਡੇ) ਪੀਰ, ਪੈਗੰਬਰ, ਸ਼ੇਖ, ਮਸਾਇਕ ਤੇ ਔਲੀਏ (ਵੀ ਹੇ ਪ੍ਰਭੂ ! ਤੇਰੀ ਬੰਦਗੀ ਕਰਦੇ ਹਨ)। ਹੇ ਨਿਰੰਕਾਰ ! ਤੂੰ ਤਾਣੇ ਪੇਟੇ ਵਾਂਗ ਹਰੇਕ ਜੀਵ ਵਿਚ ਪ੍ਰਫੁੱਲਿਤ ਹੋ ਰਿਹਾ ਹੈਂ। ਝੂਠ ਕਰਮ ਕਰਨ ਤੋਂ (ਤੂੰ ਜੀਵ ਨੂੰ) ਨਾਸ਼ ਕਰਦਾ ਹੈਂ ਤੇ ਧਰਮ (ਕਰਮ ਕਰਨ ਕਰਕੇ) ਦ੍ਰਿੜ ਰਹੀਦਾ ਹੈ। ਜਿਸ ਜਿਸ ਪਾਸੇ ਤੂੰ ਆਪ (ਜੀਵਾਂ ਨੂੰ) ਲਾਉਂਦਾ ਹੈਂ, ਉਸ ਉਸ ਪਾਸੇ ਲਗੀਦਾ ਹੈ (ਕਿਉਂਕਿ ਜੀਵ ਦੇ ਅਪਣੇ ਵਸ ਦੀ ਗੱਲ ਨਹੀਂ)।੨।

ਪਦਾਰਥ = ਜਾ-ਜਦ। ਤੁਸਹਿ-ਪ੍ਰਸੰਨ ਹੁੰਦਾ ਹੈਂ। ਅਚਿੰਤੁ-ਅਚਨਚੇਤ; ਸੁਭਾਵਕ ਹੀ; ਬਿਨਾ ਖਿਆਲ ਕੀਤੇ। ਮਨ ਮਾਹਿ-ਮਨ ਵਿਚ। ਨਉ ਨਿਧਿ-ਨੌਂ (ਦੁਨੀਆਂ ਦੇ ਸਾਰੇ) ਖਜਾਨੇ। ਪਾਹਿ-ਪਾ ਲੈਂਦਾ ਹੈ। ਤਾ-ਤਾਂ; ਤਦ। ਸਚਿ ਸਮਾਹਿ-ਸੱਚ ਵਿਚ ਮਿਲ ਜਾਂਦਾ ਹੈ।੧। ਕਿਤੀ-ਕਿੰਨੇ ਹੀ। ਬੈਹਨਿ੍-ਬੈਠਦੇ ਹਨ। ਬੈਹਣੇ-ਆਸਣਾਂ (ਤਖਤਾਂ) ਉਤੇ। ਮੁਚੁ-ਬਹੁਤ। ਵਜੁ-ਵਾਜੇ। ਕਿਸੈ-ਕਿਸੇ ਦੀ। ਲਜ-ਇੱਜਤ ।੨। ਪਉੜੀ ਤੁਧੁ-ਤੈਨੂੰ। ਕਤੇਬਾ-ਤੌਰੇਤ, ਜਬੂਰ, ਅੰਜੀਲ ਤੇ ਕੁਰਾਨ। ਸਣੁ-ਸਮੇਤ। ਗਣਤੀ-ਗਿਣਤੀ। ਪੜੇ-ਪਏ ਹੋਏ ਹਨ। ਇੰਦ੍ਰਾਸਣਾ-ਇੰਦ੍ਰ ਦੇ ਆਸਣ ਉਤੇ। ਮੁਖਿ-ਮੂੰਹ ਨਾਲ। ਭਣਾ-ਉਚਾਰਦੇ ਹਨ। ਪੀਰ-ਮੁਸਲਮਾਨਾਂ ਦੇ ਧਰਮ ਗੁਰੂ। ਪਿਕਾਬਰ-ਪੈਗੰਬਰ ।ਮਸਾਇਕ-ਕਈ ਸ਼ੇਖ। ਅਉਲੀਏ-ਕਈ ਧਰਮ ਆਗੂ। ਓਤਿ ਪੋਤਿ-ਤਾਣੇ ਪੇਟੇ ਵਾਂਗ ਮਿਲਿਆ ਹੈ। ਘਟਿ ਘਟਿ-ਹਰੇਕ ਜੀਵ ਵਿਚ ।ਮਉਲੀਏ-ਪ੍ਰਫੁਲਿਤ ਹੋ ਰਿਹਾ ਹੈ। ਤਗੀਐ-ਦ੍ਰਿੜ ਰਹੀਦਾ ਹੈ। ਕੂੜਹੁ-ਝੂਠ ਤੋਂ। ਕਰੇ ਵਿਣਾਸੁ-ਨਾਸ਼ ਕਰਦਾ ਹੈਂ। ਤਗੀਐ-ਦ੍ਰਿੜ ਰਹੀਦਾ ਹੈ; ਪੁਗ (ਸਫਲ ਹੋ) ਜਾਈਦਾ ਹੈ। ਜਿਤੁ ਜਿਤੁ-ਜਿਸ ਜਿਸ ਪਾਸੇ। ਤਿਤੁ ਤਿਤੁ-ਉਸ ਉਸ ਪਾਸੇ।੨।

ਸਲੋਕੁ ਮਃ ੫ ॥ ਚੰਗਿਆਈਂ ਆਲਕੁ ਕਰੇ, ਬੁਰਿਆਈਂ ਹੋਇ ਸੇਰੁ ॥ ਨਾਨਕ ਅਜੁ ਕਲਿ ਆਵਸੀ, ਗਾਫਲ ਫਾਹੀ ਪੇਰੁ ॥੧॥ (ਹੇ ਭਾਈ ! ਮਨੁੱਖ) ਚੰਗੇ ਕੰਮ ਕਰਨ ਵਿਚ ਆਲਸ ਕਰਦਾ ਹੈ ਤੇ ਬੁਰੇ ਕੰਮ ਕਰਨ ਲਈ ਸ਼ੇਰ (ਦਲੇਰ) ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਅੱਜ ਕਲ੍ਹ (ਛੇਤੀ ਹੀ ਅਜੇਹੇ) ਗਾਫਲ ਮਨੁੱਖ ਦਾ ਪੈਰ ਮੌਤ ਦੀ ਫਾਹੀ ਵਿਚ ਆ ਪਵੇਗਾ।੧।

ਮਃ ੫ ॥ ਕਿਤੀਆ ਕੁਢੰਗ, ਗੁਝਾ ਥੀਐ ਨ ਹਿਤੁ ॥ ਨਾਨਕ ਤੈ ਸਹਿ ਢਕਿਆ, ਮਨ ਮਹਿ ਸਚਾ ਮਿਤੁ ॥੨॥ (ਹੇ ਪ੍ਰਭੂ ! ਭਾਵੇਂ ਸਾਡੇ) ਤਰੀਕੇ ਕਿਤਨੇ ਹੀ ਬੁਰੇ ਹੋਣ, (ਪਰ ਤੇਰਾ) ਪਿਆਰ ਲੁਕਿਆ ਹੋਇਆ ਨਹੀਂ ਰਹਿੰਦਾ; (ਸਾਡੇ ਬੁਰੇ ਕਰਮਾਂ ਦਾ) ਹਿਤ ਤੈਥੋਂ ਲੁਕਿਆ ਹੋਇਆ ਨਹੀਂ ਰਹਿੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਤੈਂ ਮਾਲਕ ਨੇ (ਸਾਡੇ ਦੋਸ਼ਾਂ ਨੂੰ ਸਾਡੇ) ਮਨ ਵਿਚ ਹੀ ਢਕਿਆ ਹੋਇਆ ਹੈ, (ਕਿਉਂਕਿ ਤੂੰ ਸਾਡਾ) ਸੱਚਾ ਮਿਤ੍ਰ ਹੈਂ (ਸਾਡੇ ਦੋਸ਼ ਪ੍ਰਗਟ ਨਹੀਂ ਹੋਣ ਦਿੰਦਾ)।੨।

ਪਉੜੀ ॥ ਹਉ ਮਾਗਉ ਤੁਝੈ ਦਇਆਲ, ਕਰਿ ਦਾਸਾ ਗੋਲਿਆ ॥ ਨਉਨਿਧਿ ਪਾਈ ਰਾਜੁ ਜੀਵਾ ਬੋਲਿਆ ॥ ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥ ਤਿਨ੍ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥ ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥ ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥ ਆਪਹੁ ਕਛੂ ਨ ਹੋਇ, ਪ੍ਰਭ ਨਦਰਿ ਨਿਹਾਲੀਐ ॥ ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥੩॥ ਹੇ ਦਿਆਲ ਪ੍ਰਭੂ ! ਮੈਂ ਤੈਥੋਂ ਇਹ ਦਾਨ ਮੰਗਦਾ ਹਾਂ ਕਿ ਮੈਨੂੰ ਦਾਸਾਂ ਦਾ ਦਾਸ ਬਣਾ ਲੈ। (ਤੇਰਾ ਜਸ) ਗਾਉਣ ਨਾਲ ਮੈਂ ਜਿਉਂਦਾ ਹਾਂ, (ਇਸ ਤਰ੍ਹਾਂ ਮਾਨੋਂ) ਨੌਂ ਨਿਧੀਆਂ ਦਾ ਰਾਜ ਪਾ ਲੈਂਦਾ ਹਾਂ। ਤੇਰੇ ਦਾਸਾਂ ਦੇ ਘਰ ਵਿਚ ਅੰਮ੍ਰਿਤ ਨਾਮ ਰੂਪ ਖਜਾਨਾ ਬੇਅੰਤ ਹੈ। ਉਨ੍ਹਾਂ ਦੀ ਸੰਗਤ ਵਿਚ ਕੰਨਾਂ ਨਾਲ (ਜਦ ਮੈਂ ਤੇਰਾ) ਜਸ ਸੁਣਦਾ ਹਾਂ, ਤਾਂ ਮੈਂ ਨਿਹਾਲ ਹੋ ਜਾਦਾ ਹਾਂ। (ਜਿਉਂ ਜਿਉਂ ਮੈਂ) ਉਨ੍ਹਾਂ ਦਾਸਾਂ ਦੀ ਸੇਵਾ ਕਰਦਾ ਹਾਂ, ਮੇਰਾ ਸਰੀਰ ਪਵਿਤ੍ਰ ਹੋ ਜਾਂਦਾ ਹੈ। (ਉਨ੍ਹਾਂ ਦਾਸਾਂ ਲਈ ਮੈਂ) ਪੱਖਾ ਝੱਲ ਕੇ, ਪਾਣੀ ਢੋ ਕੇ, ਚੱਕੀ ਪੀਸ ਕੇ ਅਤੇ (ਉਨ੍ਹਾਂ ਦੇ) ਪੈਰ ਧੋ ਕੇ ਖੁਸ਼ ਹੁੰਦਾ ਹਾਂ। (ਪਰ ਮੈਥੋਂ) ਅਪਣੇ ਆਪ ਤੋਂ ਕੁਛ ਨਹੀਂ ਹੋ ਸਕਦਾ, ਹੇ ਪ੍ਰਭੂ ! (ਮੇਰੇ ਵੱਲ) ਮੇਹਰ ਦੀ ਨਜਰ ਨਾਲ ਦੇਖ। ਅਤੇ ਮੈਨੂੰ ਗੁਣ ਹੀਣ ਨੂੰ ਸੰਤਾਂ ਦੀ ਧਰਮਸਾਲ (ਸੰਗਤ) ਵਿਚ ਥਾਂ ਦੇਵੋ।੩।

ਪਦਾਰਥ = ਆਲਕੁ-ਆਲਸ। ਸੇਰੁ-ਸ਼ੇਰ (ਦਲੇਰ)। ਆਵਸੀ-ਆ ਪਵੇਗੀ। ਗਾਫਲ-ਬੇ ਸਮਝ ਮਨੁੱਖ। ਪੇਰੁ-ਪੈਰ।੧। ਕਿਤੀਆ-ਕਿਤਨੇ ਹੀ। ਕੁਢੰਗ-ਬੁਰੇ ਤਰੀਕੇ; ਖੋਟੇ ਕੰਮ। ਗੁਝਾ ਥੀਐ-ਲੁਕਿਆ ਹੋਇਆ। ਹਿਤੁ-ਪਿਆਰ। ਤੈ ਸਹਿ-ਤੈਂ ਮਲਕ ਨੇ।੨। ਪਉੜੀ। ਹਉ-ਮੈਂ। ਤੁਝੈ-ਤੈਥੋਂ। ਗੋਲਿਆ-ਦਾਸਾਂ ਦਾ। ਨਉ ਨਿਧਿ-ਨੌਂ ਖਜਾਨੇ। ਜੀਵਾ-ਜਿਉਂਦਾ ਹਾਂ। ਬੋਲਿਆ-ਬੋਲਿਆਂ (ਗਾਉਣ ਨਾਲ)। ਨਿਧਾਨੁ-ਖਜਾਨਾ। ਘਣਾ-ਬੇਅੰਤ। ਸ੍ਰਵਣੀ-ਕੰਨਾਂ ਨਾਲ। ਕਮਾਵਾ ਕਾਰ-ਸੇਵਾ ਕਰਦਾ ਹਾਂ। ਬਿਗਸਾ-ਖੁਸ਼ ਹੁੰਦਾ ਹਾਂ। ਆਪਹੁ-ਅਪਣੇ ਆਪ ਤੋਂ। ਨਦਰਿ-ਮੇਹਰ ਦੀ ਨਜਰ ਨਾਲ। ਨਿਹਾਲੀਐ-ਦੇਖ। ਮੋਹਿ-ਮੈਨੂੰ। ਦਿਚੈ-ਦੇਵੋ। ਧਰਮਸਾਲੀਐ-ਧਰਮਸਾਲਾ ਵਿਚ।੩।

ਸਲੋਕ ਮਃ ੫ ॥ ਸਾਜਨ ਤੇਰੇ ਚਰਨ ਕੀ, ਹੋਇ ਰਹਾ ਸਦ ਧੂਰਿ ॥ ਨਾਨਕ ਸਰਣਿ ਤੁਹਾਰੀਆ, ਪੇਖਉ ਸਦਾ ਹਜੂਰਿ ॥੧॥ ਹੇ ਮੇਰੇ ਸੱਜਨ ਪ੍ਰਭੂ ! ਮੈਂ ਸਦਾ ਤੇਰੇ ਚਰਨਾਂ ਦੀ ਧੂੜ ਹੋਇਆ ਰਹਾਂ। ਨਾਨਕ ਦੀ ਅਰਦਾਸ ਕਰਦਾ ਹੈ ਕਿ ਮੈਂ ਤੇਰੀ ਸ਼ਰਣ ਵਿਚ ਰਹਾਂ ਅਤੇ

ਤੈਨੂੰ ਸਦਾ ਹਾਜਰਾ ਹਜੂਰ ਦੇਖਦਾ ਰਹਾਂ।੧। (ਇਹ ਸਲੋਕ ੯੮੯ ਅੰਗ ਤੇ ਸਲੋਕ ਮਃ ੧ ਕਰਕੇ ਦਿਤਾ ਹੈ)॥

ਮਃ ੫ ॥ ਪਤਿਤ ਪੁਨੀਤ ਅਸੰਖ ਹੋਹਿ, ਹਰਿ ਚਰਣੀ ਮਨੁ ਲਾਗ ॥ ਅਠਸਠਿ ਤੀਰਥ ਨਾਮੁ ਪ੍ਰਭ, ਜਿਸੁ ਨਾਨਕ ਮਸਤਕਿ ਭਾਗ ॥੨॥ ਜੇ ਹਰੀ ਦੇ ਚਰਣਾਂ ਵਿਚ ਮਨ ਲਗ ਜਾਵੇ ਤਾਂ ਬੇਅੰਤ ਪਾਪੀ ਲੋਕ ਪਵਿਤ੍ਰ ਹੋ ਜਾਂਦੇ ਹਨ।ਪ੍ਰਭੂ ਦਾ ਨਾਮ ਹੀ ਅਠਾਹਠ ਤੀਰਥ ਹੈ ,ਨਾਨਕ ਗੁਰੂ ਜੀ ਆਖਦੇ ਹਨ (ਕਿ ਨਾਮ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ) ਜਿਸ ਦੇ ਮੱਥੇ ਤੇ ਚੰਗੇ ਭਾਗ ਲਿਖੇ ਹੋਣ।੨। (ਇਹ ਸਲੋਕ ੯੯੦ ਅੰਗ ਤੇ ਮਃ ੧ ਦੇ ਸਿਰਲੇਖ ਹੇਠ ਦਿਤਾ ਹੋਇਆ ਹੈ)।

ਪਉੜੀ ॥ ਨਿਤ ਜਪੀਐ ਸਾਸਿ ਗਿਰਾਸਿ, ਨਾਉ ਪਰਵਦਿਗਾਰ ਦਾ ॥ ਜਿਸ ਨੋ ਕਰੇ ਰਹੰਮ, ਤਿਸੁ ਨ ਵਿਸਾਰਦਾ ॥ ਆਪਿ ਉਪਾਵਣ ਹਾਰ ਆਪੇ ਹੀ ਮਾਰਦਾ ॥ (ਹੇ ਭਾਈ!) ਜਗਤ ਨੂੰ ਪਾਲਣ ਵਾਲੇ ਪ੍ਰਭੂ ਦਾ ਨਾਮ ਸਾਹ ਲੈਂਦਿਆਂ ਤੇ ਭੋਜਨ ਖਾਂਦਿਆ ਹਰ ਰੋਜ ਜਪਣਾ ਚਾਹੀਦਾ ਹੈ।(ਉਹ ਪ੍ਰਭੂ) ਜਿਸ ਮਨੁੱਖ ਉਤੇ ਦਇਆ ਕਰਦਾ ਹੈ, ਉਸ ਨੂੰ ਕਦੇ ਭੁਲਾਉਂਦਾ ਨਹੀਂ।ਉਹ ਆਪੇ (ਸਭ ਜੀਵਾਂ ਨੂੰ) ਪੈਦਾ ਕਰਨ ਵਾਲਾ ਹੈ ਅਤੇ ਆਪੇ (ਉਨ੍ਹਾਂ ਨੂੰ) ਮਾਰਦਾ ਹੈ (ਉਸ ਤੋਂ ਬਿਨਾ ਪੈਦਾ ਕਰਨ ਵਾਲਾ ਤੇ ਮਾਰਨ ਵਾਲਾ ਦੂਜਾ ਕੋਈ ਨਹੀਂ)।

ਅੰਗ ੫੧੯ = ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ॥ ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥ ਜਿਸ ਨੋ ਲਾਏ ਸਚਿ ਤਿਸਹਿ ਉਧਾਰਦਾ ॥ ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥ ਸਦਾ ਅਭਗੁ ਦੀਬਾਣੁ ਹੈ, ਹਉ ਤਿਸੁ ਨਮਸਕਾਰਦਾ ॥੪॥ (ਉਹ) ਜਾਣੀ ਜਾਣ ਪ੍ਰਭੂ ਸਭ ਕੁਛ ਜਾਣਦਾ ਹੈ ਅਤੇ (ਹਰ ਗਲ ਨੂੰ) ਬੁੱਝ ਕੇ ਵਿਚਾਰਦਾ ਹੈ।ਉਹ ਇਕ ਖਿਨ ਵਿਚ ਅਪਣੀ ਕੁਦਰਤ ਦੁਆਰਾ ਅਨੇਕਾਂ ਰੂਪ ਧਾਰ ਲੈਂਦਾ ਹੈ।ਜਿਸ (ਜੀਵ ਨੂੰ) ਸੱਚੇ ਨਾਮ ਵਿਚ ਲਾ ਲੈਂਦਾ ਹੈ, ਉਸ ਨੂੰ ਮੁਕਤ ਕਰ ਦੇਂਦਾ ਹੈ।ਜਿਸ (ਜੀਵ ਦੇ ਉਹ) ਵੱਲ ਹੁੰਦਾ ਹੈ, ਉਹ ਜੀਵ ਕਦੇ ਨਹੀਂ ਹਾਰਦਾ।ਉਸ ਦਾ ਦਰਬਾਰ ਸਦਾ ਨਾਸ਼ ਰਹਿਤ ਹੈ, ਮੈਂ ਉਸ ਨੂੰ ਨਮਸ਼ਕਾਰ ਕਰਦਾ ਹਾਂ।੪।

ਪਦਾਰਥ = ਸਦ-ਸਦਾ।ਧੁਰਿ-ਧੁਰ।ਤੁਹਾਰੀਆ-ਤੇਰੀ।ਪੇਖਉ-ਦੇਖਾਂ।ਹਜੂਰਿ-ਪ੍ਰਤੱਖ।੧।ਪਤਿਤ-ਪਾਪੀ।ਪੁਨੀਤ-ਪਵਿਤ੍ਰ।ਹੋਹਿ -ਹੁੰਦੇ ਹਨ।ਅਸੰਖ-ਬੇਅੰਤ ਲੋਕ।ਅਠਸਠਿ-ਅਠਾਹਠ।ਮਸਤਕਿ-ਮੱਥੇ ਤੇ।੨।ਪਉੜੀ।ਨਿਤ-ਹਰ ਰੋਜ।ਸਾਸਿ-ਹਰੇਕ ਸਾਹ ਨਾਲ ।ਗਿਰਾਸਿ-ਭੋਜਨ ਖਾਂਦਿਆਂ।ਪਰਵਦਿਗਾਰ-ਪਾਲਣ ਵਾਲਾ।ਰਹੰਮ-ਦਇਆ।ਨ ਵਿਸਾਰਦਾ-ਨਹੀਂ ਭੁਲਾਉਂਦਾ।ਉਪਾਵਣਹਾਰ-ਪੈਦਾ ਕਰਨ ਵਾਲਾ।ਜਾਣੁ-ਜਾਣੀ ਜਾਣ।ਬੁਝਿ-ਸਮਝ ਕੇ।ਕੁਦਰਤਿ-ਕਰਤਾਰ ਦੀ ਰਚਨਾ ਸ਼ਕਤੀ।ਧਾਰਦਾ-ਬਣਾ ਦੇਂਦਾ ਹੈ।ਸਚਿ-ਸੱਚੇ ਨਾਮ ਵਿਚ।ਤਿਸਹਿ-ਉਸ ਨੂੰ।ਉਧਾਰਦਾ-ਮੁਕਤ ਕਰਦਾ ਹੈ।ਅਭਗੁ-ਨਾਸ਼ ਰਹਿਤ।ਦੀਬਾਣੁ-ਦਰਬਾਰ।ਹਉ-ਮੈਂ।੪।

ਸਲੋਕ ਮਃ ੫ ॥ ਕਾਮੁ ਕ੍ਰੋਧੁ ਲੋਭੁ ਛੋਡੀਐ, ਦੀਜੈ ਅਗਨਿ ਜਲਾਇ ॥ ਜੀਵਦਿਆ ਨਿਤ ਜਾਪੀਐ, ਨਾਨਕ ਸਾਚਾ ਨਾਉ ॥੧॥ (ਹੇ ਭਾਈ!) ਕਾਮ ਕ੍ਰੋਧ ਤੇ ਲੋਭ ਆਦਿ (ਵਿਕਾਰ) ਛਡ ਦੇਈਏ ਅਤੇ (ਇਨ੍ਹਾਂ ਨੂੰ) ਅੱਗ ਵਿਚ ਜਲਾ ਦੇਈਏ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਉਂਦਿਆਂ ਜੀ ਹਰ ਰੋਜ ਪ੍ਰਭੂ ਦਾ ਸੱਚਾ ਨਾਮ ਜਪੀਏ।੧।

ਮਃ ੫ ॥ ਸਿਮਰਤ ਸਿਮਰਤ ਪ੍ਰਭੁ ਆਪਣਾ, ਸਭ ਫਲ ਪਾਏ ਆਹਿ ॥ ਨਾਨਕ ਨਾਮੁ ਅਰਾਧਿਆ, ਗੁਰ ਪੂਰੈ ਦੀਆ ਮਿਲਾਇ ॥੨॥ ਅਪਣੇ ਪ੍ਰਭੂ ਨੂੰ (ਮਨ ਕਰਕੇ) ਸਿਮਰਦਿਆਂ (ਤੇ ਤਨ ਕਰਕੇ) ਸਿਮਰਦਿਆਂ (ਮੈਂ) ਸਾਰੇ ਫਲ ਪ੍ਰਾਪਤ ਕਰ ਲਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਦ ਮੈਂ ਹਰੀ ਦਾ) ਨਾਮ ਅਰਾਧਿਆ ਤਾਂ ਪੂਰੇ ਗੁਰੂ ਨੇ (ਮੈਨੂੰ ਪ੍ਰਭੂ ਨਾਲ) ਮਿਲਾ ਦਿਤਾ।੨।

ਪਉੜੀ ॥ ਸੋ ਮੁਕਤਾ ਸੰਸਾਰਿ, ਜਿ ਗੁਰਿ ਉਪਦੇਸਿਆ ॥ ਤਿਸ ਕੀ ਗਈ ਬਲਾਇ, ਮਿਟੇ ਅੰਦੇਸਿਆ ॥ ਤਿਸ ਕਾ ਦਰਸਨੁ ਦੇਖਿ, ਜਗਤੁ ਨਿਹਾਲੁ ਹੋਇ ॥ ਜਨ ਕੈ ਸੰਗਿ ਨਿਹਾਲੁ ,ਪਾਪਾ ਮੈਲੁ ਧੋਇ ॥ ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥ ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥ ਜਿਸੁ ਘਟਿ ਵਸਿਆ ਨਾਉ ,ਤਿਸੁ ਬੰਧਨ ਕਾਟੀਐ ॥ ਗੁਰ ਪਰਸਾਦਿ ਕਿਨੈ ਵਿਰਲੈ, ਹਰਿ ਧਨੁ ਖਾਟੀਐ ॥੫॥ ਸੰਸਾਰ ਵਿਚ ਉਹ ਮਨੁੱਖ ਮੁਕਤ ਹੈ, ਜਿਸ ਨੂੰ ਗੁਰੂ ਨੇ ਉਪਦੇਸ ਦਿਤਾ ਹੈ।ਉਸ ਦੀ ਬਿਪਤਾ ਦੂਰ ਹੋ ਗਈ ਹੈ ਅਤੇ ਫਿਕਰ ਵੀ ਮਿਟ ਗਏ ਹਨ।ਉਸ (ਗੁਰਮੁਖ) ਦਾ ਦਰਸ਼ਨ ਦੇਖ ਕੇ ਜਗਤ ਨਿਹਾਲ ਹੋ ਜਾਂਦਾ ਹੈ।(ਹਰੀ ਦੇ) ਸੇਵਕਾਂ ਦੀ ਸੰਗਤ ਵਿਚ ਨਿਹਾਲ ਹੋ ਜਾਈਦਾ ਹੈ ਅਤੇ ਪਾਪਾਂ ਦੀ ਮੈਲ ਧੋ ਹੋ ਜਾਂਦੀ ਹੈ।ਉਥੇ (ਸਾਧ ਸੰਗਤ ਵਿਚ) ਸੱਚਾ ਅੰਮ੍ਰਿਤ ਨਾਮ ਜਪਿਆ ਜਾਂਦਾ ਹੈ।ਮਨ ਨੂੰ ਸੰਤੋਖ ਹੋ ਜਾਂਦਾ ਹੈ ਅਤੇ ਭੁੱਖਾ (ਮਨ ਪਦਾਰਥਾਂ ਦੀ ਤ੍ਰਿਸ਼ਨਾਂ ਵੱਲੋਂ) ਰੱਜ ਜਾਂਦਾ ਹੈ।ਜਿਸ ਮਨੁੱਖ ਦੇ ਹਿਰਦੇ ਵਿਚ ਨਾਮ ਵਸਿਆ ਹੈ, ਉਸ ਦੇ ਬੰਧਨ ਕੱਟੇ ਜਾਂਦੇ ਹਨ।(ਪਰ) ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਮਨੁੱਖ ਨੇ ਹਰੀ ਦਾ ਨਾਮ ਧਨ ਖੱਟਿਆ ਹੈ।੫।

ਪਦਾਰਥ = ਅਗਨਿ-ਅੱਗ ਵਿਚ।ਨਿਤ-ਹਰ ਰੋਜ।੧।ਆਹਿ-ਹਨ।ਗੁਰ ਪੂਰੈ-ਪੂਰੇ ਗੁਰੂ ਨੇ।੨।ਪਉੜੀ।ਸੋ-ਉਹ।ਮੁਕਤਾ-ਮੁਕਤ (ਬੰਧਨਾਂ ਤੋਂ)।ਜਿ-ਜਿਸ ਨੂੰ।ਗੁਰਿ-ਗੁਰੂ ਨੇ।ਬਲਾਇ-ਬਿਪਤਾ।ਅੰਦੇਸਿਆ-ਫਿਕਰ।ਜਨ-ਸੇਵਕ।ਓਥੈ-ਉਥੇ (ਸੇਵਕਾਂ ਦੀ ਸੰਗਤ ਵਿਚ)।ਮਨ ਕਉ-ਮਨ ਨੂੰ।ਧ੍ਰਾਪੀਐ-ਰੱਜ ਜਾਂਦਾ ਹੈ।ਘਟਿ-ਹਿਰਦੇ ਵਿਚ।ਕਿਨੈ-ਕਿਸੇ ਨੇ।ਖਾਟੀਐ-ਕਮਾਇਆ ਹੈ।੫।

ਸਲੋਕ ਮਃ ੫ ॥ ਮਨ ਮਹਿ ਚਿਤਵਉ ਚਿਤਵਨੀ, ਉਦਮੁ ਕਰਉ ਉਠਿ ਨੀਤ ॥ ਹਰਿ ਕੀਰਤਨ ਕਾ ਆਹਰੋ, ਹਰਿ ਦੇਹੁ ਨਾਨਕ ਕੇ ਮੀਤ ॥੧॥ (ਹੇ ਭਾਈ!) ਮੈਂ ਮਨ ਵਿਚ ਸੋਚਾਂ ਸੋਚਦਾ ਹਾਂ ਕਿ ਮੈਂ ਹਰ ਰੋਜ ਸਵੇਰੇ (ਨੀਂਦ ਤੋਂ) ਉਠ ਕੇ ਉਦਮ ਕਰਾਂ। ਹੇ ਨਾਨਕ ਦੇ ਮਿਤ੍ਰ ਹਰੀ ਰੂਪ ਸਤਿਗੁਰੂ! ਮੈਨੂੰ ਹਰੀ ਦਾ ਕੀਰਤਨ ਕਰਨ ਦਾ ਉਦਮ ਬਖਸ ਦੇ।੧।

ਮਃ ੫ ॥ ਦ੍ਰਿਸਟਿ ਧਾਰਿ ਪ੍ਰਭਿ ਰਾਖਿਆ, ਮਨੁ ਤਨੁ ਰਤਾ ਮੂਲਿ ॥ ਨਾਨਕ ਜੋ ਪ੍ਰਭ ਭਾਣੀਆ, ਮਰਉ ਵਿਚਾਰੀ ਸੂਲਿ ॥੨॥ (ਜਿਨ੍ਹਾਂ ਮਨੁੱਖਾਂ ਦਾ) ਮਨ ਤੇ ਤਨ ਮੂਲ ਰੂਪ ਪ੍ਰਭੂ ਵਿਚ ਰਚ ਗਿਆ ਹੈ, (ਉਨ੍ਹਾਂ ਨੂੰ) ਪ੍ਰਭੂ ਨੇ ਮੇਹਰ ਦੀ ਨਜਰ ਕਰਕੇ ਬਚਾ ਲਿਆ ਹੈ। ਜੋ ਦਾਸੀਆਂ ਪ੍ਰਭੂ ਨੂੰ ਚੰਗੀਆਂ ਲਗੀਆਂ ਹਨ, ਉਨ੍ਹਾਂ ਦੀ ਪੀੜ ਵਿਚਾਰੀ ਮਰ ਜਾਂਦੀ ਹੈ; ਵਿਚਾਰਵਾਨਾਂ ਦੀ ਪੀੜ ਮਰ ਜਾਂਦੀ ਹੈ।੨।

ਪਉੜੀ ॥ ਜੀਅ ਕੀ ਬਿਰਥਾ ਹੋਇ, ਸੁ ਗੁਰ ਪਹਿ ਅਰਦਾਸਿ ਕਰਿ ॥ ਛੋਡਿ ਸਿਆਣਪ ਸਗਲ, ਮਨੁ ਤਨੁ ਅਰਪਿ ਧਰਿ ॥ ਪੂਜਹੁ ਗੁਰ ਕੇ ਪੈਰ, ਦੁਰਮਤਿ ਜਾਇ ਜਰਿ ॥ ਸਾਧ ਜਨਾ ਕੈ ਸੰਗਿ, ਭਵਜਲੁ ਬਿਖਮੁ ਤਰਿ ॥ ਸੇਵਹੁ ਸਤਿਗੁਰ ਦੇਵ, ਅਗੈ ਨ ਮਰਹੁ ਡਰਿ ॥ ਖਿਨ ਮਹਿ ਕਰੇ ਨਿਹਾਲੁ ,ਊਣੇ ਸੁਭਰ ਭਰਿ ॥ ਮਨ ਕਉ ਹੋਇ ਸੰਤੋਖੁ ,ਧਿਆਈਐ ਸਦਾ ਹਰਿ ॥ ਸੋ ਲਗਾ ਸਤਿਗੁਰ ਸੇਵ, ਜਾ ਕਉ ਕਰਮੁ ਧੁਰਿ ॥੬॥ (ਹੇ ਭਾਈ! ਜੇ ਤੈਨੂੰ) ਦਿਲ ਦੀ ਪੀੜ ਹੋਵੇ, ਉਹ (ਪੀੜ ਦੂਰ ਕਰਨ ਲਈ ਤੂੰ) ਗੁਰੂ ਪਾਸ ਅਰਦਾਸ ਕਰ। ਸਾਰੀਆਂ ਸਿਆਣਪਾਂ ਛਡ ਕੇ (ਅਪਣਾ) ਮਨ ਤੇ ਤਨ (ਗੁਰੂ ਅੱਗੇ) ਭੇਟਾ ਧਰ ਦੇਹ। ਗੁਰੂ ਦੇ ਚਰਨ ਪੂਜੋ, ਤਾਂ (ਜੋ ਤੇਰੀ) ਖੋਟੀ ਮੱਤ ਸੜ ਜਾਵੇ। ਸਾਧ ਜਨਾਂ ਦੇ ਸੰਗ ਵਿਚ ਮਿਲ ਕੇ ਡਰਾਉਣੇ ਭਵਜਲ ਨੂੰ ਤਰ ਜਾਹ। ਪੂਜਨੀਕ ਸਤਿਗੁਰੂ ਦੀ ਸੇਵਾ ਕਰੋ ਤਾਂ ਅੱਗੇ ਪ੍ਰਲੋਕ ਵਿਚ ਡਰ ਕੇ ਨਹੀਂ ਮਰੋਗੇ। (ਪ੍ਰਭੂ ਇਕ) ਖਿਨ ਵਿਚ ਨਿਹਾਲ ਕਰ ਦੇਂਦਾ ਹੈ ਅਤੇ (ਗੁਣਾਂ ਤੋਂ) ਖਾਲੀ ਮਨੁੱਖਾਂ ਨੂੰ (ਗੁਣਾਂ ਨਾਲ) ਚੰਗੀ ਤਰ੍ਹਾਂ ਭਰ ਦਿੰਦਾ ਹੈ। ਹਰੀ ਨੂੰ ਸਦਾ ਧਿਆਉਣ ਨਾਲ ਮਨ ਨੂੰ ਸੰਤੋਖ ਹੋ ਜਾਂਦਾ ਹੈ। ਸਤਿਗੁਰੂ ਦੀ ਸੇਵਾ ਵਿਚ ਉਹ (ਮਨੁੱਖ) ਲਗਾ ਹੈ ,ਜਿਸ ਨੂੰ ਧੁਰ (ਰੱਬ ਦੇ ਘਰ ਤੋਂ) ਬਖਸ਼ਿਸ਼ ਹੋਈ ਹੈ।੬।

ਪਦਾਰਥ = ਮਨ ਮਹਿ–ਮਨ ਵਿਚ। ਚਿਤਵਉ–ਸੋਚਦਾ ਹਾਂ। ਚਿਤਵਨੀ–ਸੋਚ। ਕਰਉ–ਕਰਾਂ। ਉਠਿ–ਉਠ (ਜਾਗ) ਕੇ। ਨੀਤ–ਹਰ ਰੋਜ। ਆਹਰੋ–ਉਦਮ।੧। ਦ੍ਰਿਸਟਿ ਧਾਰਿ–ਮੇਹਰ ਦੀ ਨਜਰ ਕਰਕੇ। ਪ੍ਰਭਿ–ਪ੍ਰਭੂ ਨੇ। ਰਤਾ–ਰਚ ਮਿਚ ਗਿਆ। ਮੂਲਿ–ਮੂਲ ਰੂਪ ਪ੍ਰਭੂ ਵਿਚ। ਭਾਣੀਆ–ਚੰਗੀਆਂ ਲੱਗੀਆਂ ਹਨ। ਮਰਉ–ਮਰ ਜਾਂਦੀ ਹੈ। ਸੂਲਿ–ਪੀੜ।੨। ਪਉੜੀ। ਜੀਅ ਕੀ–ਦਿਲ ਦੀ। ਬਿਰਥਾ–ਪੀੜ। ਸੁ–ਉਹ (ਪੀੜ)। ਪਹਿ–ਪਾਸ। ਸਗਲ–ਸਾਰੀਆਂ। ਅਰਪਿ ਧਰਿ–ਭੇਟਾ ਕਰ ਦੇਹ। ਦੁਰਮਤਿ–ਖੋਟੀ ਮੱਤ। ਜਾਇ ਜਰਿ–ਸੜ ਜਾਂਦੀ ਹੈ। ਭਵਜਲੁ–ਸੰਸਾਰ ਸਮੁੰਦਰ। ਬਿਖਮੁ–ਡਰਾਉਣਾ; ਭਿਆਨਕ; ਔਖਾ (ਤਰਿਆ ਜਾਣ ਵਾਲਾ)। ਅਗੈ–ਪ੍ਰਲੋਕ ਵਿਚ। ਊਣੇ–ਖਾਲੀ। ਸੁਭਰ ਭਰਿ–ਚੰਗੀ ਤਰ੍ਹਾਂ ਭਰ ਦੇਂਦਾ ਹੈ। ਸੋ–ਉਹ। ਜਾ ਕਉ–ਜਿਸ ਨੂੰ। ਕਰਮੁ–ਬਖਸ਼ਿਸ਼। ਧੁਰਿ–ਧੁਰ ਰੱਬ ਦੇ ਘਰ ਤੋਂ।੬।

ਸਲੋਕ ਮਃ ੫ ॥ ਲਗੜੀ ਸੁਥਾਨਿ, ਜੋੜਨਹਾਰੈ ਜੋੜੀਆ ॥ ਨਾਨਕ ਲਹਰੀ ਲਖ ਸੈਆਨ, ਡੁਬਣ ਦੇਇ ਨ ਮਾ ਪਿਰੀ ॥੧॥ ਮੇਰੀ ਪ੍ਰੀਤ ਸੁੰਦਰ ਥਾਂ (ਹਰੀ ਦੇ ਚਰਨਾਂ) ਵਿਚ ਲਗ ਗਈ ਹੈ, ਜੋੜਨ ਵਾਲੇ (ਗੁਰੂ ਨੇ ਇਹ ਪ੍ਰੀਤ) ਜੋੜੀ ਹੈ। (ਭਾਵੇਂ ਸੰਸਾਰ ਸਮੁੰਦਰ ਵਿਚ ਵਿਸ਼ੇ ਵਿਕਾਰਾਂ ਦੀਆਂ) ਸੈਂਕੜੇ ਤੇ ਲੱਖਾਂ ਲਹਿਰਾਂ ਆਉਣ, ਮੇਰਾ ਪਿਆਰਾ ਹਰੀ (ਇਨ੍ਹਾਂ ਲਹਿਰਾਂ ਵਿਚ) ਮੈਨੂੰ ਡੁਬਣ ਨਹੀਂ ਦਿੰਦਾ।੧।

ਮਃ ੫ ॥ ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ,ਦੁਖ ਹਰਤਾ ਹਰਿ ਨਾਮਾ ॥ ਬਲਿ ਬਲਿ ਜਾਈ ਸੰਤ ਪਿਆਰੇ, ਨਾਨਕ ਪੂਰਨ ਕਾਮਾਂ ॥੨॥ (ਹੇ ਭਾਈ! ਸੰਸਾਰ) ਡਰਾਉਣੇ ਜੰਗਲ (ਵਾਂਗ ਹੈ, ਇਸ ਵਿਚ ਮੈਨੂੰ) ਇਕ ਸਾਥੀ ਹਰੀ ਦਾ ਨਾਮ (ਗੁਰੂ ਪਾਸੋਂ) ਲੱਭਾ ਹੈ, ਜੋ ਦੁੱਖ ਦੂਰ ਕਰਨ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਪਿਆਰੇ ਸੰਤ ਗੁਰੂ ਤੋਂ (ਮਨ ਤੇ ਤਨ ਕਰਕੇ) ਕੁਰਬਾਨ ਜਾਂਦਾ ਹਾਂ, (ਜਿਸ ਦੀ ਕ੍ਰਿਪਾ ਨਾਲ ਮੇਰੇ ਸਾਰੇ) ਕਾਰਜ ਪੂਰਨ ਹੋ ਗਏ ਹਨ; (ਜੋ ਸਾਰੀਆਂ) ਕਾਮਨਾਂ ਪੂਰਨ ਕਰਨ ਵਾਲਾ ਹੈ।੨।

ਪਉੜੀ ॥ ਪਾਈਅਨਿ ਸਭਿ ਨਿਧਾਨ, ਤੇਰੈ ਰੰਗਿ ਰਤਿਆ ॥ ਨ ਹੋਵੀ ਪਛੋਤਾਉ ਤੁਧਨੋ ਜਪਤਿਆ ॥ ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥ ਗੁਰ ਪੂਰੇ ਵਾਹੁ ਵਾਹੁ ,ਸੁਖ ਲਹਾ ਚਿਤਾਰਿ ਮਨ ॥ ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥ ਸਤਿਗੁਰ ਨਦਰਿ ਨਿਹਾਲ ਬਾਹੁੜਿ ਨ ਧਾਈਐ ॥ ਰਖੈ ਆਪਿ ਦਇਆਲੁ ,ਕਰਿ ਦਾਸਾ ਆਪਣੇ ॥ ਹਰਿ ਹਰਿ ਹਰਿ ਹਰਿ ਨਾਮੁ ,ਜੀਵਾ ਸੁਣਿ ਸੁਣੇ ॥੭॥ (ਹੇ ਪ੍ਰਭੂ!) ਤੇਰੇ ਨਾਮ ਰੰਗ ਵਿਚ ਰੰਗਿਆਂ ਸਾਰੇ ਖਜਾਨੇ ਪ੍ਰਾਪਤ ਹੋ ਜਾਂਦੇ ਹਨ। ਤੈਨੂੰ ਜਪਦਿਆਂ (ਕਦੇ) ਪਛਤਾਵਾ ਨਹੀਂ ਹੁੰਦਾ। (ਜਿਨ੍ਹਾਂ) ਦਾਸਾਂ ਨੂੰ ਤੇਰੀ ਟੇਕ ਹੈ, (ਉਨ੍ਹਾਂ ਦੇ) ਬਰਾਬਰ ਕੋਈ ਨਹੀਂ ਪਹੁੰਚ ਸਕਦਾ; (ਦੁਖ ਦੇਣ ਲਈ ਉਨ੍ਹਾਂ ਪਾਸ) ਕੋਈ ਨਹੀਂ ਪਹੁੰਚ ਸਕਦਾ। ਪੂਰੇ ਗੁਰੂ ਧੰਨ ਧੰਨ ਹਨ, (ਜਿਸ ਦੁਆਰਾ ਹਰੀ ਨੂੰ) ਯਾਦ ਕਰਕੇ ਮਨ ਸੁਖ ਪਾ ਲੈਂਦਾ ਹੈ। ਗੁਰੂ ਪਾਸ ਰੱਬੀ ਸਿਫਤ ਦਾ ਭੰਡਾਰ ਹੈ, (ਪਰ) ਭਾਗਾਂ ਨਾਲ ਪ੍ਰਾਪਤ ਕਰੀਦਾ ਹੈ। ਜੇ ਸਤਿਗੁਰੂ ਮੇਹਰ ਦੀ ਨਜਰ ਨਾਲ ਦੇਖੇ ਤਾਂ ਫੇਰ (ਜੋਨੀਆਂ ਵਿਚ) ਭਟਕੀਦਾ ਨਹੀਂ। (ਕਿਉਂਕਿ ਉਹ) ਦਿਆਲੂ ਪ੍ਰਭੂ ਅਪਣੇ ਦਾਸ ਬਣਾ ਕੇ ਆਪ ਰੱਖਿਆ ਕਰਦਾ ਹੈ। (ਹਰੀ ਦਾ) ਹਰਿ ਹਰਿ ਨਾਮ ਜਪ

ਕੇ ਅਤੇ ਹਰਿ ਹਰਿ ਨਾਮ (ਕੰਨਾਂ ਨਾਲ) ਸੁਣ ਸੁਣ ਕੇ ਮੈਂ ਜਿਉਂਦਾ ਹਾਂ।੭।

ਪਦਾਰਥ =ਲਗੜੀ–ਲਗ ਗਈ ਹੈ।ਸੁਥਾਨਿ–ਸੁੰਦਰ ਥਾਂ ਵਿਚ।ਜੋੜਨਹਾਰੈ–ਜੋੜਨ ਵਾਲੇ (ਗੁਰੂ) ਨੇ।ਜੋੜੀਆ–ਜੋੜ ਦਿਤੀ।ਲਹਰੀ–(ਵਿਸ਼ੇ ਵਿਕਾਰਾਂ ਦੀਆਂ) ਲਹਿਰਾਂ।ਸੈਆਨ–ਸੈਂਕੜੇ; ਬੇਅੰਤ; ਸੈਂਕੜੇ ਆਉਣ; ਸੈ+ਆਨ–ਸੈਂਕੜੇ ਦ੍ਵੈਤ ਦੀਆਂ।ਮਾ ਪਿਰੀ–ਮੇਰਾ ਪਿਆਰਾ।੧।ਬਨਿ ਭੀਹਾਵਲੈ–(ਸੰਸਾਰ ਰੂਪ) ਡਰਾਉਣੇ ਜੰਗਲ ਵਿਚ।ਹਿਕੁ–ਇਕ।ਲਧਮੁ–ਲੱਭਿਆ।ਹਰਤਾ–ਦੂਰ ਕਰਨ ਵਾਲਾ।ਬਲਿ ਬਲਿ ਜਾਈ–ਕੁਰਬਾਨ ਜਾਂਦਾ ਹਾਂ।ਪੂਰਨ ਕਾਮਾ–ਕੰਮ ਪੂਰਨ ਹੋ ਗਏ; ਕਾਮਨਾਂ ਪੂਰੀਆਂ ਕਰਨ ਵਾਲਾ।੨।ਪਉੜੀ।ਪਾਈਅਨਿ –ਪ੍ਰਾਪਤ ਹੁੰਦੇ ਹਨ।ਨਿਧਾਨ–ਖਜਾਨੇ।ਰੰਗਿ ਰਤਿਆ–ਨਾਮ ਰੰਗ ਵਿਚ ਰੰਗਿਆਂ।ਤੁਧ ਨੋ–ਤੈਨੂੰ।ਜਨ–ਦਾਸਾਂ ਨੂੰ।ਲਹਾ–ਪਾ ਲੈਂਦਾ ਹੈ।ਚਿਤਾਰਿ–ਯਾਦ ਕਰਕੇ।ਪਹਿ–ਪਾਸ।ਕਰਮੀ–ਭਾਗਾਂ ਨਾਲ।ਨਦਰਿ ਨਿਹਾਲ–ਮੇਹਰ ਦੀ ਨਜਰ ਨਾਲ ਦੇਖੇ।ਬਹੁੜਿ–ਮੁੜ ਕੇ।ਨ ਧਾਈਐ–ਨਹੀਂ ਭਟਕੀਦਾ (ਜੂਨਾਂ ਵਿਚ)।ਕਰਿ ਦਾਸਾ–ਦਾਸ ਬਣਾ ਕੇ।ਸੁਣਿ ਸੁਣੇ–ਸੁਣ ਸੁਣ ਕੇ।੭।

ਅੰਗ ੫੨੦ = ਸਲੋਕ ਮਃ ੫ ॥ ਪ੍ਰੇਮ ਪਟੋਲਾ ਤੈ ਸਹਿ ਦਿਤਾ, ਢਕਣ ਕੂ ਪਤਿ ਮੇਰੀ ॥ ਦਾਨਾ ਬੀਨਾ ਸਾਈ ਮੈਡਾ, ਨਾਨਕ ਸਾਰ ਨ ਜਾਣਾ ਤੇਰੀ ॥੧॥ (ਹੇ ਪ੍ਰਭੂ!) ਤੈਂ ਮਾਲਕ ਨੇ ਮੇਰੀ ਇੱਜਤ ਢਕਣ ਨੂੰ ਪ੍ਰੇਮ ਰੂਪ ਰੇਸ਼ਮੀ ਕਪੜਾ ਦਿਤਾ ਹੈ।(ਤੂੰ) ਮੇਰਾ ਮਾਲਕ (ਸਭ ਕੁਛ) ਜਾਨਣ ਵਾਲਾ ਤੇ (ਮੇਰੇ ਕਰਮ) ਦੇਖਣ ਵਾਲਾ ਹੈਂ, (ਪਰ) ਨਾਨਕ ਤੇਰੀ ਕਦਰ ਨਹੀਂ ਜਾਣਦਾ (ਤੂੰ ਮਨੁੱਖ ਦੇ ਅਨੇਕਾਂ ਕੁਕਰਮ ਜਾਣਦਾ ਤੇ ਦੇਖਦਾ ਹੋਇਆ ਵੀ ਢਕੀ ਰੱਖਦਾ ਹੈਂ, ਪਰ ਮਨੁੱਖ ਫਿਰ ਵੀ ਤੇਰੇ ਗੁਣਾਂ ਦੀ ਕਦਰ ਨਹੀਂ ਕਰਦਾ)।੧।

ਮਃ ੫ ॥ ਤੈਡੈ ਸਿਮਰਣਿ ਹਭੁ ਕਿਛੁ ਲਧਮੁ ,ਬਿਖਮੁ ਨ ਡਿਠਮੁ ਕੋਈ ॥ ਜਿਸੁ ਪਤਿ ਰਖੈ ਸਚਾ ਸਾਹਿਬੁ ,ਨਾਨਕ ਮੇਟਿ ਨ ਸਕੈ ਕੋਈ ॥੨॥ (ਹੇ ਪ੍ਰਭੂ!) ਤੇਰੇ ਸਿਮਰਨ (ਦੀ ਬਰਕਤ) ਨਾਲ ਮੈਂ ਸਭ ਕੁਛ ਲੱਭ ਲਿਆ ਹੈ ਅਤੇ (ਜੀਵਨ ਵਿਚ) ਕੋਈ ਕਠਨਾਈ ਨਹੀਂ ਦੇਖੀ।ਜਿਸ ਦੀ ਇੱਜਤ ਸੱਚਾ ਮਾਲਕ ਰੱਖਦਾ ਹੈ, ਹੇ ਨਾਨਕ! (ਉਸ ਮਨੁੱਖ ਦੀ ਇੱਜਤ ਨੂੰ) ਕੋਈ ਮਿਟਾ ਨਹੀਂ ਸਕਦਾ।੨।

ਪਉੜੀ ॥ ਹੋਵੈ ਸੁਖੁ ਘਣਾ ਦਯਿ ਧਿਆਇਐ ॥ ਵੰਞੈ ਰੋਗਾ ਘਾਣਿ, ਹਰਿ ਗੁਣ ਗਾਇਐ ॥ ਅੰਦਰਿ ਵਰਤੈ ਠਾਢਿ, ਪ੍ਰਭਿ ਚਿਤਿ ਆਇਐ ॥ ਪੂਰਨ ਹੋਵੈ ਆਸ, ਨਾਇ ਮੰਨਿ ਵਸਾਇਐ ॥ ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥ ਗਿਆਨ ਪਦਾਰਥੁ ਮਤਿ, ਗੁਰ ਤੇ ਪਾਇਐ ॥ ਤਿਨਿ ਪਾਏ ਸਭੇ ਥੋਕ, ਜਿਸੁ ਆਪਿ ਦਿਵਾਇਐ ॥ ਤੂੰ ਸਭਨਾ ਕਾ ਖਸਮੁ ,ਸਭੁ ਤੇਰੀ ਛਾਇਐ ॥੮॥ ਪ੍ਰਭੂ ਨੂੰ ਧਿਆਉਣ ਨਾਲ ਬਹੁਤ ਸੁਖ ਹੁੰਦਾ ਹੈ।ਹਰੀ ਦੇ ਗੁਣ ਗਾਉਣ ਨਾਲ ਸਾਰੇ ਰੋਗ ਚਲੇ ਜਾਂਦੇ ਹਨ।ਪ੍ਰਭੂ ਦੇ ਚਿਤ ਵਿਚ ਆਉਣ ਨਾਲ (ਮਨ ਦੇ) ਅੰਦਰ ਠੰਢ ਵਰਤ ਜਾਂਦੀ ਹੈ।(ਹਰੀ ਦਾ) ਨਾਮ ਮਨ ਵਿਚ ਵਸਾ ਲੈਣ ਨਾਲ ਆਸਾਂ ਪੂਰੀਆਂ ਹੋ ਜਾਂਦੀਆਂ ਹਨ।ਆਪਾ ਭਾਵ ਗੁਆਉਣ ਨਾਲ (ਜੀਵਨ ਵਿਚ) ਕੋਈ ਬਿਘਨ ਨਹੀਂ ਲਗਦਾ।ਗਿਆਨ ਪਦਾਰਥ ਹਾਸਲ ਕਰਨ ਵਾਲੀ ਅਕਲ ਗੁਰੂ ਤੋਂ ਪਾਈ ਜਾਂਦੀ ਹੈ।(ਪਰ ਇਹ) ਸਾਰੇ ਪਦਾਰਥ ਉਸ (ਮਨੁੱਖ) ਨੇ ਪ੍ਰਾਪਤ ਕੀਤੇ ਹਨ, ਜਿਸ ਨੂੰ ਪ੍ਰਭੂ ਆਪ (ਗੁਰੂ ਰਾਹੀਂ) ਦਿਵਾਉਂਦਾ ਹੈ।(ਹੇ ਪ੍ਰਭੂ) ਤੂੰ ਸਭ ਦਾ ਮਾਲਕ ਹੈਂ ਅਤੇ ਸਾਰੇ (ਜੀਵ) ਤੇਰੀ ਛਾਂ ਹੇਠ (ਤੇਰੇ ਆਸਰੇ ਰਹਿੰਦੇ) ਹਨ।੮।

ਪਦਾਰਥ = ਪਟੋਲਾ–ਲਾਲ ਰੰਗ ਦਾ ਇਕ ਰੇਸ਼ਮੀ ਕੱਪੜਾ (ਜੋ ਸਜ ਵਿਆਹੀ ਲਾੜੀ ਨੂੰ ਪਹਿਨਾਉਂਦੇ ਸਨ।ਜੋ ਇਕ ਦੀ ਹੋ ਗਈ ਦੀ ਨਿਸ਼ਾਨੀ ਹੁੰਦਾ ਸੀ)।ਸਹਿ–ਮਾਲਕ ਨੇ।ਕੂ–ਨੂੰ; ਲਈ।ਪਤਿ–ਇੱਜਤ।ਦਾਨਾ–ਜਾਨਣ ਵਾਲਾ; ਅਕਲਵੰਦ।ਬੀਨਾ–ਦੇਖਣ ਵਾਲਾ।ਸਾਈ–ਮਾਲਕ।ਮੈਡਾ–ਮੇਰਾ।ਸਾਰ–ਕਦਰ।੧।ਤੈਡੈ–ਤੇਰੇ।ਸਿਮਰਣਿ–ਸਿਮਰਨ ਨਾਲ।ਹਭੁ ਕਿਛੁ–ਸਭ ਕੁਛ।ਲਧਮੁ–ਲੱਭ ਲਿਆ ਮੈਂ।ਬਿਖਮੁ–ਔਖਿਆਈ।ਜਿਸੁ–ਜਿਸ (ਮਨੁੱਖ) ਦੀ।੨।ਪਉੜੀ।ਘਣਾ–ਬਹੁਤ।ਦਯਿ–(ਦਈਏ ਬੋਲੋ) ਕਰਤਾਰ।ਵੰਞੈ–ਚਲੇ ਜਾਂਦਾ ਹੈ।ਘਾਣਿ–ਸਾਰੇ।ਅੰਦਰਿ–ਮਨ ਦੇ ਅੰਦਰ।ਠਾਢਿ–ਠੰਢ (ਸ਼ਾਂਤੀ)।ਚਿਤਿ–ਚਿਤ ਵਿਚ।ਨਾਇ–ਨਾਮ।ਮੰਨਿ–ਮਨ ਵਿਚ।ਆਪੁ–ਆਪਾ ਭਾਵ।ਗਵਾਇਐ–ਗੁਆ ਲੈਣ ਨਾਲ।ਮਤਿ–ਅਕਲ।ਥੋਕ–ਪਦਾਰਥ।ਖਸਮੁ–ਮਾਲਕ।ਛਾਇਐ–ਛਾਂ ਹੇਠ (ਆਸਰੇ)।੮।

ਸਲੋਕ ਮਃ ੫ ॥ ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ, ਮੰਝਿ ਮੁਹਬਤਿ ਤੇਰੀ ॥ ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ,ਹਰਿ ਨਾਨਕ ਤੁਲਹਾ ਬੇੜੀ ॥੧॥ (ਹੇ ਪਤੀ ਪ੍ਰਭੂ!) ਮੇਰੇ ਹਿਰਦੇ ਅੰਦਰ ਤੇਰਾ ਪ੍ਰੇਮ ਹੈ, (ਇਸ ਕਰਕੇ ਸੰਸਾਰ ਰੂਪ) ਨਦੀ ਵਿਚ ਤਰਦਿਆਂ ਮੇਰਾ ਮਨ ਰੂਪ ਪੈਰ (ਮੋਹ ਰੂਪ ਚਿੱਕੜ ਵਿਚ) ਨਹੀਂ ਖੁਭਦਾ ਹੈ।ਹੇ ਪਤੀ ਪ੍ਰਭੂ! ਤੇਰੇ ਚਰਨਾਂ ਨਾਲ ਮੇਰਾ ਹਿਰਦਾ ਸਿਉਂਤਾ ਗਿਆ ਹੈ, ਹੇ ਹਰੀ! (ਸੰਸਾਰ ਰੂਪ ਨਦੀ ਤੋਂ ਪਾਰ ਹੋਣ ਲਈ ਤੇਰਾ ਨਾਮ ਹੀ) ਨਾਨਕ ਦਾ ਤੁਲਹਾ ਹੈਂ ਅਤੇ (ਨਾਮ ਹੀ) ਬੇੜੀ ਹੈਂ।੧।

ਮਃ ੫ ॥ ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ, ਮਿਤ੍ਰ ਅਸਾਡੜੇ ਸੇਈ ॥ ਹਉ ਢੂਢੇਦੀ ਜਗੁ ਸਬਾਇਆ, ਜਨ ਨਾਨਕ ਵਿਰਲੇ ਕੇਈ ॥੨॥ ਜਿਨ੍ਹਾਂ (ਪੁਰਖਾਂ) ਦੇ ਦਰਸ਼ਨ ਕੀਤਿਆਂ ਖੋਟੀ ਮੱਤ ਦੂਰ ਚਲੇ ਜਾਂਦੀ ਹੈ, ਉਹ ਹੀ ਸਾਡੇ ਸੱਚੇ ਮਿਤ੍ਰ ਹਨ।ਮੈ ਸਾਰਾ ਜਗਤ ਢੂੰਢਦੀ ਹਾਂ, ਨਾਨਕ ਗੁਰੂ ਜੀ ਆਖਦੇ ਹਨ (ਕਿ ਹਰੀ ਦੇ ਅਜੇਹੇ) ਸੇਵਕ ਕੋਈ ਵਿਰਲੇ ਹੀ (ਮਿਲਦੇ) ਹਨ।੨।

ਪਉੜੀ ॥ ਆਵੈ ਸਾਹਿਬੁ ਚਿਤਿ, ਤੇਰਿਆ ਭਗਤਾ ਡਿਠਿਆ ॥ ਮਨ ਕੀ ਕਟੀਐ ਮੈਲੁ ,ਸਾਧ ਸੰਗਿ ਵੁਠਿਆ ॥ ਜਨਮ ਮਰਣ ਭਉ ਕਟੀਐ, ਜਨ ਕਾ ਸਬਦੁ ਜਪਿ ॥ ਬੰਧਨ ਖੋਲਨਿ੍ ਸੰਤ, ਦੂਤ ਸਭਿ ਜਾਹਿ ਛਪਿ ॥ ਤਿਸੁ ਸਿਉ ਲਾਇਨਿ੍ ਰੰਗੁ ,ਜਿਸ ਦੀ ਸਭ ਧਾਰੀਆ ॥ ਊਚੀ ਹੂੰ ਊਚਾ ਥਾਨੁ ,ਅਗਮ ਅਪਾਰੀਆ ॥ ਰੈਣਿ ਦਿਨਸੁ ਕਰ ਜੋੜਿ, ਸਾਸਿ ਸਾਸਿ ਧਿਆਈਐ ॥ ਜਾ ਆਪੇ ਹੋਇ ਦਇਆਲੁ ,ਤਾ ਭਗਤ ਸੰਗੁ ਪਾਈਐ ॥੯॥ ਹੇ ਮਾਲਕ ਪ੍ਰਭੂ ! ਤੇਰੇ ਭਗਤਾਂ ਦੇ ਦਰਸ਼ਨ ਕੀਤਿਆਂ ਤੂੰ ਚਿਤ ਵਿਚ ਯਾਦ ਆਉਂਦਾ ਹੈਂ ।ਸਾਧ ਸੰਗਤ ਵਿਚ ਵਸਣ ਨਾਲ ਮਨ ਦੀ ਮੈਲ ਕੱਟੀ ਜਾਂਦੀ ਹੈ।ਭਗਤ ਜਨਾਂ ਦੇ ਦਿਤੇ ਉਪਦੇਸ਼ ਨੂੰ ਜਪ ਕੇ ਜਨਮ ਮਰਣ ਦਾ ਡਰ ਕੱਟਿਆ ਜਾਂਦਾ ਹੈ।ਸੰਤ (ਮੋਹ ਮਾਇਆ ਦੇ) ਬੰਧਨ ਖੋਲ੍ਹ ਦੇਂਦੇ ਹਨ, (ਸੰਤ ਗੁਰੂ ਦੀ ਕ੍ਰਿਪਾ ਨਾਲ ਕਾਮਾਦਿਕ) ਸਾਰੇ ਬੈਰੀ ਛਿਪ ਜਾਂਦੇ ਹਨ।(ਸਾਰੀ ਸ੍ਰਿਸਟੀ) ਜਿਸ ਪ੍ਰਭੂ ਦੀ ਟਿਕਾ ਕੇ ਰੱਖੀ ਹੋਈ ਹੈ, (ਸੰਤ ਜਨ) ਉਸ ਨਾਲ ਪ੍ਰੇਮ ਲਵਾ ਦੇਂਦੇ ਹਨ।(ਜਿਸ ਪ੍ਰਭੂ ਦਾ ਸੱਚਖੰਡ ਰੂਪ) ਅਸਥਾਨ ਉਚੇ ਤੋਂ ਉਚਾ, (ਮਨ ਬਾਣੀ ਦੀ) ਪਹੁੰਚ ਤੋਂ ਪਰੇ ਅਤੇ ਬੇਅੰਤ ਹੈ।(ਉਸ ਨੂੰ) ਦਿਨ ਰਾਤ ਹੱਥ ਜੋੜ ਕੇ ਸੁਆਸ ਸੁਆਸ ਧਿਆਉਣਾ ਚਾਹੀਦਾ ਹੈ।ਜਦੋਂ ਪ੍ਰਭੂ ਆਪੇ ਦਿਆਲ ਹੁੰਦਾ ਹੈ ਤਾਂ ਭਗਤਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ।੯।

ਪਦਾਰਥ = ਤਰੰਦੜੀ–ਤਰਦਿਆਂ।ਮੈਡਾ–ਮੇਰਾ।ਖੋਜੁ–ਪੈਰ।ਨ ਖੁੰਭੈ–ਨਹੀਂ ਖੁਭਦਾ (ਧਸਦਾ)।ਮੰਝਿ–ਮੇਰੇ ਅੰਦਰ।ਮੁਹਬਤਿ–ਪ੍ਰੇਮ। ਤਉ–ਤੇਰੇ।ਸਹ–ਪਤੀ ਪ੍ਰਭੂ।ਹੀਅੜਾ–ਹਿਰਦਾ।ਸੀਤਮੁ–ਸਿਉਂਤਾ ਗਿਆ ਹੈ।ਤੁਲਹਾ–ਨਦੀ ਪਾਰ ਕਰਨ ਲਈ ਰੱਸਿਆਂ ਨਾਲ ਲੱਕੜਾਂ ਦਾ ਬੰਨ੍ਹਿਆ ਬੇੜਾ।੧।ਦਿਸੰਦੜਿਆ–ਦੇਖਦਿਆਂ (ਦਰਸ਼ਨ ਕੀਤਿਆਂ)।ਦੁਰਮਤਿ–ਖੋਟੀ ਮੱਤ।ਵੰਞੈ–ਚਲੇ ਜਾਂਦੀ ਹੈ।ਅਸਾਡੜੇ–ਸਾਡੇ ।ਸੇਈ–ਉਹ ਹੀ।ਹਉ–ਮੈਂ।ਸਬਾਇਆ–ਸਾਰਾ।ਕੇਈ–ਕੋਈ।੨।ਪਉੜੀ।ਚਿਤਿ–ਚਿਤ ਵਿਚ।ਵੁਠਿਆ–ਵਸਣ ਨਾਲ।ਜਨ ਕਾ–ਭਗਤਾਂ ਜਨਾਂ ਦਾ।ਦੂਤ–ਬੈਰੀ।ਛਪਿ–ਲੁਕ ਜਾਂਦੇ ਹਨ।ਸਿਉ–ਨਾਲ।ਰੰਗੁ–ਪ੍ਰੇਮ।ਧਾਰੀਆ–ਟਿਕਾਈ ਹੋਈ ਹੈ।ਅਗਮ–ਪਹੁੰਚ ਤੋਂ ਪਰੇ।ਅਪਾਰੀਆ–ਬੇਅੰਤ।ਰੈਣਿ–ਰਾਤ।ਕਰ–ਹੱਥ।ਜਾ–ਜਦੋਂ।ਤਾ–ਤਾਂ; ਤਦੋਂ।ਸੰਗੁ–ਸੰਗਤ; ਮਿਲਾਪ।੯।

ਸਲੋਕ ਮਃ ੫ ॥ ਬਾਰਿ ਵਿਡਾਨੜੈ ਹੁੰਮਸ ਧੁੰਮਸ, ਕੂਕਾ ਪਈਆ ਰਾਹੀ ॥ ਤਉ ਸਹ ਸੇਤੀ ਲਗੜੀ ਡੋਰੀ, ਨਾਨਕ ਅਨਦ ਸੇਤੀ ਬਨੁ ਗਾਹੀ ॥੧॥ ਓਪਰੇ ਜੰਗਲ ਵਿਚ (ਮਾਇਕ ਸੰਸਾਰ ਵਿਚ ਕੰਮਾਂ ਧੰਧਿਆਂ ਦਾ ਬੜਾ) ਸ਼ੋਰ ਸ਼ਰਾਬਾ ਹੈ, (ਸੰਸਾਰ ਦੇ) ਰਸਤਿਆਂ ਵਿਚ (ਜੀਵਨ ਬਸਰ ਕਰਨ ਵਾਲੇ ਦੁਖੀ ਜੀਵਾਂ ਦੀਆਂ) ਕੂਕਾਂ ਪੈ ਰਹੀਆਂ ਹਨ।(ਪਰ) ਹੇ ਮਾਲਕ ਪ੍ਰਭੂ ! (ਜਿਨਾਂ ਪੁਰਖਾਂ ਦੀ) ਤੇਰੇ ਨਾਲ ਪ੍ਰੀਤ ਲੱਗੀ ਹੋਈ ਹੈ, (ਉਹ ਇਸ ਸੰਸਾਰ) ਜੰਗਲ ਵਿਚੋਂ ਅਨੰਦ ਨਾਲ ਲੰਘ ਜਾਂਦੇ ਹਨ (ਸੁਖ ਮਈ ਜੀਵਨ ਗੁਜਾਰਦੇ ਹਨ)।੧।

ਦੂਜਾ ਅਰਥ = ਪਰਾਏ ਬਾਰ (ਜਮ ਦੁਆਰ) ਤੇ ਮਾਰ ਕੁੱਟ ਦਾ ਸ਼ੋਰ ਸ਼ਰਾਬਾ ਤੇ ਜਮ ਰਸਤੇ ਤੇ ਚਲਣ ਵਾਲੇ ਪਾਪੀ ਜੀਵਾਂ ਦੀਆਂ ਕੂਕਾਂ ਪੈਂਦੀਆਂ ਹਨ।ਜਿਨ੍ਹਾਂ ਦੀ ਪ੍ਰੀਤ ਹੇ ਪ੍ਰਭੂ ! ਤੇਰੇ ਨਾਲ ਲੱਗੀ ਹੈ, ਉਹ ਜੰਗਲ (ਜਮ ਮਾਰਗ) ਨੂੰ ਸੌਖੇ ਲੰਘ ਜਾਂਦੇ ਹਨ।੧।

ਮਃ ੫ ॥ ਸਚੀ ਬੈਸਕ ਤਿਨ੍ਹਾ ਸੰਗਿ, ਜਿਨ ਸੰਗਿ ਜਪੀਐ ਨਾਉ ॥ ਤਿਨ੍ ਸੰਗਿ ਸੰਗੁ ਨ ਕੀਚਈ, ਨਾਨਕ ਜਿਨਾ ਆਪਣਾ ਸੁਆਉ ॥੨॥ ਸੱਚੀ ਬੈਠਕ ਉਨ੍ਹਾਂ ਨਾਲ ਹੁੰਦੀ ਹੈ, ਜਿਨ੍ਹਾਂ ਦੀ ਸੰਗਤ ਵਿਚ (ਬੈਠ ਕੇ ਹਰੀ ਦਾ) ਨਾਉ ਜਪਿਆ ਜਾਵੇ।ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਮਨੁੱਖਾਂ ਨਾਲ ਸੰਗਤ ਨਹੀਂ ਕਰਨੀ ਚਾਹੀਦੀ, ਜਿਨ੍ਹਾਂ ਨੂੰ ਅਪਣਾ ਸੁਆਰਥ ਹੁੰਦਾ ਹੈ (ਜੋ ਖੁਦਗਰਜ ਹਨ)।੨।

ਪਉੜੀ ॥ ਸਾ ਵੇਲਾ ਪਰਵਾਣੁ ,ਜਿਤੁ ਸਤਿਗੁਰੁ ਭੇਟਿਆ ॥ ਹੋਆ ਸਾਧੂ ਸੰਗੁ ,ਫਿਰਿ ਦੂਖ ਨ ਤੇਟਿਆ ॥ ਪਾਇਆ ਨਿਹਚਲੁ ਥਾਨੁ ,ਫਿਰਿ ਗਰਭਿ ਨ ਲੇਟਿਆ ॥ ਨਦਰੀ ਆਇਆ ਇਕੁ ,ਸਗਲ ਬ੍ਰਹਮੇਟਿਆ ॥॥ ਤਤੁ ਗਿਆਨੁ ਲਾਇ ਧਿਆਨੁ ,ਦ੍ਰਿਸਟਿ ਸਮੇਟਿਆ ॥ ਸਭੋ ਜਪੀਐ ਜਾਪੁ ,ਜਿ ਮੁਖਹੁ ਬੋਲੇਟਿਆ ॥ ਹੁਕਮੇ ਬੁਝਿ ਨਿਹਾਲੁ ,ਸੁਖਿ ਸੁਖੇਟਿਆ ॥ ਪਰਖਿ ਖਜਾਨੈ ਪਾਏ, ਸੇ ਬਹੁੜਿ ਨ ਖੋਟਿਆ ॥੧੦॥ ਉਹ ਵੇਲਾ ਪ੍ਰਵਾਨ (ਸਫਲ) ਹੈ, ਜਿਸ ਵੇਲੇ (ਮਨੁੱਖ ਨੂੰ) ਸਤਿਗੁਰੂ ਮਿਲ ਪਿਆ ਹੈ।(ਜਿਸ ਮਨੁੱਖ ਨੂੰ ਗੁਰੂ) ਸਾਧੂ ਦੀ ਸੰਗਤ ਹੋ ਗਈ, ਉਹ ਫਿਰ ਦੁੱਖਾਂ ਦੇ ਅੜਿੱਕੇ ਨਹੀਂ ਚੜ੍ਹਿਆ।(ਜਿਸ ਪੁਰਖ ਨੇ) ਅਚੱਲ ਟਿਕਾਣਾ ਪਾ ਲਿਆ ਹੈ, ਫਿਰ (ਉਹ ਕਿਸੇ) ਗਰਭ ਜੂਨ ਵਿਚ ਨਹੀਂ ਪਿਆ।(ਕਿਉਂਕਿ ਉਸ ਪੁਰਖ ਨੂੰ) ਸ੍ਰਿਸਟੀ ਵਿਚ ਸਭ ਜਗ੍ਹਾ ਭਰਪੂਰ ਇਕ ਬ੍ਰਹਮ ਨਜਰ ਆਇਆ ਹੈ।(ਉਸ ਨੇ ਅਪਣੀ) ਨਜਰ ਨੂੰ ਹੋਰ ਪਾਸਿਆਂ ਤੋਂ ਸਮੇਟ ਲਿਆ ਹੈ ਅਤੇ ਹਰੀ ਨਾਲ ਧਿਆਨ ਜੋੜ ਕੇ ਆਤਮ ਗਿਆਨ ਹਾਸਲ ਕਰ ਲਿਆ ਹੈ।ਜਿਹੜਾ (ਕੁਝ ਵੀ ਉਸ ਦੇ) ਮੂੰਹੋਂ ਬੋਲਿਆ ਜਾਂਦਾ ਹੈ, ਉਹ ਸਭ ਹਰੀ ਦਾ ਜਾਪ ਹੀ ਜਪਿਆ ਜਾਂਦਾ ਹੈ।(ਉਹ ਪ੍ਰਭੂ ਦੇ) ਹੁਕਮ ਨੂੰ ਬੁਝ ਕੇ ਖੁਸ਼ ਰਹਿੰਦਾ ਹੈ ਅਤੇ ਸੁਖ ਵਿਚ ਸੁਖ ਨਾਲ ਭਰਪੂਰ ਰਹਿੰਦਾ ਹੈ।(ਅਜੇਹੇ ਪੁਰਖ ਪ੍ਰਭੂ ਨੇ) ਪਰਖ ਕੇ ਅਪਣੇ ਖਜਾਨੇ ਵਿਚ ਪਾਏ ਹਨ, ਉਹ ਮੁੜ ਖੋਟੇ ਨਹੀਂ ਹੁੰਦੇ (ਗਰਭ ਅਗਨ ਵਿਚ ਨਹੀਂ ਪੈਂਦੇ)।੧੦।

ਪਦਾਰਥ = ਬਾਰਿ ਵਿਡਾਨੜੈ–ਓਪਰੇ (ਨਾਵਾਕਿਫ) ਜੰਗਲ ਵਿਚ; ਪਰਾਏ ਜਮਰਾਜ ਦੇ ਬੂਹੇ ਅੱਗੇ; ਮਾਇਆ ਵਾਲੇ ਪਾਸੇ।ਹੁੰਮਸ–ਹੁੰਮ (ਸੂਲਾਂ ਵਾਂਗ ਚੁਭਣ ਵਾਲਾ ਵੱਟ, ਜਿਵੇਂ ਭਾਦੋਂ ਦੇ ਮਹੀਨੇ ਹੁੰਦਾ ਹੈ)।ਧੁੰਮਸ–ਧੂਏਂ ਵਾਲਾ ਹਨ੍ਹੇਰਾ (ਹੁੰਮਸ ਧੁੰਮਸ–ਸ਼ੋਰ ਸ਼ਰਾਬਾ;

ਰੌਲਾ ਰੱਪਾ)।ਕੂਕਾ-ਚੀਕਾਂ।ਰਾਹੀ-ਰਸਤਿਆਂ ਵਿਚ।ਤਉ ਸੇਤੀ-ਤੇਰੇ ਨਾਲ।ਸਹ-ਹੇ ਮਾਲਕ ਪ੍ਰਭੂ!।ਡੋਰੀ-ਲਗਨ; ਪ੍ਰੇਮ ਬੰਧਨ; ਪ੍ਰੀਤ।ਬਨੁ-ਜੰਗਲ (ਸੰਸਾਰ)।ਗਾਹੀ-ਲੰਘ ਜਾਂਦੇ ਹਨ।੧।ਸਚੀ-ਸਦਾ ਰਹਿਣ ਵਾਲੀ।ਬੈਸਕ-ਬੈਠਕ।ਤਿਨ੍ਹਾ ਸੰਗਿ-ਉਨ੍ਹਾਂ ਨਾਲ।ਨ ਕੀਚਈ-ਨਹੀਂ ਕਰਨੀ ਚਾਹੀਦੀ।ਸੁਆਉ-ਸੁਆਰਥ।੨।ਪਉੜੀ।ਸਾ ਵੇਲਾ-ਉਹ ਸਮਾਂ।ਜਿਤੁ-ਜਿਸ (ਸਮੇਂ)।ਭੇਟਿਆ-ਮਿਲਿਆ।ਫਿਰਿ-ਮੁੜ ਕੇ।ਤੇਟਿਆ-ਅੜਿੱਕੇ ਨਹੀਂ ਚੜ੍ਹਿਆ; ਨੇੜੇ ਨਹੀਂ ਢੁਕਿਆ।ਨਿਹਚਲੁ ਥਾਨੁ-ਪੱਕਾ ਟਿਕਾਣਾ।ਗਰਭਿ-ਜੋਨੀਆਂ ਵਿਚ।ਨ ਲੇਟਿਆ-ਨਹੀਂ ਪਿਆ।ਸਗਲ ਬ੍ਰਹਮੇਟਿਆ-ਸਰਬ ਵਿਆਪਕ ਬ੍ਰਹਮ; ਸਭ ਜਗ੍ਹਾ ਭਰਪੂਰ ਪ੍ਰਭੂ।ਤਤੁ ਗਿਆਨੁ-ਆਤਮ ਗਿਆਨ।ਦ੍ਰਿਸਟਿ-ਨਜਰ।ਸਮੇਟਿਆ-ਸਮੇਟ (ਸੰਕੋਚ) ਲਿਆ।ਬੋਲੇਟਿਆ-ਬੋਲਿਆ ਜਾਂਦਾ ਹੈ।ਨਿਹਾਲੁ-ਪ੍ਰਸੰਨ।ਸੁਖੇਟਿਆ-ਸੁਖ ਨਾਲ ਭਰਪੂਰ।ਪਰਖਿ-ਪਰਖ ਕੇ।ਸੇ-ਉਹ।ਬਹੁੜਿ-ਮੁੜ ਕੇ।ਖੋਟਿਆ-ਖੋਟੇ।੧੦।

ਸਲੋਕੁ ਮਃ ੫ ॥ ਵਿਛੋਹੇ ਜੰਬੂਰ, ਖਵੇ ਨ ਵੰਞਨਿ ਗਾਖੜੇ ॥ ਜੇ ਸੋ ਧਣੀ ਮਿਲੰਨਿ, ਨਾਨਕ ਸੁਖ ਸੰਬੂਹ ਸਚੁ ॥੧॥ (ਪ੍ਰੇਮੀਆਂ ਲਈ ਹਰੀ ਦੇ) ਵਿਛੋੜੇ ਦੇ ਦੁਖ ਜੰਬੂਰਾਂ (ਦੇ ਜਖਮਾਂ) ਵਰਗੇ ਹਨ, ਜੋ ਸਹਾਰੇ ਨਹੀਂ ਜਾਂਦੇ ਅਤੇ (ਉਹ ਸਹਾਰਨੇ) ਬਹੁਤ ਔਖੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਉਹ ਮਾਲਕ ਪ੍ਰਭੂ ਜੀ ਮਿਲ ਪੈਣ, ਤਾਂ ਸੱਚਮੁਚ ਸਮੂਹ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।੧।

ਅੰਗ ੫੨੧ = ਮਃ ੫ ॥ ਜਿਮੀ ਵਸੰਦੀ ਪਾਣੀਐ, ਈਧਣੁ ਰਖੈ ਭਾਹਿ ॥ ਨਾਨਕ ਸੋ ਸਹੁ ਆਹਿ, ਜਾ ਕੈ ਆਢਲਿ ਹਭ ਕੋ ॥੨॥ (ਹੇ ਭਾਈ! ਵਾਹਿਗੁਰੂ ਦੇ ਭੈ ਕਰਕੇ) ਜਮੀਨ ਪਾਣੀ ਵਿਚ ਵਸਦੀ (ਟਿਕੀ ਹੋਈ) ਹੈ ਅਤੇ ਲੱਕੜੀ ਅੱਗ ਨੂੰ (ਅਪਣੇ ਅੰਦਰ ਲੁਕਾ ਕੇ) ਰੱਖਦੀ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਇਸੇ ਤਰ੍ਹਾਂ) ਉਹ ਪ੍ਰਭੂ ਮਾਲਕ ਹੈ, (ਜੋ ਸਭ ਦੇ ਅੰਦਰ ਮੌਜੂਦ ਹੈ) ਅਤੇ ਜਿਸ ਦੇ ਆਸਰੇ ਸਭ ਕੋਈ ਹੈ।੨।

ਪਉੜੀ ॥ ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥ ਸੋਈ ਵਰਤੈ ਜਗਿ, ਜਿ ਕੀਆ ਤੁਧੁ ਧੁਰੇ ॥ ਬਿਸਮੁ ਭਏ ਬਿਸਮਾਦ, ਦੇਖਿ ਕੁਦਰਤਿ ਤੇਰੀਆ ॥ ਸਰਣਿ ਪਰੇ ਤੇਰੀ ਦਾਸ, ਕਰਿ ਗਤਿ ਹੋਇ ਮੇਰੀਆ ॥ ਤੇਰੈ ਹਥਿ ਨਿਧਾਨੁ ,ਭਾਵੈ ਤਿਸੁ ਦੇਹਿ ॥ ਜਿਸ ਨੋ ਹੋਇ ਦਇਆਲੁ ,ਹਰਿ ਨਾਮੁ ਸੇਇ ਲੇਹਿ ॥ ਅਗਮ ਅਗੋਚਰ ਬੇਅੰਤ, ਅੰਤੁ ਨ ਪਾਈਐ ॥ ਜਿਸ ਨੋ ਹੋਹਿ ਕ੍ਰਿਪਾਲੁ ,ਸੁ ਨਾਮੁ ਧਿਆਈਐ ॥੧੧॥ (ਹੇ ਪ੍ਰਭੂ!) ਤੇਰੇ ਕੀਤੇ ਕੰਮ ਤੇਰੇ ਹੀ ਗੋਚਰੇ ਹਨ (ਜੋ ਕੰਮ ਤੂੰ ਕੀਤੇ ਹਨ, ਉਹ ਤੂੰ ਹੀ ਕਰ ਸਕਦਾ ਹੈਂ, ਹੋਰ ਕੋਈ ਨਹੀਂ)।ਜਗਤ ਵਿਚ ਉਹੋ ਕੁਝ ਵਰਤਦਾ ਹੈ, ਜਿਹੜਾ ਤੂੰ ਧੁਰ ਤੋਂ ਹੁਕਮ ਕੀਤਾ ਹੈ।ਤੇਰੀ ਅਸਚਰਜ ਤਾਕਤ ਦੇਖ ਕੇ ਅਸੀਂ ਵਿਸਮਾਦ (ਮਸਤ) ਹੋ ਰਹੇ ਹਾਂ।(ਅਸੀਂ) ਦਾਸ ਤੇਰੀ ਸ਼ਰਣ ਵਿਚ ਪਏ ਹਾਂ, (ਮੇਰੇ ਤੇ ਕ੍ਰਿਪਾ) ਕਰ ਤਾਂ ਕਿ ਮੇਰੀ ਮੁਕਤੀ ਹੋ ਜਾਵੇ।(ਹੇ ਪ੍ਰਭੂ! ਇਹ ਮੁਕਤੀ ਦਾ) ਖਜਾਨਾ ਤੇਰੇ ਹੱਥ ਵਿਚ ਹੈ, (ਪਰ ਜੋ ਮਨੁੱਖ ਤੈਨੂੰ) ਚੰਗਾ ਲਗਦਾ ਹੈ, ਉਸ ਨੂੰ ਦੇਂਦਾ ਹੈਂ।ਜਿਸ ਉਤੇ (ਤੂੰ) ਦਿਆਲ ਹੋਵੇਂ, ਹੇ ਹਰੀ! ਉਹ ਹੀ ਤੇਰਾ ਨਾਮ ਪ੍ਰਾਪਤ ਕਰਦਾ ਹੈ।(ਤੂੰ) ਮਨ ਬਾਣੀ ਦੀ ਪਹੁੰਚ ਤੋਂ ਪਰੇ, ਇੰਦ੍ਰੀਆਂ ਦੇ ਵਿਸ਼ਿਆਂ ਤੋਂ ਰਹਿਤ ਤੇ ਬੇਅੰਤ ਹੈਂ, (ਤੇਰਾ) ਅੰਤ ਨਹੀਂ ਪਾਇਆ ਜਾ ਸਕਦਾ।ਜਿਸ ਉਤੇ ਤੂੰ ਕ੍ਰਿਪਾਲ ਹੁੰਦਾ ਹੈਂ, ਉਹ (ਤੇਰਾ) ਨਾਮ ਧਿਆਉਂਦਾ ਹੈ।੧੧।

ਪਦਾਰਥ = ਵਿਛੋਹੇ-ਵਿਛੋੜੇ (ਦੇ ਦੁੱਖ)।ਜੰਬੂਰ-ਚਿਮਟੇ ਵਰਗਾ ਇਕ ਹਥਿਆਰ, ਜਿਸ ਨਾਲ ਕੈਦੀ ਹੋਏ ਵੈਰੀ ਨੂੰ ਤਸੀਹੇ ਦੇਂਦਿਆਂ ਉਸ ਦਾ ਮਾਸ ਬੋਟੀ ਬੋਟੀ ਕਰ ਕੇ ਤੋੜਿਆ ਜਾਂਦਾ ਸੀ।ਖਵੇ ਨ ਵੰਞਨਿ-ਸਹਾਰੇ ਨਹੀਂ ਜਾਂਦੇ।ਗਾਖੜੇ-ਔਖੇ।ਸੋ-ਉਹ।ਧਣੀ-ਮਾਲਕ ਪ੍ਰਭੂ।ਸੰਬੂਹ-ਸਮੂਹ (ਸਾਰੇ)।ਸਚੁ-ਸੱਚਮੁਚ।੧।ਜਿਮੀ-ਜਮੀਨ।ਵਸੰਦੀ-ਵਸਦੀ (ਟਿਕੀ ਹੋਈ) ਹੈ।ਪਾਣੀਐ-ਪਾਣੀ ਵਿਚ।ਈਧਣੁ-ਬਾਲਣ (ਲੱਕੜੀ)।ਭਾਹਿ-ਅੱਗ।ਸੋ ਸਹੁ-ਉਹ ਮਾਲਕ ਪ੍ਰਭੂ।ਆਹਿ-ਹੈ।ਜਾ ਕੈ-ਜਿਸ ਦੇ।ਆਢਲਿ-ਆਸਰੇ।ਹਭ ਕੋ-ਸਭ ਕੋਈ।੨।ਪਉੜੀ।ਤੁਧੈ-ਤੇਰੇ ਹੀ।ਗੋਚਰੇ-ਅਧੀਨ; ਕਰਨ ਯੋਗ।ਸੋਈ-ਉਹ ਹੀ।ਜਗਿ-ਜਗਤ ਵਿਚ।ਜਿ-ਜਿਹੜਾ।ਧੁਰੇ-ਧੁਰ ਤੋਂ। ਬਿਸਮੁ-ਹੈਰਾਨ।ਬਿਸਮਾਦੁ-ਅੰਤਹਕਰਣ ਦੀ ਸਹਿਜ ਅਨੰਦ ਦੀ ਅਵਸਥਾ, ਜੋ ਆਤਮ ਰਸ ਪ੍ਰਾਪਤ ਕਰਕੇ ਹੁੰਦੀ ਹੈ।ਕੁਦਰਤਿ-ਸ਼ਕਤੀ।ਪਰੇ-ਪਏ ਹਾਂ।ਗਤਿ-ਮੁਕਤੀ; ਉਚੀ ਆਤਮਕ ਅਵਸਥਾ।ਨਿਧਾਨੁ-ਖਜਾਨਾ।ਭਾਵੈ-ਚੰਗਾ ਲਗਦਾ ਹੈ।ਦੇਹਿ-ਦੇਂਦਾ ਹੈਂ। ਸੇਇ-ਉਹ।ਅਗਮ-ਮਨ ਬੁਧੀ ਦੀ ਪਹੁੰਚ ਤੋਂ ਪਰੇ।ਅਗੋਚਰ-ਜੋ ਇੰਦ੍ਰੀਆਂ ਦਾ ਵਿਸ਼ਾ ਨਹੀਂ।ਹੋਹਿ-ਹੁੰਦਾ ਹੈ।ਸੁ-ਉਹ।੧੧।

ਸਲੋਕ ਮਃ ੫ ॥ ਕੜਛੀਆ ਫਿਰੰਨ੍ਹਿ ,ਸੁਆਉ ਨ ਜਾਣਨ੍ਹਿ ਸੁਞੀਆ ॥ ਸੇਈ ਮੁਖ ਦਿਸੰਨ੍ਹਿ, ਨਾਨਕ ਰਤੇ ਪ੍ਰੇਮ ਰਸਿ ॥੧॥ (ਖਾਣਿਆਂ ਦੇ ਭਾਂਡਿਆਂ ਵਿਚ) ਕੜਛੀਆਂ ਫਿਰਦੀਆਂ ਹਨ, (ਪਰ ਉਹ ਖਾਣਿਆਂ ਦਾ) ਸੁਆਦ ਨਹੀਂ ਜਾਣਦੀਆਂ ਅਤੇ (ਸੁਆਦ ਤੋਂ) ਖਾਲੀ ਹੀ ਰਹਿੰਦੀਆਂ ਹਨ।ਹੇ ਨਾਨਕ! ਉਹ ਮੂੰਹ ਹੀ ਉਜਲ ਦਿਸਦੇ ਹਨ, ਜੋ ਪ੍ਰੇਮ ਰਸ ਵਿਚ ਰਚੇ ਹੋਏ ਹਨ।੧।

ਵਿਸ਼ੇਸ਼ = ਵਿਦਵਾਨ ਲੋਕ ਕਿਤਾਬਾਂ ਪੜ੍ਹ ਕੇ ਲੋਕਾਂ ਨੂੰ ਗਿਆਨ ਦੀਆਂ ਗੱਲਾਂ ਤਾਂ ਦਸਦੇ ਹਨ, ਪਰ ਆਪ ਗਿਆਨ ਤੇ ਹਰੀ ਦੇ ਪ੍ਰੇਮ ਰਸ ਤੋਂ ਖਾਲੀ ਰਹਿੰਦੇ ਹਨ।ਜਾਂ ਜਿਵੇਂ ਕੜਛੀਆਂ ਖਾਣਿਆਂ ਵਿਚ ਫਿਰਦੀਆਂ ਵੀ ਖਾਣਿਆਂ ਦੇ ਸੁਆਦ ਤੋਂ ਅਸੰਗ ਰਹਿੰਦੀਆਂ ਹਨ,

ਤਿਵੇਂ ਗੁਰਮੁਖ ਸੰਸਾਰ ਵਿਚ ਵਿਚਰਦੇ ਹੋਏ ਵੀ ਪਦਾਰਥਾਂ ਦੇ ਸੁਆਦਾਂ ਵਿਚ ਨਹੀਂ ਫਸਦੇ।

ਮਃ ੫ ॥ ਖੋਜੀ ਲਧਮੁ ਖੋਜੁ ,ਛਡੀਆ ਉਜਾੜਿ ॥ ਤੈ ਸਹਿ ਦਿਤੀ ਵਾੜਿ, ਨਾਨਕ ਖੇਤੁ ਨ ਛਿਜਈ ॥੨॥ (ਜਿਨ੍ਹਾਂ ਕਾਮਾਦਿਕ ਵਿਕਾਰਾਂ ਨੇ ਮੇਰੀ ਸ਼ੁੱਭ ਗੁਣਾਂ ਦੀ ਖੇਤੀ) ਉਜਾੜ ਛਡੀ ਸੀ, ਮੈਂ ਖੋਜੀ (ਗੁਰੂ) ਦੁਆਰਾ (ਉਨ੍ਹਾਂ ਦਾ) ਖੁਰਾ ਖੋਜ ਲੱਭ ਲਿਆ ਹੈ (ਗੁਰੂ ਤੋਂ ਗਿਆਨ ਮਿਲ ਗਿਆ ਕਿ ਕਿਵੇਂ ਪਾਪ ਸ਼ੁੱਭ ਗੁਣਾਂ ਦੀ ਖੇਤੀ ਨੂੰ ਉਜਾੜਦੇ ਸਨ?)।ਤੂੰ ਮਾਲਕ ਨੇ (ਮੇਰੀ ਖੇਤੀ ਨੂੰ ਗੁਰੂ ਦੀ ਮੱਤ ਰੂਪ) ਵਾੜ ਦੇ ਦਿਤੀ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਹੁਣ ਵਿਕਾਰਾਂ ਦੇ ਹੱਥੋਂ ਮੇਰਾ) ਖੇਤ ਨਾਸ਼ ਨਹੀਂ ਹੋਵੇਗਾ।੨।

ਪਉੜੀ ॥ ਆਰਾਧਿਹੁ ਸਚਾ ਸੋਇ, ਸਭੁ ਕਿਛੁ ਜਿਸੁ ਪਾਸਿ ॥ ਦੁਹਾ ਸਿਰਿਆ ਖਸਮੁ ਆਪਿ, ਖਿਨ ਮਹਿ ਕਰੇ ਰਾਸਿ ॥ ਤਿਆਗਹੁ ਸਗਲ ਉਪਾਵ, ਤਿਸ ਕੀ ਓਟ ਗਹੁ ॥ ਪਉ ਸਰਣਾਈ ਭਜਿ, ਸੁਖੀ ਹੂੰ ਸੁਖ ਲਹੁ ॥ ਕਰਮ ਧਰਮ ਤਤੁ ਗਿਆਨੁ ,ਸੰਤਾ ਸੰਗੁ ਹੋਇ ॥ ਜਪੀਐ ਅੰਮ੍ਰਿਤ ਨਾਮੁ ,ਬਿਘਨੁ ਨ ਲਗੈ ਕੋਇ ॥ ਜਿਸ ਨੋ ਆਪਿ ਦਇਆਲੁ ,ਤਿਸੁ ਮਨਿ ਵੁਠਿਆ ॥ ਪਾਈਅਨ੍ਹਿ ਸਭਿ ਨਿਧਾਨ, ਸਾਹਿਬਿ ਤੁਠਿਆ ॥੧੨॥ (ਹੇ ਭਾਈ!) ਉਸ ਸੱਚੇ ਪ੍ਰਭੂ ਨੂੰ ਸਿਮਰੋ, ਜਿਸ ਦੇ ਪਾਸ ਸਭ ਕੁਛ ਹੈ।ਦੋਹਾਂ ਸਿਰਿਆਂ (ਜਨਮ ਮਰਣ ਜਾਂ ਲੋਕ ਪ੍ਰਲੋਕ) ਦਾ ਆਪ ਮਾਲਕ ਹੈ, ਉਹ ਇਕ ਖਿਨ ਵਿਚ (ਬਿਗੜੇ ਕੰਮ) ਠੀਕ ਕਰ ਦਿੰਦਾ ਹੈ।ਸਾਰੇ ਜਤਨ ਛਡ ਦਿਓ, (ਉਸ ਪ੍ਰਭੂ ਦੀ) ਓਟ ਪਕੜੋ।ਭੱਜ ਕੇ (ਉਸ ਦੀ) ਸ਼ਰਣ ਵਿਚ ਪਵੋ ਅਤੇ ਸੁਖਾਂ ਵਿਚੋਂ ਸ੍ਰੇਸਟ ਸੁਖ ਲੈ ਲਵੋ।ਸੰਤਾਂ ਦਾ ਸੰਗ ਪ੍ਰਾਪਤ ਹੋ ਜਾਵੇ ਤਾਂ ਕਰਮ ਧਰਮ ਅਤੇ ਆਤਮ ਗਿਆਨ ਮਿਲ ਜਾਂਦਾ ਹੈ।ਜੇ ਅੰਮ੍ਰਿਤ ਨਾਮ ਜਪੀਏ ਤਾਂ ਕੋਈ ਬਿਘਨ ਨਹੀਂ ਲਗਦਾ।ਜਿਸ ਉਤੇ ਪ੍ਰਭੂ ਆਪ ਦਿਆਲ ਹੁੰਦਾ ਹੈ, ਉਸ ਦੇ ਮਨ ਵਿਚ ਆ ਵਸਦਾ ਹੈ।ਮਾਲਕ ਪ੍ਰਭੂ ਦੇ ਪ੍ਰਸੰਨ ਹੋਇਆਂ ਸਾਰੇ ਖਜਾਨੇ ਪਾ ਲਈਦੇ ਹਨ।੧੨।

ਪਦਾਰਥ = ਫਿਰੰਨਿ੍–ਫਿਰਦੀਆਂ ਹਨ।ਸੁਆਉ–ਸੁਆਦ।ਸੁਞੀਆ–ਖਾਲੀ।ਸੇਈ–ਉਹ ਹੀ।ਦਿਸੰਨਿ੍–ਦਿਸਦੇ ਹਨ।ਰਤੇ–ਰਚੇ ਹੋਏ ਹਨ।੧।ਖੋਜੀ–ਪੈਰਾਂ ਦੇ ਨਿਸ਼ਾਨ ਲੱਭਣ ਵਾਲਾ (ਪੈੜੂ)।ਲਧਮੁ–ਲੱਭ ਲਿਆ।ਖੋਜੁ–ਜਮੀਨ ਉਪਰ ਪਏ ਪੈਰਾਂ ਦੇ ਨਿਸ਼ਾਨ।ਸਹਿ–ਮਾਲਕ ਨੇ।ਨ ਛਿਜਈ–ਨਾਸ਼ ਨਹੀਂ ਹੋਵੇਗਾ।੨।ਪਉੜੀ।ਆਰਾਧਿਹੁ–ਸਿਮਰੋ।ਸਚਾ ਸੋਇ–ਉਸ ਸੱਚੇ ਪ੍ਰਭੂ ਨੂੰ।ਦੁਹਾ ਸਿਰਿਆ–ਦੋਹਾਂ ਪਾਸਿਆਂ (ਜਨਮ ਮਰਣ; ਲੋਕ ਪ੍ਰਲੋਕ) ਦਾ।ਖਸਮੁ–ਮਾਲਕ।ਕਰੇ ਰਾਸਿ–ਠੀਕ ਕਰ ਦੇਂਦਾ ਹੈ।ਸਗਲ–ਸਾਰੇ।ਉਪਾਵ–ਜਤਨ। ਗਹੁ–ਪਕੜੋ।ਪਉ–ਪਵੋ।ਭਜਿ–ਦੌੜ ਕੇ।ਸੁਖੀ ਹੂੰ ਸੁਖ–ਸੁੱਖਾਂ ਵਿਚੋਂ ਸ੍ਰੇਸਟ ਸੁਖ।ਲਹੁ–ਲੈ ਲਵੋ।ਤਤੁ ਗਿਆਨੁ–ਆਤਮ ਗਿਆਨ। ਮਨਿ–ਮਨ ਵਿਚ।ਵੁਠਿਆ–ਵਸਦਾ ਹੈ।ਨਿਧਾਨ–ਖਜਾਨੇ।ਸਾਹਿਬਿ ਤੁਠਿਆ–ਮਾਲਕ ਪ੍ਰਭੂ ਦੇ ਪ੍ਰਸੰਨ ਹੋਇਆਂ।੧੨।

ਸਲੋਕ ਮਃ ੫ ॥ ਲਧਮੁ ਲਭਣਹਾਰੁ ,ਕਰਮੁ ਕਰੰਦੋ ਮਾ ਪਿਰੀ ॥ ਇਕੋ ਸਿਰਜਣਹਾਰੁ ,ਨਾਨਕ ਬਿਆ ਨ ਪਸੀਐ ॥੧॥ (ਹੇ ਭਾਈ!) ਮੇਰਾ ਪਿਆਰਾ ਪ੍ਰਭੂ ਮੇਹਰ ਕਰਨ ਵਾਲਾ ਹੈ (ਜਿਸ ਦੀ ਮੇਹਰ ਨਾਲ ਮੈਂ) ਲੱਭਣ ਯੋਗ ਹਰੀ ਨੂੰ ਲੱਭ ਲਿਆ ਹੈ।ਇਕੋ ਪ੍ਰਭੂ ਸਭ ਨੂੰ ਪੈਦਾ ਕਰਨ ਵਾਲਾ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ ਵਰਗਾ ਕੋਈ ਹੋਰ) ਦੂਜਾ ਨਹੀਂ ਦੇਖੀਦਾ।੧।

ਮਃ ੫ ॥ ਪਾਪੜਿਆ ਪਛਾੜਿ, ਬਾਣੁ ਸਚਾਵਾ ਸੰਨ੍ਹਿ ਕੈ ॥ ਗੁਰ ਮੰਤ੍ਰੜਾ ਚਿਤਾਰਿ, ਨਾਨਕ ਦੁਖੁ ਨ ਥੀਵਈ ॥੨॥ (ਹੇ ਭਾਈ!) ਸੱਚ ਵਾਲਾ (ਨਾਮ ਦਾ) ਤੀਰ ਖਿੱਚ ਕੇ ਮਾਰ ਤੇ ਪਾਪਾਂ ਨੂੰ ਪਟਕਾ ਕੇ ਮਾਰ ਦੇ।ਨਾਨਕ ਜੀ ਆਖਦੇ ਹਨ (ਕਿ ਤੂੰ) ਗੁਰੂ ਦਾ ਮੰਤ੍ਰ ਚੇਤੇ ਕਰ, (ਫਿਰ ਤੈਨੂੰ ਕਿਸੇ ਪ੍ਰਕਾਰ ਦਾ) ਦੁੱਖ ਨਹੀਂ ਹੋਵੇਗਾ (ਸਦਾ ਸੁਖੀ ਰਹੇਂਗਾ)।੨।

ਪਉੜੀ ॥ ਵਾਹੁ ਵਾਹੁ ਸਿਰਜਣਹਾਰ, ਪਾਈਅਨੁ ਠਾਢਿ ਆਪਿ ॥ ਜੀਅ ਜੰਤ ਮਿਹਰਵਾਨੁ ,ਤਿਸ ਨੋ ਸਦਾ ਜਾਪਿ ॥ ਦਇਆ ਧਾਰੀ ਸਮਰਥਿ, ਚੁਕੇ ਬਿਲ ਬਿਲਾਪ ॥ ਨਠੇ ਤਾਪ ਦੁਖ ਰੋਗ, ਪੂਰੇ ਗੁਰ ਪ੍ਰਤਾਪਿ ॥ ਕੀਤੀਅਨੁ ਆਪਣੀ ਰਖ, ਗਰੀਬ ਨਿਵਾਜਿ ਥਾਪਿ ॥ ਆਪੇ ਲਇਅਨੁ ਛਡਾਇ, ਬੰਧਨ ਸਗਲ ਕਾਪਿ ॥ ਤਿਸਨ ਬੁਝੀ ਆਸ ਪੁੰਨੀ, ਮਨ ਸੰਤੋਖਿ ਧ੍ਰਾਪਿ ॥ ਵਡੀ ਹੂੰ ਵਡਾ ਅਪਾਰ ਖਸਮੁ ,ਜਿਸੁ ਲੇਪੁ ਨ ਪੁੰਨਿ ਪਾਪਿ ॥੧੩॥ (ਹੇ ਭਾਈ!) ਸਭ ਨੂੰ ਪੈਦਾ ਕਰਨ ਵਾਲਾ ਹਰੀ ਧੰਨ ਧੰਨ ਹੈ, ਜਿਸ ਨੇ (ਸੇਵਕਾਂ ਦੇ ਮਨ ਵਿਚ) ਆਪ ਠੰਢ ਪਾਈ ਹੈ।ਉਸ ਪ੍ਰਭੂ ਨੂੰ ਸਦਾ ਜਪ, ਜੋ ਜੀਵਾਂ ਜੰਤਾਂ ਤੇ ਮਿਹਰਵਾਨ ਹੈ।ਸਮਰੱਥ ਪ੍ਰਭੂ ਨੇ ਦਇਆ ਕੀਤੀ ਤਾਂ ਸਾਰੇ ਰੋਣੇ ਧੋਣੇ ਮੁਕ ਗਏ।ਪੂਰੇ ਗੁਰੂ ਦੇ ਤੇਜ ਪ੍ਰਤਾਪ ਨਾਲ ਤਿੰਨੇ (ਆਧਿ, ਬਿਆਧ ਤੇ ਉਪਾਧ) ਤਾਪ, ਦੁਖ ਤੇ ਰੋਗ ਨੱਠ ਗਏ।ਗੀਰਬ ਨਿਵਾਜ ਉਸ ਪ੍ਰਭੂ ਨੇ ਥਾਪਨਾ ਕਰਕੇ ਆਪ ਅਪਣੇ ਸੇਵਕਾਂ ਦੀ ਰੱਖਿਆ ਕੀਤੀ ਹੈ।(ਉਨ੍ਹਾਂ ਦੇ) ਸਾਰੇ ਬੰਧਨ ਕੱਟ ਕੇ ਉਸ ਪ੍ਰਭੂ ਨੇ ਆਪੇ (ਉਨ੍ਹਾਂ ਨੂੰ ਦੁੱਖਾਂ ਤੋਂ) ਛੁਡਾ ਲਿਆ ਹੈ।(ਉਨ੍ਹਾਂ ਦੀ) ਤ੍ਰਿਸ਼ਨਾ ਬੁਝ ਗਈ, ਆਸਾ ਪੂਰੀ ਹੋ ਗਈ ਤੇ ਮਨ ਸੰਤੋਖ ਨਾਲ ਰੱਜ ਗਿਆ।ਉਹ ਬੇਅੰਤ ਮਾਲਕ ਪ੍ਰਭੂ ਵੱਡਿਆਂ ਤੋਂ ਵੀ ਵੱਡਾ ਹੈ, ਜਿਸ ਨੂੰ ਪੁੰਨ ਤੇ ਪਾਪ ਨਾਲ ਕੋਈ ਦੋਸ਼ ਨਹੀਂ ਲਗਦਾ (ਨਿਰਲੇਪ ਹੈ)।੧੩।

ਪਦਾਰਥ = ਲਧਮੁ–ਮੈ ਲੱਭ ਲਿਆ।ਲਭਣਹਾਰੁ–ਲੱਭਣ ਯੋਗ (ਪ੍ਰਭੂ) ਨੂੰ।ਕਰਮੁ–ਮੇਹਰ।ਕਰੰਦੋ–ਕਰਨ ਵਾਲਾ ਹੈ; ਕੀਤੀ।ਮਾ ਪਿਰੀ –ਮੇਰਾ ਪਿਆਰਾ ਪ੍ਰਭੂ।ਸਿਰਜਣਹਾਰੁ–ਸਭ ਨੂੰ ਪੈਦਾ ਕਰਨ ਵਾਲਾ ਪ੍ਰਭੂ।ਬਿਆ–ਦੂਜਾ।ਨ ਪਸੀਐ–ਨਹੀਂ ਦੇਖੀਦਾ।੧।ਪਾਪੜਿਆ–

ਪਾਪਾਂ ਨੂੰ। ਪਛਾੜਿ-ਪਟਕਾ ਕੇ ਪਰ੍ਹਾਂ ਸੁੱਟ ਦੇ। ਬਾਣੁ-ਤੀਰ। ਸਚਾਵਾ-ਸੱਚ ਦਾ। ਸੰਨ੍ਹਿ ਕੈ-ਖਿੱਚ (ਤਾਣ) ਕੇ। ਮੰਤ੍ਰੜਾ-ਮੰਤ੍ਰ। ਚਿਤਾਰਿ-ਚੇਤੇ ਕਰ। ਨ ਥੀਵਈ-ਨਹੀਂ ਹੋਵੇਗਾ।੨। ਪਉੜੀ। ਵਾਹੁ ਵਾਹੁ-ਧੰਨ ਧੰਨ ਹੈ। ਪਾਈਅਨੁ-ਪਾਈ ਹੈ ਉਸ ਨੇ। ਠਾਢਿ-ਠੰਢ (ਸ਼ਾਂਤੀ)। ਤਿਸ ਨੋ-ਉਸ ਨੂੰ। ਧਾਰੀ-ਕੀਤੀ। ਸਮਰਥਿ-ਸਮਰੱਥ ਪ੍ਰਭੂ ਨੇ। ਚੂਕੇ-ਮੁੱਕ ਗਏ। ਬਿਲ ਬਿਲਾਪ-ਰੋਣੇ ਧੋਣੇ (ਵਿਆਕੁਲ ਹੋ ਕੇ ਵਿਰਲਾਪ ਕਰਨਾ)। ਪ੍ਰਤਾਪਿ-ਤੇਜ ਪ੍ਰਤਾਪ ਨਾਲ। ਕੀਤੀਅਨੁ-ਕੀਤੀ ਉਸ ਨੇ। ਰਖ-ਰੱਖਿਆ। ਗਰੀਬ ਨਿਵਾਜਿ-ਗਰੀਬਾਂ ਨੂੰ ਵੱਡਾ ਕਰਨ ਵਾਲੇ ਨੇ। ਥਾਪਿ-ਥਾਪ ਕੇ। ਲਇਅਨੁ-ਲਿਆ ਉਸ ਨੇ। ਸਗਲ-ਸਾਰੇ। ਕਾਪਿ-ਕੱਟ ਕੇ। ਤਿਸਨ-ਤ੍ਰਿਸ਼ਨਾ। ਪੁੰਨੀ-ਪੂਰੀ ਹੋ ਗਈ। ਸੰਤੋਖਿ-ਸੰਤੋਖ ਨਾਲ। ਧ੍ਰਾਪਿ-ਰੱਜ ਗਿਆ। ਅਪਾਰ-ਬੇਅੰਤ। ਖਸਮੁ-ਮਾਲਕ ਪ੍ਰਭੂ। ਲੇਪੁ-ਦੋਸ਼; ਦਾਗ।੧੩।

ਸਲੋਕ ਮਃ ੫ ॥ ਜਾ ਕਉ ਭਏ ਕ੍ਰਿਪਾਲ ਪ੍ਰਭ, ਹਰਿ ਹਰਿ ਸੇਈ ਜਪਾਤ ॥ ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ,ਭੇਟਤ ਸਾਧ ਸੰਗਾਤ ॥੧॥ (ਹੇ ਭਾਈ!) ਜਿਨ੍ਹਾਂ (ਮਨੁੱਖਾਂ) ਉਤੇ ਪ੍ਰਭੂ ਜੀ ਦਿਆਲ ਹੁੰਦੇ ਹਨ, ਉਹ ਹੀ ਹਰਿ ਹਰਿ ਨਾਮ ਜਪਦੇ ਹਨ। (ਕਿਉਂਕਿ) ਸਾਧ ਸੰਗਤ ਵਿਚ ਮਿਲਣ ਕਰਕੇ ਉਨ੍ਹਾਂ ਦੀ ਪ੍ਰੀਤ ਵਾਹਿਗੁਰੂ ਨਾਲ ਲਗੀ ਹੁੰਦੀ ਹੈ।੧।

ਮਃ ੫ ॥ ਰਾਮੁ ਰਮਹੁ ਬਡਭਾਗੀਹੋ, ਜਲਿ ਥਲਿ ਮਹੀਅਲਿ ਸੋਇ ॥ ਨਾਨਕ ਨਾਮਿ ਅਰਾਧਿਐ, ਬਿਘਨੁ ਨ ਲਾਗੈ ਕੋਇ ॥੨॥ ਹੇ ਵੱਡੇ ਭਾਗਾਂ ਵਾਲਿਓ! ਹਰੀ ਨੂੰ ਸਿਮਰੋ, ਉਹ (ਹਰੀ) ਹੀ ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ ਦੇ ਵਿਚਕਾਰ (ਸਭ ਜਗ੍ਹਾ) ਪੂਰਨ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੀ ਦਾ) ਨਾਮ ਅਰਾਧਣ ਕਰਕੇ (ਮਨੁੱਖ ਨੂੰ) ਕੋਈ ਵੀ ਬਿਘਨ ਨਹੀਂ ਲਗਦਾ।੨।

ਪਉੜੀ ॥ ਭਗਤਾ ਕਾ ਬੋਲਿਆ ਪਰਵਾਣੁ ਹੈ, ਦਰਗਹ ਪਵੈ ਥਾਇ ॥ ਭਗਤਾ ਤੇਰੀ ਟੇਕ, ਰਤੇ ਸਚਿ ਨਾਇ ॥ ਜਿਸ ਨੋ ਹੋਇ ਕ੍ਰਿਪਾਲੁ ,ਤਿਸ ਕਾ ਦੂਖੁ ਜਾਇ ॥ (ਹੇ ਭਾਈ!) ਭਗਤਾਂ ਦਾ ਬੋਲਿਆ ਬਚਨ ਮੰਨਣ ਯੋਗ ਹੁੰਦਾ ਹੈ, ਜੋ ਰੱਬੀ ਦਰਗਾਹ ਵਿਚ ਵੀ ਥਾਂਇ ਪੈਂਦਾ (ਪ੍ਰਵਾਨ ਹੁੰਦਾ) ਹੈ। (ਕਿਉਂਕਿ ਹੇ ਪ੍ਰਭੂ!) ਭਗਤਾਂ ਨੂੰ ਤੇਰੀ ਟੇਕ ਹੁੰਦੀ ਹੈ ਅਤੇ (ਉਹ) ਤੇਰੇ ਸੱਚੇ ਨਾਮ ਵਿਚ ਰੰਗੇ ਹੁੰਦੇ ਹਨ। ਜਿਸ ਉਤੇ (ਤੂੰ) ਕ੍ਰਿਪਾਲੂ ਹੁੰਦਾ ਹੈਂ, ਉਸ ਦਾ (ਹਰ ਪ੍ਰਕਾਰ ਦਾ) ਦੁੱਖ ਦੂਰ ਹੋ ਜਾਂਦਾ ਹੈ।੨।

ਅੰਗ ੫੨੨ = ਭਗਤ ਤੇਰੇ ਦਇਆਲ, ਓਨ੍ਹਾ ਮਿਹਰ ਪਾਇ ॥ ਦੂਖੁ ਦਰਦੁ ਵਡ ਰੋਗੁ ,ਨ ਪੋਹੇ ਤਿਸੁ ਮਾਇ ॥ ਭਗਤਾ ਏਹੁ ਅਧਾਰੁ ,ਗੁਣ ਗੋਬਿੰਦ ਗਾਇ ॥ ਸਦਾ ਸਦਾ ਦਿਨੁ ਰੈਣਿ, ਇਕੋ ਇਕੁ ਧਿਆਇ ॥ ਪੀਵਤਿ ਅੰਮ੍ਰਿਤ ਨਾਮੁ ਜਨ, ਨਾਮੇ ਰਹੇ ਅਘਾਇ ॥੧੪॥ ਹੇ ਦਿਆਲ ਪ੍ਰਭੂ! ਭਗਤ (ਤੇਰੇ ਬਣ ਕੇ ਰਹਿੰਦੇ) ਹਨ, ਉਨ੍ਹਾਂ ਉਤੇ (ਤੂੰ) ਮਿਹਰ ਕਰਦਾ ਹੈਂ। (ਹੇ ਪ੍ਰਭੂ ਜਿਸ ਮਨੁੱਖ ਉਤੇ ਤੂੰ ਮੇਹਰ ਕਰਦਾ ਹੈਂ) ਉਸ ਨੂੰ (ਨਾ ਮਾਨਸਕ) ਦੁਖ, (ਨਾ ਸਰੀਰਕ) ਦਰਦ, (ਨਾ ਹੰਕਾਰ ਦਾ) ਵੱਡਾ ਰੋਗ ਤੇ ਨਾ ਹੀ ਮਾਇਆ ਪੋਹ ਸਕਦੀ ਹੈ। ਭਗਤਾਂ ਦਾ ਆਸਰਾ ਇਹੋ ਹੈ, (ਜੋ ਉਹ) ਗੋਬਿੰਦ ਦੇ ਗੁਣ ਗਾਉਂਦੇ ਹਨ। (ਉਹ ਭਗਤ) ਦਿਨ ਰਾਤ ਸਦਾ ਸਦਾ ਇਕੋ ਇਕ ਪ੍ਰਭੂ ਨੂੰ ਧਿਆਉਂਦੇ ਹਨ। ਭਗਤ ਜਨ ਅੰਮ੍ਰਿਤ ਨਾਮ ਪੀਂਦੇ ਹਨ ਤੇ ਨਾਮ ਨਾਲ ਹੀ ਰੱਜੇ ਰਹਿੰਦੇ ਹਨ।੧੪।

ਪਦਾਰਥ = ਜਾ ਕਉ-ਜਿਨ੍ਹਾਂ ਉਤੇ। ਭਏ-ਹੁੰਦੇ ਹਨ। ਸੇਈ-ਉਹ ਹੀ। ਜਪਾਤ-ਜਪਦੇ ਹਨ। ਤਿਨ-ਉਨ੍ਹਾਂ ਦੀ। ਰਾਮ ਸਿਉ-ਵਾਹਿਗੁਰੂ ਨਾਲ। ਭੇਟਤ-ਮਿਲਣ ਕਰਕੇ। ਸੰਗਾਤ-ਸੰਗਤ ਵਿਚ।੧। ਰਮਹੁ-ਸਿਮਰੋ। ਬਡਭਾਗੀਹੋ-ਹੇ ਵੱਡੇ ਭਾਗਾਂ ਵਾਲਿਓ!। ਮਹੀਅਲਿ-ਧਰਤੀ ਤੇ ਅਕਾਸ਼ ਵਿਚ। ਅਰਾਧਿਐ-ਅਰਾਧਣ ਕਰਕੇ।੨। ਪਉੜੀ। ਪਰਵਾਣੁ-ਮੰਨਣ ਯੋਗ। ਪਵੈ ਥਾਇ-ਪ੍ਰਵਾਨ ਹੁੰਦਾ ਹੈ। ਰਤੇ-ਰੰਗੇ ਹਨ। ਸਚਿ ਨਾਇ-ਸੱਚੇ ਨਾਮ ਵਿਚ। ਮਿਹਰ ਪਾਇ-ਮੇਹਰ ਕਰਦਾ ਹੈਂ। ਨ ਪੋਹੇ-ਅਸਰ ਨਹੀਂ ਕਰਦਾ। ਮਾਇ-ਮਾਇਆ। ਅਧਾਰੁ-ਆਸਰਾ। ਰੈਣਿ-ਰਾਤ। ਪੀਵਤਿ-ਪੀਂਦੇ ਹਨ। ਜਨ-ਭਗਤ ਜਨ। ਨਾਮੇ-ਨਾਮ ਨਾਲ। ਰਹੇ ਅਘਾਇ-ਰੱਜੇ ਰਹਿੰਦੇ ਹਨ।੧੪।

ਸਲੋਕ ਮਃ ੫ ॥ ਕੋਟਿ ਬਿਘਨ ਤਿਸੁ ਲਾਗਤੇ, ਜਿਸ ਨੋ ਵਿਸਰੈ ਨਾਉ ॥ ਨਾਨਕ ਅਨਦਿਨੁ ਬਿਲਪਤੇ, ਜਿਉ ਸੁੰਞੈ ਘਰਿ ਕਾਉ ॥੧॥ ਉਸ ਮਨੁੱਖ ਨੂੰ ਕ੍ਰੋੜਾਂ ਬਿਘਨ ਲਗ ਜਾਂਦੇ ਹਨ, ਜਿਸ ਨੂੰ ਹਰੀ ਦਾ ਨਾਮ ਭੁੱਲ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਇਉਂ) ਹਰ ਰੋਜ ਬਿਲਕਦੇ ਹਨ ਜਿਵੇਂ ਸੁੰਨੇ ਘਰਿ ਵਿਚ ਕਾਂ ਕੁਰਲਾਉਂਦਾ ਹੈ।੧। (ਇਹ ਸਲੋਕ ੨੧ ਵੀਂ ਪਉੜੀ ਨਾਲ ਵੀ ਹੈ)।

ਮਃ ੫ ॥ ਪਿਰੀ ਮਿਲਾਵਾ ਜਾ ਥੀਐ, ਸਾਈ ਸੁਹਾਵੀ ਰੁਤਿ ॥ ਘੜੀ ਮੁਹਤੁ ਨਹ ਵੀਸਰੈ, ਨਾਨਕ ਰਵੀਐ ਨਿਤ ॥੨॥ (ਹੇ ਭਾਈ!) ਜਦੋਂ ਪਿਆਰੇ ਪ੍ਰਭੂ ਦਾ ਮਿਲਾਪ ਹੁੰਦਾ ਹੈ, ਉਹ ਹੀ ਸੋਹਣੀ ਰੁੱਤ ਹੈ। ਘੜੀ ਦੋ ਘੜੀ (ਪ੍ਰਭੂ) ਨਾ ਭੁੱਲੇ, ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ ਨੂੰ) ਨਿਤ ਸਿਮਰਨਾ ਚਾਹੀਦਾ ਹੈ।੨।

ਪਉੜੀ ॥ ਸੂਰਬੀਰ ਵਰੀਆਮ, ਕਿਨੈ ਨ ਹੋੜੀਐ ॥ ਫਉਜ ਸਤਾਣੀ ਹਾਠ ਪੰਚਾ ਜੋੜੀਐ ॥ ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥ ਜਿਣਿ ਜਿਣਿ ਲੈਨਿ੍ ਰਲਾਇ, ਏਹੋ ਏਨਾ ਲੋੜੀਐ ॥ ਤ੍ਰੈ ਗੁਣ ਇਨ ਕੈ ਵਸਿ, ਕਿਨੈ ਨ ਮੋੜੀਐ ॥ ਭਰਮੁ ਕੋਟੁ ਮਾਇਆ ਖਾਈ, ਕਹੁ ਕਿਤੁ ਬਿਧਿ ਤੋੜੀਐ ॥ ਗੁਰੁ ਪੂਰਾ ਆਰਾਧਿ, ਬਿਖਮ ਦਲੁ ਫੋੜੀਐ ॥ ਹਉ ਤਿਸੁ ਅਗੈ ਦਿਨੁ ਰਾਤਿ, ਰਹਾ ਕਰ ਜੋੜੀਐ ॥੧੫॥

(ਦੂਜੀ ਤੁਕ ਦਾ ਅਰਥ ਪਹਿਲਾਂ। ਹੇ ਭਾਈ!) ਪੰਜ ਕਾਮਾਦਿਕਾਂ ਨੇ ਬੜੀ ਹਠ ਵਾਲੀ ਬਲਵਾਨ ਫੌਜ ਜੋੜੀ ਹੋਈ ਹੈ। (ਇਹ ਪੰਜੇ) ਕਿਸੇ ਸੂਰਬੀਰ ਬਹਾਦਰ ਮਨੁੱਖ ਤੋਂ ਰੋਕੇ ਨਹੀਂ ਜਾ ਸਕੇ; (ਪੰਜ ਕਾਮਾਦਿਕ ਬੜੇ) ਸੂਰਬੀਰ ਤੇ ਬਹਾਦਰ ਹਨ, (ਇਹ ਪੰਜੇ) ਕਿਸੇ ਪਾਸੋਂ ਰੋਕੇ ਨਹੀਂ ਜਾ ਸਕੇ। (ਇਨ੍ਹਾਂ ਦੀ ਪ੍ਰੇਰਨਾ ਨਾਲ) ਦਸ ਇੰਦ੍ਰੀਆਂ ਤਿਆਗੀਆਂ ਨੂੰ ਵੀ ਵਿਸ਼ਿਆਂ ਵਿਚ ਚਮੇੜ ਦੇਂਦੀਆਂ ਹਨ। (ਇਹ ਪੰਜੇ ਸਾਰੇ ਜੀਵਾਂ ਨੂੰ) ਜਿਤ ਜਿਤ ਕੇ (ਅਪਣੇ ਨਾਲ) ਰਲਾ ਲੈਂਦੇ ਹਨ, ਇਹੋ ਕੁਝ ਇਨ੍ਹਾਂ ਨੂੰ ਚਾਹੀਦਾ ਹੈ। ਤਿੰਨ ਗੁਣਾਂ ਵਾਲੇ ਜੀਵ (ਤ੍ਰੈ ਗੁਣੀ ਬ੍ਰਹਮਾ ਵਿਸ਼ਨ ਤੇ ਮਹੇਸ਼) ਇਨ੍ਹਾਂ ਦੇ ਵਸ ਵਿਚ ਹਨ, ਕਿਸੇ (ਮਨੁੱਖ) ਤੋਂ ਵੀ ਇਨ੍ਹਾਂ ਨੂੰ ਮੋੜਿਆ ਨਹੀ ਜਾ ਸਕਿਆ। (ਇਨ੍ਹਾਂ ਪੰਜਾਂ ਦਾ ਬਣਾਇਆ) ਭਰਮ ਰੂਪ ਕਿਲ੍ਹਾ ਹੈ, (ਕਿਲ੍ਹੇ ਦੇ ਦੁਆਲੇ) ਮਾਇਆ ਦਾ ਮੋਹ ਖਾਈ ਹੈ, (ਹੇ ਭਾਈ!) ਦੱਸੋ ਇਸ ਕਿਲ੍ਹੇ ਨੂੰ ਕਿਸ ਤਰੀਕੇ ਨਾਲ ਤੋੜੀਏ (ਜਿੱਤੀਏ। ਉਤਰ) ਪੂਰੇ ਗੁਰੂ ਨੂੰ ਯਾਦ ਕਰਕੇ (ਗੁਰੂ ਦੀ ਮੱਦਤ ਨਾਲ ਇਸ ਫੌਜ ਦੇ) ਸਖਤ ਦਲ ਨੂੰ ਭੰਨ ਦੇਈਦਾ ਹੈ। (ਇਨ੍ਹਾਂ ਵੈਰੀਆਂ ਤੋਂ ਬਚਣ ਲਈ) ਉਸ ਗੁਰੂ ਅੱਗੇ ਮੈਂ ਦਿਨ ਰਾਤ ਹੱਥ ਜੋੜ ਕੇ ਖੜ੍ਹਾ ਰਹਿੰਦਾ ਹਾਂ।੧੫।

ਪਦਾਰਥ = ਕੋਟਿ-ਕ੍ਰੋੜਾਂ। ਤਿਸੁ-ਉਸ (ਮਨੁੱਖ) ਨੂੰ। ਅਨਦਿਨੁ-ਹਰ ਰੋਜ। ਬਿਲਪਤੇ-ਵਿਰਲਾਪ ਕਰਦੇ (ਰੋਂਦੇ) ਹਨ। ਸੁੰਞੈ ਘਰਿ-ਖਾਲੀ (ਬੇਅਬਾਦ; ਉਜੜੇ) ਘਰ ਵਿਚ (ਉਜੜੇ ਘਰ ਵਿਚ ਕਾਂ ਨੂੰ ਕੁਛ ਨਹੀਂ ਮਿਲਦਾ)। ਕਾਉ-ਕਾਂ।੧। ਪਿਰੀ-ਪਿਆਰੇ ਪ੍ਰਭੂ ਦਾ। ਮਿਲਾਵਾ-ਮਿਲਾਪ। ਜਾ-ਜਦੋਂ। ਥੀਐ-ਹੁੰਦਾ ਹੈ। ਸਾਈ-ਉਹ ਹੀ। ਸੁਹਾਵੀ-ਸੋਹਣੀ। ਮੁਹਤੁ-ਦੋ ਘੜੀ (ਦਾ ਸਮਾਂ)। ਨਹ ਵੀਸਰੈ-ਨਾ ਭੁੱਲੇ। ਰਵੀਐ-ਸਿਮਰਨਾ ਚਾਹੀਦਾ ਹੈ। ਨਿਤ-ਰੋਜ।੨। ਪਉੜੀ। ਵਰੀਆਮ-ਬਹਾਦਰ। ਕਿਨੈ-ਕਿਸੇ ਨੇ; ਕਿਸੇ ਤੋਂ। ਨ ਹੋੜੀਐ-ਰੋਕੇ ਨਹੀਂ ਜਾ ਸਕੇ। ਸਤਾਣੀ-ਬਲਵਾਨ। ਹਾਠ-ਹੱਠ ਵਾਲੀ। ਪੰਚਾ-ਪੰਜਾਂ (ਕਾਮਾਦਿਕਾਂ) ਨੇ। ਜੋੜੀਐ-ਜੋੜੀ (ਜਮ੍ਹਾ ਕੀਤੀ) ਹੋਈ ਹੈ। ਦਸ ਨਾਰੀ-ਦਸ (ਪੰਜ ਗਿਆਨ ਤੇ ਪੰਜ ਕਰਮ) ਇੰਦੀਆਂ। ਅਉਧੂਤ-ਤਿਆਗੀਆਂ ਨੂੰ। ਦੇਨਿ ਚਮੋੜੀਐ-ਚਿਪਕਾ (ਲਗਾ) ਦੇਂਦੀਆਂ ਹਨ। ਜਿਣਿ-ਜਿਤ ਕੇ। ਏਨਾ-ਇਨ੍ਹਾਂ ਨੂੰ। ਲੋੜੀਐ-ਚਾਹੀਦਾ ਹੈ। ਤ੍ਰੈ ਗੁਣ-ਤਿੰਨ ਗੁਣਾਂ ਵਾਲੇ ਜੀਵ। ਵਸਿ-ਵਸ ਵਿਚ। ਨ ਮੋੜੀਐ-ਮੋੜਿਆ ਨਹੀਂ ਜਾ ਸਕਿਆ। ਕੋਟੁ-ਕਿਲ੍ਹਾ। ਕਹੁ-ਦੱਸੋ-ਕਿਤੁ ਬਿਧਿ-ਕਿਸ ਤਰੀਕੇ ਨਾਲ। ਆਰਾਧਿ-ਸਿਮਰ ਕੇ। ਬਿਖਮ ਦਲੁ-ਸਖਤ ਫੌਜ। ਫੋੜੀਐ-ਤੋੜ (ਜਿੱਤ) ਲਈਦਾ ਹੈ। ਹਉ-ਮੈਂ। ਕਰ-ਹੱਥ। ਜੋੜੀਐ-ਜੋੜ ਕੇ।੧੫।

ਸਲੋਕ ਮਃ ੫ ॥ ਕਿਲਵਿਖ ਸਭੇ ਉਤਰਨਿ, ਨੀਤ ਨੀਤ ਗੁਣ ਗਾਉ ॥ ਕੋਟਿ ਕਲੇਸਾ ਊਪਜਹਿ, ਨਾਨਕ ਬਿਸਰੈ ਨਾਉ ॥੧॥ (ਹੇ ਭਾਈ! ਵਾਹਿਗੁਰੂ ਦੇ) ਹਰ ਰੋਜ ਗੁਣ ਗਾਵੋ, (ਗੁਣ ਗਾਉਣ ਨਾਲ) ਸਾਰੇ ਪਾਪ ਉਤਰ ਜਾਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਦ ਮਨੁੱਖ ਨੂੰ) ਵਾਹਿਗੁਰੂ ਦਾ ਨਾਉ ਭੁੱਲ ਜਾਂਦਾ ਹੈ ਤਾਂ ਕ੍ਰੋੜਾਂ ਕਲੇਸ਼ ਪੈਦਾ ਹੋ ਜਾਂਦੇ ਹਨ।੧।

ਮਃ ੫ ॥ ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ, ਵਿਚੇ ਹੋਵੈ ਮੁਕਤਿ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਨੂੰ ਮਿਲਣ ਕਰਕੇ ਜਿਉਣ ਦੀ ਪੂਰੀ ਜੀਵਨ ਜਾਚ ਸਿੱਖ ਹੋ ਜਾਂਦੀ ਹੈ। (ਜੋ ਮਨੁੱਖ ਇਹ ਜਾਚ ਸਿਖ ਜਾਂਦਾ ਹੈ, ਉਸ ਦੀ) ਹਸਦਿਆਂ, ਖੇਡਦਿਆਂ, (ਬਸਤ੍ਰ) ਪੈਨ੍ਹਦਿਆਂ ਤੇ (ਪਦਾਰਥ) ਖਾਂਦਿਆਂ ਵਿਚ (ਗ੍ਰਿਸਤ ਵਿਚ ਸਾਰੇ ਕੰਮ ਕਾਜ ਕਰਦਿਆਂ ਹੀ) ਮੁਕਤੀ ਹੋ ਜਾਂਦੀ ਹੈ।੨।

ਪਉੜੀ ॥ ਸੋ ਸਤਿਗੁਰੁ ਧਨੁ ਧੰਨੁ ,ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ,ਜਿਨਿ ਹਰਿ ਸਿਉ ਜੋੜਿਆ ॥ ਨਾਮੁ ਨਿਧਾਨੁ ਅਖੁਟੁ ,ਗੁਰੁ ਦੇਇ ਦਾਰੂਓ ॥ ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥ ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥ ਮਹਿਮਾ ਕਹੀ ਨ ਜਾਇ, ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮ ਪਰਮੇਸੁਰ, ਅਪਰੰਪਰ ਅਲਖ ਅਭੇਵ ॥੧੬॥ ਉਹ ਸਤਿਗੁਰੂ ਧੰਨ ਧੰਨ ਹੈ, ਜਿਸ ਨੇ (ਸਿੱਖ ਦੇ ਮਨ ਵਿਚੋਂ) ਭਰਮ ਦਾ ਕਿਲ੍ਹਾ ਤੋੜਿਆ ਹੈ। ਉਹ ਸਤਿਗੁਰੂ ਧੰਨ ਧੰਨ ਹੈ, ਜਿਸ ਨੇ (ਸਿੱਖ ਨੂੰ) ਹਰੀ ਨਾਲ ਜੋੜਿਆ ਹੈ। ਗੁਰੂ ਨਾਮ ਰੂਪ ਅਮੁੱਕ ਖਜਾਨਾ ਤੇ (ਨਾਮ ਰੂਪ) ਦਵਾਈ ਦਿੰਦਾ ਹੈ। (ਇਹ ਦਵਾਈ ਦੇ ਕੇ) ਉਸ ਗੁਰੂ ਨੇ (ਹਉਮੈ ਦਾ) ਬਹੁਤ ਭਿਆਨਕ ਰੋਗ ਨਾਸ਼ ਕਰ ਦਿਤਾ ਹੈ। (ਗੁਰੂ ਪਾਸੋਂ) ਨਾਮ ਪ੍ਰਾਪਤ ਕਰ ਲਿਆ ਹੈ, (ਜੋ ਦੁਨੀਆਂ ਦੇ) ਖਜਾਨਿਆਂ ਵਿਚੋਂ ਬਹੁਤ ਵੱਡਾ ਖਜਾਨਾ ਹੈ। (ਜਦ ਨਾਮ ਸਿਮਰ ਕੇ) ਅਪਣੇ ਆਪ ਨੂੰ ਪਛਾਣਿਆਂ ਤਾਂ ਪਾਰ ਰਹਿਤ ਜਨਮ ਨੂੰ ਜਿਤ ਲਿਆ। (ਸਰਬ ਕਲਾ) ਸਮਰੱਥ ਗੁਰਦੇਵ ਦੀ ਮਹਿਮਾਂ ਕਹੀ ਨਹੀਂ ਜਾ ਸਕਦੀ। ਗੁਰੂ ਪਾਰਬ੍ਰਹਮ ਪ੍ਰਮੇਸਰ ਦਾ ਸਰੂਪ ਹੈ, ਜੋ ਬੇਅੰਤ ਹੈ, ਲੱਖਤਾ ਤੋਂ ਪਰੇ ਹੈ (ਅਤੇ ਉਸ ਦਾ) ਭੇਤ ਨਹੀਂ ਪਾਇਆ ਜਾ ਸਕਦਾ।੧੬।

ਪਦਾਰਥ = ਕਿਲਵਿਖ-ਪਾਪ। ਉਤਰਨਿ-ਉਤਰ ਜਾਂਦੇ ਹਨ। ਨੀਤ ਨੀਤ-ਹਰ ਰੋਜ; ਸਦਾ ਸਦਾ। ਕੋਟਿ-ਕ੍ਰੋੜਾਂ। ਕਲੇਸਾ-ਦੁਖ। ਬਿਸਰੈ -ਭੁੱਲ ਜਾਂਦਾ ਹੈ।੧। ਸਤਿਗੁਰਿ-ਸਤਿਗੁਰੂ ਨੂੰ। ਭੇਟਿਐ-ਮਿਲਣ ਕਰਕੇ। ਜੁਗਤਿ-ਜੀਵਨ ਜਿਉਣ ਦਾ ਤਰੀਕਾ। ਵਿਚੇ-(ਗ੍ਰਿਹਸਤ ਦੇ) ਵਿਚ ਹੀ ਰਹਿੰਦਿਆਂ।੨। ਪਉੜੀ। ਸੋ-ਉਹ। ਜਿਨਿ-ਜਿਸ ਨੇ। ਭਰਮ ਗੜੁ-ਅਗਿਆਨ ਦਾ ਕਿਲ੍ਹਾ। ਵਾਹੁ ਵਾਹੁ-ਧੰਨ ਧੰਨ। ਜਿਨਿ-

ਜਿਸ ਨੇ। ਹਰਿ ਸਿਉ–ਹਰੀ ਨਾਲ। ਨਿਧਾਨੁ–ਖਜਾਨਾ। ਅਖੁਟੁ–ਨਾ ਮੁੱਕਣ ਵਾਲਾ। ਦੇਇ–ਦੇਂਦਾ ਹੈ। ਦਾਰੂਓ–ਦਵਾਈ। ਮਹਾ ਬਿਕਰਾਲ –ਬਹੁਤ ਭਿਆਨਕ। ਤਿਨੈ–ਉਸ (ਗੁਰੂ) ਨੇ। ਬਿਦਾਰੂਓ–ਨਾਸ਼ ਕਰ ਦਿਤਾ। ਜਿਤਾ–ਜਿਤ ਲਿਆ। ਅਪਾਰੁ–ਪਾਰ ਰਹਿਤ (ਮੁਸ਼ਕਲ ਨਾਲ ਮਿਲਣ ਵਾਲਾ)। ਆਪੁ–ਅਪਣੇ ਆਪ ਨੂੰ। ਸਮਰਥ–ਸਰਬ ਕਲਾ ਸਮਰਥ। ਅਪਰੰਪਰ–ਪਾਰ ਰਹਿਤ (ਬੇਅੰਤ)। ਅਲਖ–(ਅਲੱਖ ਬੋਲੋ) ਜਿਸ ਨੂੰ ਅਸ਼ੁੱਧ ਮਨ ਬਾਣੀ ਕਰਕੇ ਜਾਣਿਆ ਨਾ ਜਾ ਸਕੇ। ਅਭੇਵ–ਜਿਸ ਦਾ ਭੇਤ ਨਾ ਲੱਭੇ। ੧੬।

ਸਲੋਕੁ ਮਃ ੫ ॥ ਉਦਮੁ ਕਰੇਦਿਆ ਜੀਉ ਤੂੰ ,ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ,ਨਾਨਕ ਉਤਰੀ ਚਿੰਤ ॥੧ ॥ (ਅਸੀਸ ਦੇਂਦੇ ਹਨ, ਹੇ ਭਾਈ! ਹਰੀ ਸਿਮਰਨ ਦਾ) ਉਦਮ ਕਰਦਿਆਂ ਤੂੰ ਜਿਉਂਦਾ ਰਹੁ ,(ਇਹ) ਕਮਾਈ ਕਰਨ ਕਰਕੇ ਤੂੰ ਸੁਖ ਭੋਗ। ਨਾਨਕ ਗੁਰੂ ਜੀ ਆਖਦੇ (ਕਿ ਨਾਮ) ਧਿਆਉਣ ਨਾਲ ਤੂੰ ਪ੍ਰਭੂ ਨੂੰ ਮਿਲ ਪਉ ਅਤੇ ਤੇਰੀ ਚਿੰਤਾ ਉਤਰ ਜਾਵੇ।੧।

ਮਃ ੫ ॥ ਸੁਭ ਚਿੰਤਨ ਗੋਬਿੰਦ ਰਮਣ, ਨਿਰਮਲ ਸਾਧੂ ਸੰਗ ॥ ਨਾਨਕ ਨਾਮੁ ਨ ਵਿਸਰਉ ਇਕ ਘੜੀ, ਕਰਿ ਕਿਰਪਾ ਭਗਵੰਤ ॥੨ ॥ ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਗਵਾਨ! ਮੇਰੇ ਤੇ ਐਸੀ ਕ੍ਰਿਪਾ ਕਰ ਕਿ ਮੈਂ (ਮਨ ਵਿਚ) ਨੇਕ ਖਿਆਲ ਸੋਚਾਂ, (ਜੀਭ ਨਾਲ) ਗੋਬਿੰਦ ਦਾ ਸਿਮਰਨ ਕਰਾਂ, (ਤਨ ਕਰਕੇ) ਪਵਿਤ੍ਰ ਸਾਧ ਸੰਗਤ ਕਰਾਂ ਤੇ ਹਰੀ ਦਾ ਨਾਮ ਇਕ ਘੜੀ ਨਾ ਭੁੱਲ ਸਕਾਂ।੨।

ਨੋਟ = ਉਪਰੋਕਤ ਸਲੋਕ ੪੫੯ ਅੰਗ ਤੇ ਆਸਾ ਰਾਗ ਵਿਚ ਮਹਲਾ ੫ ਦੇ ਛੰਤਾਂ ਵਿਚ ਵੀ ਦਰਜ ਹੈ।

ਪਉੜੀ ॥ ਤੇਰਾ ਕੀਤਾ ਹੋਇ ਤ ਕਾਹੇ ਡਰਪੀਐ ॥ ਜਿਸੁ ਮਿਲਿ ਜਪੀਐ ਨਾਉ , ਤਿਸੁ ਜੀਉ ਅਰਪੀਐ ॥ ਆਇਐ ਚਿਤਿ ਨਿਹਾਲੁ ,ਸਾਹਿਬ ਬੇਸੁਮਾਰ ॥ ਤਿਸ ਨੋ ਪੋਹੇ ਕਵਣੁ ,ਜਿਸੁ ਵਲਿ ਨਿਰੰਕਾਰ ॥ ਸਭੁ ਕਿਛੁ ਤਿਸ ਕੈ ਵਸਿ, ਨ ਕੋਈ ਬਾਹਰਾ ॥ ਸੋ ਭਗਤਾ ਮਨਿ ਵੁਠਾ, ਸਚਿ ਸਮਾਹਰਾ ॥ ਤੇਰੇ ਦਾਸ ਧਿਆਇਨਿ ਤੁਧੁ ,ਤੂੰ ਰਖਣ ਵਾਲਿਆ ॥ (ਹੇ ਪ੍ਰਭੂ! ਜਦ) ਸਭ ਕੁਝ ਤੇਰਾ ਕੀਤਾ ਹੀ ਹੁੰਦਾ ਹੈ, ਤਾਂ ਕਿਸ ਵਾਸਤੇ ਡਰਦੇ ਰਹੀਏ? ਜਿਸ ਗੁਰੂ ਨੂੰ ਮਿਲ ਕੇ ਤੇਰਾ ਨਾਮ ਜਪੀਏ, ਉਸ ਗੁਰੂ ਨੂੰ ਅਪਣੀ ਜਿੰਦ ਭੇਟਾ ਕਰ ਦੇਈਏ। ਬੇਅੰਤ ਮਾਲਕ ਪ੍ਰਭੂ ਦੇ ਯਾਦ ਆਉਣ ਨਾਲ ਨਿਹਾਲ ਹੋ ਜਾਈਦਾ ਹੈ। ਜਿਸ ਮਨੁੱਖ ਵੱਲ ਨਿਰੰਕਾਰ ਹੁੰਦਾ ਹੈ, ਉਸ ਨੂੰ ਕੌਣ ਪੋਹ (ਦੁੱਖ ਦੇ) ਸਕਦਾ ਹੈ? (ਕੋਈ ਦੂਜੀ ਸ਼ਕਤੀ ਉਸ ਤੇ ਅਸਰ ਨਹੀਂ ਕਰ ਸਕਦੀ। ਕਿਉਂਕਿ) ਸਭ ਕੁਛ ਉਸ (ਪ੍ਰਭੂ) ਦੇ ਵਸ ਵਿਚ ਹੈ, (ਉਸ ਦੇ ਹੁਕਮ ਤੋਂ) ਬਾਹਰ ਕੋਈ ਨਹੀਂ। ਉਹ ਭਗਤਾਂ ਦੇ ਮਨ ਵਿਚ ਵਸਦਾ ਹੈ ਅਤੇ ਸਚ ਦੁਆਰਾ (ਉਨ੍ਹਾਂ ਦੇ ਹਿਰਦੇ ਵਿਚ) ਸਮਾਇਆ ਹੈ। ਤੇਰੇ ਦਾਸ ਤੈਨੂੰ ਸਿਮਰਦੇ ਹਨ ਅਤੇ (ਤੂੰ ਦਾਸਾਂ ਦੀ) ਰੱਖਿਆ ਕਰਨ ਵਾਲਾ ਹੈਂ।

ਅੰਗ ੫੨੩ = ਸਿਰਿ ਸਭਨਾ ਸਮਰਥੁ ਨਦਰਿ ਨਿਹਾਲਿਆ ॥੧੭॥ ਸਭ ਜੀਵਾਂ ਦੇ ਸਿਰ ਤੇ ਤੂੰ ਸਮਰੱਥ ਮਾਲਕ ਹੈਂ ਅਤੇ ਮੇਹਰ ਦੀ ਨਜਰ ਨਾਲ ਨਿਹਾਲ ਕਰ ਦੇਣ ਵਾਲਾ ਹੈਂ।੧੭।

ਪਦਾਰਥ = ਜੀਉ–ਜਿਉਂਦਾ ਰਹੁ। ਸੁਖ ਭੁੰਚੁ–ਸੁਖ ਭੋਗ (ਮਾਣਦਾ ਰਹੁ)।੧। ਸੁਭ ਚਿੰਤਨ–ਨੇਕ ਖਿਆਲ। ਰਮਣ–ਜਪਦਾ ਰਹਾਂ। ਨ ਵਿਸਰਉ–ਨਾ ਭੁੱਲ ਸਕਾਂ। ਨਿਰਮਲ–ਪਵਿਤ੍ਰ।੨। ਪਉੜੀ। ਤ–ਤਾਂ। ਕਾਹੇ–ਕਿਉਂ। ਜੀਉ–ਜਿੰਦ। ਅਰਪੀਐ–ਭੇਟਾ ਕਰ ਦੇਈਏ। ਚਿਤਿ ਆਇਐ–ਯਾਦ ਆਉਣ ਨਾਲ। ਬੇਸੁਮਾਰ–ਬੇਅੰਤ। ਪੋਹੇ–ਪੋਹ (ਦੁਖ ਦੇ) ਸਕਦਾ ਹੈ। ਕਵਣੁ–ਕੌਣ। ਵਸਿ–ਵਸ ਵਿਚ। ਬਾਹਰਾ–ਬਾਹਰ। ਸੋ–ਉਹ। ਵੁਠਾ–ਵਸਦਾ ਹੈ। ਸਮਾਹਰਾ–ਸਮਾਇਆ ਹੈ। ਤੁਧੁ–ਤੈਨੂੰ। ਸਿਰਿ–ਸਿਰ ਤੇ। ਨਦਰਿ–ਮੇਹਰ ਦੀ ਨਜਰ ਨਾਲ।੧੭।

ਸਲੋਕ ਮਃ ੫ ॥ ਕਾਮ ਕ੍ਰੋਧ ਮਦ ਲੋਭ ਮੋਹ, ਦੁਸਟ ਬਾਸਨਾ ਨਿਵਾਰਿ ॥ ਰਾਖਿ ਲੇਹੁ ਪ੍ਰਭੁ ਆਪਣੇ, ਨਾਨਕ ਸਦ ਬਲਿਹਾਰਿ ॥੧॥ (ਹੇ ਪ੍ਰਭੂ! ਮੇਰੇ ਮਨ ਵਿਚੋਂ) ਕਾਮ, ਕ੍ਰੋਧ, ਹੰਕਾਰ ਲੋਭ ਮੋਹ ਤੇ ਭੈੜੀਆਂ ਵਾਸ਼ਨਾਵਾਂ ਦੂਰ ਕਰ ਦੇਹ। ਹੇ ਪ੍ਰਭੂ! ਅਪਣੇ (ਬਣਾ ਕੇ ਮੈਨੂੰ ਇਨ੍ਹਾਂ ਦੁਸ਼ਟਾਂ ਤੋਂ) ਬਚਾ ਲੈ, ਨਾਨਕ (ਤੇਰੇ ਤੋਂ) ਸਦਾ ਕੁਰਬਾਨ ਜਾਂਦਾ ਹੈ।੧।

ਮਃ ੫ ॥ ਖਾਂਦਿਆ ਖਾਂਦਿਆ ਮੁਹੁ ਘਠਾ, ਪੈਨੰਦਿਆ ਸਭੁ ਅੰਗੁ ॥ ਨਾਨਕ ਧ੍ਰਿਗੁ ਤਿਨਾ ਦਾ ਜੀਵਿਆ, ਜਿਨ ਸਚਿ ਨ ਲਗੋ ਰੰਗੁ ॥੨॥ (ਅਨੇਕਾਂ ਪਦਾਰਥ) ਖਾਂਦਿਆਂ ਖਾਂਦਿਆਂ ਮੂੰਹ ਘਸ ਗਿਆ ਹੈ ਅਤੇ ਬਸਤ੍ਰ ਪਹਿਨਦਿਆਂ ਸਾਰਾ ਸਰੀਰ ਘਸ ਗਿਆ ਹੈ (ਬੁਢੇਪੇ ਵਿਚ ਮੂੰਹ ਦੇ ਦੰਦ ਨਿਕਲ ਗਏ ਤੇ ਸਰੀਰ ਕਮਜੋਰ ਹੋ ਗਿਆ)। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਮਨੁੱਖਾਂ ਦਾ ਜਿਉਣਾ ਧ੍ਰਿਗ ਹੈ, ਜਿਨ੍ਹਾਂ ਦਾ ਸੱਚੇ ਪ੍ਰਭੂ ਨਾਲ ਪ੍ਰੇਮ ਨਹੀਂ ਲੱਗਿਆ।੨।(ਕਿਉਂਕਿ) ਦਾਤਿ ਪਿਆਰੀ ਵਿਸਰਿਆ ਦਾਤਾਰਾ।(੬੭੬)

ਪਉੜੀ ॥ ਜਿਉ ਜਿਉ ਤੇਰਾ ਹੁਕਮੁ ,ਤਿਵੈ ਤਿਉ ਹੋਵਣਾ ॥ ਜਹ ਜਹ ਰਖਹਿ ਆਪਿ, ਤਹ ਜਾਇ ਖੜੋਵਣਾ ॥ ਨਾਮ ਤੇਰੈ ਕੈ ਰੰਗਿ, ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ, ਭਰਮੁ ਭਉ ਖੋਵਣਾ ॥ ਜੋ ਤੇਰੈ ਰੰਗਿ ਰਤੇ, ਸੇ ਜੋਨਿ ਨ ਜੋਵਣਾ ॥ ਅੰਤਰਿ ਬਾਹਰਿ ਇਕੁ ,ਨੈਣ ਅਲੋਵਣਾ ॥ ਜਿਨ੍ਹੀ ਪਛਾਤਾ ਹੁਕਮੁ ,ਤਿਨ੍ ਕਦੇ ਨ ਰੋਵਣਾ ॥ ਨਾਉ ਨਾਨਕ ਬਖਸੀਸ, ਮਨ ਮਾਹਿ ਪਰੋਵਣਾ ॥੧੮॥ (ਹੇ ਪ੍ਰਭੂ!) ਜਿਵੇਂ ਜਿਵੇਂ ਤੇਰਾ ਹੁਕਮ ਹੁੰਦਾ ਹੈ, ਉਸੇ ਉਸੇ ਤਰ੍ਹਾਂ ਹੋਣਾ ਹੁੰਦਾ ਹੈ। ਜਿਥੇ ਜਿਥੇ (ਜੀਵਾਂ ਨੂੰ ਤੂੰ) ਆਪ ਰਖਦਾ ਹੈਂ, ਉਥੇ

ਹੀ ਜਾ ਕੇ (ਉਹ) ਖੜੇ ਹੁੰਦੇ (ਵਸਦੇ) ਹਨ।(ਜੋ ਜੀਵ) ਤੇਰੇ ਨਾਮ ਦੇ ਪ੍ਰੇਮ ਵਿਚ (ਰਹਿੰਦੇ ਹਨ, ਉਹ ਅਪਣੀ) ਖੋਟੀ ਮੱਤ ਧੋ ਲੈਂਦੇ ਹਨ। ਹੇ ਨਿਰੰਕਾਰ! ਤੈਨੂੰ ਜਪ ਜਪ ਕੇ (ਉਹ) ਭਰਮ ਤੇ ਡਰ ਗੁਆ ਲੈਂਦੇ ਹਨ।(ਜੋ ਮਨੁੱਖ) ਤੇਰੇ ਪ੍ਰੇਮ ਵਿਚ ਰੰਗੇ ਹੋਏ ਹਨ, ਉਹ ਜੂਨਾਂ ਵਿਚ ਨਹੀਂ ਜੋੜੇ ਜਾਂਦੇ (ਜਨਮ ਮਰਣ ਵਿਚ ਨਹੀਂ ਪਾਏ ਜਾਂਦੇ। ਕਿਉਂਕਿ ਉਨ੍ਹਾਂ ਦੀਆਂ) ਅੱਖਾਂ ਅਪਣੇ ਅੰਦਰ ਤੇ ਬਾਹਰ (ਸਾਰੇ ਸੰਸਾਰ ਵਿਚ) ਇਕ ਤੈਨੂੰ ਹੀ ਦੇਖਦੀਆਂ ਹਨ। ਜਿਨ੍ਹਾਂ ਪੁਰਖਾਂ ਨੇ ਤੇਰਾ ਹੁਕਮ ਪਛਾਣਿਆ ਹੈ, ਉਨ੍ਹਾਂ ਨੂੰ ਕਦੇ ਰੋਣਾ ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਨ੍ਹਾਂ ਨੂੰ) ਨਾਮ ਦਾ ਦਾਨ ਮਿਲ ਜਾਂਦਾ ਹੈ, (ਜੋ ਉਨ੍ਹਾਂ ਨੇ) ਮਨ ਵਿਚ ਪਰੋ ਲਿਆ ਹੈ।੧੮।

ਪਦਾਰਥ = ਮਦ–ਹੰਕਾਰ। ਦੁਸਟ ਬਾਸਨਾ–ਭੈੜੀਆਂ ਵਾਸ਼ਨਾਵਾਂ। ਨਿਵਾਰਿ–ਦੂਰ ਕਰ ਦੇਹ। ਸਦ–ਸਦਾ।੧। ਮੁਹੁ–ਮੂੰਹ। ਘਠਾ–ਘਸ ਗਿਆ। ਸਭੁ ਅੰਗੁ–ਸਾਰਾ ਸਰੀਰ। ਸਚਿ–ਸੱਚੇ ਪ੍ਰਭੂ ਨਾਲ। ਰੰਗੁ–ਪ੍ਰੇਮ।੨। ਪਉੜੀ। ਤਿਵੈ ਤਿਉ–ਉਸੇ ਉਸੇ ਤਰ੍ਹਾਂ। ਜਹ ਜਹ–ਜਿੱਥੇ ਜਿੱਥੇ। ਤਹ–ਉਥੇ। ਰੰਗਿ–ਪ੍ਰੇਮ ਨਾਲ। ਦੁਰਮਤਿ–ਖੋਟੀ ਮੱਤ। ਖੋਵਣਾ–ਦੂਰ ਕਰਨਾ। ਰਤੇ–ਰੰਗੇ ਹੋਏ ਹਨ। ਸੇ–ਉਹ। ਜੋਨਿ–ਜੂਨਾਂ ਵਿਚ। ਜੋਵਣਾ–ਜੋਤੇ (ਭਟਕਾਏ) ਜਾਂਦੇ। ਨੈਣ–ਅੱਖਾਂ। ਅਲੋਵਣਾ–ਦੇਖਦੀਆਂ ਹਨ। ਜਿਨ੍ਹੀ–ਜਿਨ੍ਹਾਂ ਨੇ। ਪਛਾਤਾ–ਪਛਾਣਿਆ। ਰੋਵਣਾ–ਰੋਣਾ (ਪਛਤਾਵਾ)। ਬਖਸੀਸ–ਦਾਤ; ਦਾਨ; ਇਨਾਮ। ਮਨ ਮਾਹਿ–ਮਨ ਵਿਚ। ਪਰੋਵਣਾ–ਪਰੋ ਲਿਆ ਹੈ।੧੮।

ਸਲੋਕ ਮਃ ੫ ॥ ਜੀਵਦਿਆ ਨ ਚੇਤਿਓ, ਮੁਆ ਰਲੰਦੜੋ ਖਾਕ ॥ ਨਾਨਕ ਦੁਨੀਆ ਸੰਗਿ ਗੁਦਾਰਿਆ, ਸਾਕਤ ਮੂੜ ਨਪਾਕ ॥੧॥ (ਮਨਮੁਖ ਨੇ) ਜਿਉਂਦਿਆ ਜੀ ਹਰੀ ਨੂੰ ਯਾਦ ਨਹੀਂ ਕੀਤਾ, (ਜਦ) ਮਰ ਗਿਆ, ਤਾਂ ਮਿੱਟੀ ਵਿਚ ਰਲ ਗਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਇਆ ਪ੍ਰੇਮੀ, ਮੂਰਖ ਤੇ ਗੰਦੇ ਮਨੁੱਖ ਨੇ ਦੁਨੀਆ ਨਾਲ ਮਿਲ ਕੇ (ਜੀਵਨ ਅਜਾਈਂ) ਗੁਜਾਰ ਦਿਤਾ ਹੈ।੧।

ਮਃ ੫ ॥ ਜੀਵੰਦਿਆ ਹਰਿ ਚੇਤਿਆ, ਮਰੰਦਿਆ ਹਰਿ ਰੰਗਿ ॥ ਜਨਮੁ ਪਦਾਰਥੁ ਤਾਰਿਆ, ਨਾਨਕ ਸਾਧੂ ਸੰਗਿ ॥੨॥ (ਜਿਸ ਮਨੁੱਖ ਨੇ) ਜਿਉਂਦਿਆਂ ਹਰੀ ਨੂੰ ਸਿਮਰਿਆ ਹੈ ਅਤੇ ਮਰਦਿਆਂ ਵੀ ਹਰੀ ਦੇ ਪਿਆਰ ਵਿਚ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਨੇ) ਸਾਧ ਸੰਗਤ ਕਰਕੇ (ਸੰਸਾਰ ਸਮੁੰਦਰ ਤੋਂ ਅਪਣਾ) ਅਮੋਲਕ ਮਨੁੱਖਾ ਜਨਮ ਤਾਰ (ਸਫਲ ਕਰ) ਲਿਆ ਹੈ।੨।

ਪਉੜੀ ॥ ਆਦਿ ਜੁਗਾਦੀ ਆਪਿ ਰਖਣ ਵਾਲਿਆ ॥ ਸਚੁ ਨਾਮੁ ਕਰਤਾਰੁ ਸਚੁ ਪਸਾਰਿਆ ॥ ਊਣਾ ਕਹੀ ਨ ਹੋਇ, ਘਟੇ ਘਟਿ ਸਾਰਿਆ ॥ ਮਿਹਰਵਾਨ ਸਮਰਥ ਆਪੇ ਹੀ ਘਾਲਿਆ ॥ ਜਿਨ੍ ਮਨਿ ਵੁਠਾ ਆਪਿ, ਸੇ ਸਦਾ ਸੁਖਾਲਿਆ ॥ ਆਪੇ ਰਚਨੁ ਰਚਾਇ, ਆਪੇ ਹੀ ਪਾਲਿਆ ॥ ਸਭੁ ਕਿਛੁ ਆਪੇ ਆਪਿ, ਬੇਅੰਤ ਅਪਾਰਿਆ ॥ ਗੁਰ ਪੂਰੇ ਕੀ ਟੇਕ, ਨਾਨਕ ਸੰਮ੍ਹਾਲਿਆ ॥੧੯॥ (ਸ੍ਰਿਸਟੀ ਦੇ) ਸ਼ੁਰੂ ਤੇ ਜੁੱਗਾਂ ਦੇ ਸ਼ੁਰੂ ਤੋਂ ਆਪ ਹੀ ਪ੍ਰਭੂ (ਜੀਵਾਂ ਦੀ) ਰੱਖਿਆ ਕਰਨ ਵਾਲਾ ਹੈ।(ਉਸ ਦਾ) ਨਾਮ ਸੱਚਾ ਹੈ, (ਉਹ) ਜਗਤ ਦੀ ਰਚਨਾ ਕਰਨ ਵਾਲਾ ਹੈ ਅਤੇ ਉਹ ਸੱਚ ਸਰੂਪ ਸਭ ਜਗ੍ਹਾ ਪਸਰਿਆ ਹੋਇਆ ਹੈ।(ਉਹ) ਕਿਤੇ ਵੀ ਊਣਾ ਨਹੀਂ ਅਤੇ ਘਟ ਘਟ ਵਿਚ ਪੂਰਿਆ ਹੋਇਆ (ਵਿਆਪਕ) ਹੈ; ਹਰੇਕ ਜੀਵ ਵਿਚ ਵਸਦਾ ਹੋਇਆ (ਸਭ ਦੀ) ਸੰਭਾਲ ਕਰ ਰਿਹਾ ਹੈ। ਉਹ ਸਰਬ ਕਲਾ ਸਮਰਥ ਤੇ ਮਿਹਰਵਾਨ ਹੈ, (ਜੀਵਾਂ ਤੋਂ) ਘਾਲ ਕਮਾਈ ਵੀ ਆਪੇ ਕਰਾਉਂਦਾ ਹੈ। ਜਿਨ੍ਹਾਂ ਦੇ ਮਨ ਵਿਚ ਆਪ ਵਸ ਗਿਆ ਹੈ, ਉਹ (ਮਨੁੱਖ) ਸਦਾ ਸੁਖੀ ਰਹਿੰਦੇ ਹਨ। ਆਪੇ (ਉਸ ਨੇ) ਸ੍ਰਿਸਟੀ ਰਚ ਕੇ ਆਪੇ ਉਸ ਦੀ ਪਾਲਣਾ ਕਰ ਰਿਹਾ ਹੈ।(ਉਹ) ਬੇਅੰਤ ਪ੍ਰਭੂ ਸਭ ਕੁਝ ਆਪੇ ਆਪ ਹੈ ਅਤੇ ਪਾਰ ਰਹਿਤ ਹੈ। ਨਾਨਕ ਪੂਰੇ ਗੁਰੂ ਦੀ ਟੇਕ ਲੈ ਕੇ (ਪ੍ਰਭੂ ਨੂੰ) ਯਾਦ ਕਰਦਾ ਹੈ।੧੯।

ਪਦਾਰਥ = ਨ ਚੇਤਿਓ–ਯਾਦ ਨਹੀਂ ਕੀਤਾ। ਰਲੰਦੜੋ–ਰਲ ਗਿਆ। ਖਾਕ–ਮਿੱਟੀ ਵਿਚ। ਗੁਦਾਰਿਆ–ਗੁਜਾਰ ਦਿਤਾ। ਮੂੜ–ਮੂਰਖ। ਸਾਕਤ–ਮਾਇਆ ਪ੍ਰੇਮੀ। ਨਪਾਕ–ਗੰਦਾ (ਅਪਵਿਤ੍ਰ)।੧। ਰੰਗਿ–ਪਿਆਰ ਵਿਚ। ਤਾਰਿਆ–(ਭਵਜਲ ਤੋਂ) ਤਾਰ ਲਿਆ।੨। ਪਉੜੀ। ਆਦਿ–(ਸ੍ਰਿਸਟੀ ਦੇ) ਸ਼ੁਰੂ ਤੋਂ। ਜੁਗਾਦਿ–ਜੁਗਾਂ ਦੇ ਸ਼ੁਰੂ ਤੋਂ (ਸਦਾ ਤੋਂ)। ਕਰਤਾਰੁ–ਜਗਤ ਦੀ ਰਚਨਾ ਕਰਨ ਵਾਲਾ। ਪਸਾਰਿਆ–ਪਸਰਿਆ (ਵਿਆਪਕ) ਹੈ। ਊਣਾ–ਘੱਟ; ਖਾਲੀ। ਕਹੀ–ਕਿਤੇ ਵੀ। ਘਟੇ ਘਟਿ–ਹਰੇਕ ਜੀਵ ਵਿਚ। ਸਾਰਿਆ–ਪੂਰਿਆ ਹੋਇਆ ਹੈ (ਵਿਆਪਕ ਹੈ)। ਘਾਲਿਆ–ਘਾਲ ਕਮਾਈ ਕਰਾਉਂਦਾ ਹੈ। ਮਨਿ–ਮਨ ਵਿਚ। ਵੁਠਾ–ਵਸਦਾ ਹੈ। ਸੇ–ਉਹ। ਸੁਖਾਲਿਆ–ਸੁਖੀ ਹਨ। ਰਚਨੁ–ਸ੍ਰਿਸਟੀ। ਰਚਾਇ–ਰਚ ਕੇ। ਪਾਲਿਆ–ਪਾਲਣਾ ਕਰਦਾ ਹੈ। ਅਪਾਰਿਆ–ਪਾਰ ਰਹਿਤ। ਸਮ੍ਹਾਲਿਆ–ਸਿਮਰਦਾ ਹੈ।੧੯।

ਸਲੋਕ ਮਃ ੫ ॥ ਆਦਿ ਮਧਿ ਅਰੁ ਅੰਤਿ, ਪਰਮੇਸਰਿ ਰਖਿਆ ॥ ਸਤਿਗੁਰਿ ਦਿਤਾ ਹਰਿ ਨਾਮੁ ,ਅੰਮ੍ਰਿਤੁ ਚਖਿਆ ॥ ਸਾਧਾ ਸੰਗੁ ਅਪਾਰੁ ,ਅਨਦਿਨੁ ਹਰਿ ਗੁਣ ਰਵੈ ॥ ਪਾਏ ਮਨੋਰਥ ਸਭਿ, ਜੋਨੀ ਨਹ ਭਵੈ ॥ ਸਭੁ ਕਿਛੁ ਕਰਤੇ ਹਥਿ, ਕਾਰਣੁ ਜੋ ਕਰੈ ॥ ਨਾਨਕੁ ਮੰਗੈ ਦਾਨੁ ,ਸੰਤਾ ਧੂਰਿ ਤਰੈ ॥੧॥ (ਹੇ ਭਾਈ! ਅਪਣੇ ਸੇਵਕਾਂ ਦੀ) ਸ਼ੁਰੂ ਬਚਪਨ ਵਿਚ, ਵਿਚਕਾਰਲੇ ਸਮੇਂ ਜੁਆਨੀ ਵਿਚ ਅਤੇ ਅੰਤ ਬਿਰਧ ਅਵਸਥਾ ਵਿਚ ਪ੍ਰਮੇਸਰ ਨੇ ਰੱਖਿਆ ਕੀਤੀ ਹੈ।(ਸੇਵਕਾਂ ਨੂੰ) ਸਤਿਗੁਰੂ ਨੇ ਹਰੀ ਦਾ ਨਾਮ ਦਿਤਾ, (ਜਿਸ ਦਾ) ਅੰਮ੍ਰਿਤ (ਰਸ ਸੇਵਕਾਂ ਨੇ) ਚੱਖਿਆ।(ਸੇਵਕ) ਸਾਧੂਆਂ ਨਾਲ ਮਿਲ ਕੇ ਬੇਅੰਤ ਹਰੀ ਦੇ ਗੁਣ ਹਰ ਰੋਜ ਗਾਉਂਦਾ ਹੈ।(ਉਸ ਸੇਵਕ ਨੇ) ਸਾਰੇ

ਮਨੋਰਥ ਪਾ ਲਏ ਹਨ ਤੇ ਉਹ ਜੋਨੀਆਂ ਵਿਚ ਨਹੀਂ ਭਟਕਦਾ।(ਪਰ ਇਹ) ਸਭ ਕੁਛ ਕਰਤਾਰ ਦੇ ਹੱਥ ਵਿਚ ਹੈ, ਜੋ ਕਾਰਣ ਕਰਨਾ ਚਾਹੇ, ਉਹ ਕਰਦਾ ਹੈ।ਨਾਨਕ (ਪ੍ਰਭੂ ਤੋਂ ਇਹ) ਦਾਨ ਮੰਗਦਾ ਹੈ ਕਿ ਸੰਤਾਂ ਦੀ ਚਰਨ ਧੂੜ ਲੈ ਕੇ (ਭਵਜਲ ਤੋਂ) ਤਰ ਜਾਵੇ।੧।

ਪਦਾਰਥ = ਆਦਿ–ਸ਼ੁਰੂ ਬਚਪਨ ਵਿਚ; ਭੂਤ ਕਾਲ ਵਿਚ।ਮਧਿ–ਵਿਚਕਾਰਲੇ ਜੁਆਨੀ ਵਿਚ; ਵਰਤਮਾਨ ਸਮੇਂ ਵਿਚ।ਅੰਤਿ–ਬਿਰਧ ਅਵਸਥਾ ਵਿਚ; ਭਵਿਖਤ ਕਾਲ ਵਿਚ।ਪਰਮੇਸਰਿ–ਪ੍ਰਮੇਸਰ ਨੇ।ਸਤਿਗੁਰਿ–ਸਤਿਗੁਰੂ ਨੇ।ਚਖਿਆ–ਖਾਧਾ (ਰਸ ਮਾਣਿਆ)।ਅਪਾਰੁ –ਬੇਅੰਤ (ਪ੍ਰਭੂ)।ਅਨਦਿਨੁ–ਹਰ ਰੋਜ।ਰਵੈ–ਯਾਦ ਕਰਦਾ (ਗਾਉਂਦਾ) ਹੈ।ਨਹ ਭਵੈ–ਨਹੀਂ ਭਟਕਦਾ।ਕਰਤੇ–ਕਰਤਾਰ ਦੇ।੧।

ਮਃ ੫ ॥ ਤਿਸ ਨੋ ਮੰਨਿ ਵਸਾਇ, ਜਿਨਿ ਉਪਾਇਆ ॥ ਜਿਨਿ ਜਨਿ ਧਿਆਇਆ ਖਸਮੁ ,ਤਿਨਿ ਸੁਖੁ ਪਾਇਆ ॥ ਸਫਲੁ ਜਨਮੁ ਪਰਵਾਨੁ ,ਗੁਰਮੁਖਿ ਆਇਆ ॥ ਹੁਕਮੈ ਬੁਝਿ ਨਿਹਾਲੁ ,ਖਸਮਿ ਫੁਰਮਾਇਆ ॥ ਜਿਸੁ ਹੋਆ ਆਪਿ ਕ੍ਰਿਪਾਲੁ ,ਸੁ ਨਹ ਭਰਮਾਇਆ ॥ ਜੋ ਜੋ ਦਿਤਾ ਖਸਮਿ, ਸੋਈ ਸੁਖੁ ਪਾਇਆ ॥ ਨਾਨਕ ਜਿਸਹਿ ਦਇਆਲੁ ,ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ, ਮਰਿ ਮਰਿ ਜੰਮਹਿ ਨਿਤ ॥੨॥ (ਹੇ ਭਾਈ!) ਉਸ ਪ੍ਰਭੂ ਨੂੰ ਮਨ ਵਿਚ ਵਸਾ, ਜਿਸ ਨੇ (ਤੈਨੂੰ ਤੇ ਜਗਤ ਨੂੰ) ਪੈਦਾ ਕੀਤਾ ਹੈ।ਜਿਸ ਮਨੁੱਖ ਨੇ ਮਾਲਕ ਪ੍ਰਭੂ ਨੂੰ ਸਿਮਰਿਆ ਹੈ, ਉਸ ਨੇ ਸੁਖ ਪਾਇਆ ਹੈ।(ਅਜੇਹੇ) ਗੁਰਮੁਖ ਦਾ ਜਨਮ ਸਫਲ ਹੈ ਅਤੇ (ਉਸ ਦਾ ਜਗਤ ਵਿਚ) ਆਇਆ ਪ੍ਰਵਾਨ ਹੈ।(ਜੋ ਕੁਛ) ਮਾਲਕ ਪ੍ਰਭੂ ਨੇ ਫੁਰਮਾਇਆ, ਉਹ ਹੁਕਮ ਸਮਝ ਕੇ (ਗੁਰਮੁਖ) ਨਿਹਾਲ ਹੋ ਗਿਆ ਹੈ।ਜਿਸ ਉਤੇ ਪ੍ਰਭੂ ਆਪ ਕ੍ਰਿਪਾਲੂ ਹੋਇਆ ਹੈ, ਉਹ (ਜੋਨੀਆਂ ਵਿਚ) ਨਹੀਂ ਭਰਮਿਆ।ਮਾਲਕ ਪ੍ਰਭੂ ਨੇ ਜੋ ਜੋ ਕੁਝ ਦਿਤਾ, ਉਹ ਹੀ (ਪ੍ਰਾਪਤ ਕਰਕੇ ਉਸ ਨੇ) ਸੁਖ ਪਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਉਤੇ ਮਿਤ੍ਰ ਪ੍ਰਭੂ ਦਿਆਲ ਹੁੰਦਾ ਹੈ, (ਉਸ ਨੂੰ ਅਪਣਾ) ਹੁਕਮ ਸਮਝਾ ਦੇਂਦਾ ਹੈ (ਹੁਕਮ ਮੰਨਣ ਦੀ ਸੂਝ ਬੂਝ ਬਖਸ਼ਦਾ ਹੈ)।ਜਿਸ ਮਨੁੱਖ ਨੂੰ ਆਪ ਭੁਲਾ (ਕੁਰਾਹੇ ਪਾ) ਦੇਂਦਾ ਹੈ, ਉਹ ਮਰ ਮਰ ਕੇ ਨਿਤ ਜੰਮਦਾ ਰਹਿੰਦਾ ਹੈ।੨।

ਪਦਾਰਥ = ਤਿਸ ਨੋ–ਉਸ ਨੂੰ।ਮੰਨਿ–ਮਨ ਵਿਚ।ਜਿਨਿ–ਜਿਸ ਨੇ।ਉਪਾਇਆ–ਪੈਦਾ ਕੀਤਾ।ਜਨਿ–ਮਨੁੱਖ ਨੇ।ਖਸਮੁ–ਮਾਲਕ ਪ੍ਰਭੂ ਨੂੰ।ਖਸਮਿ–ਮਾਲਕ ਪ੍ਰਭੂ ਨੇ।ਸੁ–ਉਹ।ਨਹ ਭਰਮਾਇਆ–ਭਟਕਿਆ ਨਹੀਂ।ਮਿਤ–ਮਿਤ੍ਰ ਪ੍ਰਭੂ।ਨਿਤ–ਰੋਜ; ਸਦਾ।੨।

ਪਉੜੀ ॥ ਨਿੰਦਕ ਮਾਰੇ ਤਤਕਾਲਿ, ਖਿਨੁ ਟਿਕਣ ਨ ਦਿਤੇ ॥ ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ, ਫੜਿ ਜੋਨੀ ਜੁਤੇ ॥ (ਪ੍ਰਭੂ ਨੇ) ਨਿੰਦਕ ਉਸੇ ਵੇਲੇ ਮਾਰ ਦਿਤੇ, ਇਕ ਖਿਨ ਵੀ (ਉਹ ਨਿੰਦਕ ਮਨੁੱਖਾ ਸਰੀਰ ਵਿਚ) ਟਿਕਣ ਨਹੀਂ ਦਿਤੇ।ਪ੍ਰਭੂ ਜੀ ਦਾਸਾਂ ਦਾ ਦੁਖ ਸਹਿ ਨਹੀਂ ਸਕਦੇ, (ਇਸ ਲਈ ਪ੍ਰਭੂ ਨੇ ਨਿੰਦਕ) ਫੜ ਕੇ ਜੋਨੀਆਂ ਵਿਚ ਜੋੜ ਦਿਤੇ (ਭੇਜ ਦਿਤੇ)।

ਅੰਗ ੫੨੪ = ਮਥੇ ਵਾਲਿ ਪਛਾੜਿਅਨੁ ,ਜਮ ਮਾਰਗਿ ਮੁਤੇ ॥ ਦੁਖਿ ਲਗੈ ਬਿਲਲਾਣਿਆ, ਨਰਕਿ ਘੋਰਿ ਸੁਤੇ ॥ ਕੰਠਿ ਲਾਇ ਦਾਸ ਰਖਿਅਨੁ ,ਨਾਨਕ ਹਰਿ ਸਤੇ ॥੨੦॥ (ਉਨ੍ਹਾਂ ਨੂੰ) ਉਸ ਪ੍ਰਭੂ ਨੇ ਸਿਰ ਦੇ ਵਾਲਾਂ ਤੋਂ ਫੜ ਕੇ ਜਮੀਨ ਤੇ ਪਟਕਾ ਮਾਰਿਆ ਅਤੇ (ਉਹ ਨਿੰਦਕ) ਜਮ ਦੇ ਰਸਤੇ ਤੇ ਛਡ ਦਿਤੇ ਗਏ।(ਉਹ) ਦੁਖ ਲਗਣ ਕਰਕੇ ਚੀਖ ਉਠੇ ਅਤੇ ਡਰਾਉਣੇ ਨਰਕ ਵਿਚ ਜਾ ਸੁੱਤੇ (ਪੈ ਗਏ)।ਨਾਨਕ ਗਰੂ ਜੀ ਆਖਦੇ ਹਨ ਕਿ ਸੱਚੇ ਹਰੀ ਨੇ ਅਪਣੇ ਦਾਸ ਗਲ ਨਾਲ ਲਾ ਕੇ ਬਚਾ ਰੱਖੇ ਹਨ।੨੦।

ਪਦਾਰਥ = ਤਤਕਾਲਿ–ਉਸੇ ਵੇਲੇ; ਤੁਰੰਤ।ਖਿਨੁ–ਇਕ ਪਲ।ਨ ਖਵਿ ਸਕਹਿ–ਸਹਾਰ ਨਹੀਂ ਸਕਦੇ।ਜੋਨੀ–ਜੁਤੇ–ਜੋਨੀਆਂ ਵਿਚ ਜੋੜ (ਪਾ) ਦਿਤੇ।ਮਥੇ ਵਾਲਿ–ਸਿਰ ਦੇ ਵਾਲਾਂ ਤੋਂ।ਪਛਾੜਿਅਨੁ–ਭੁੰਜੇ ਪਟਕਾ ਮਾਰੇ ਉਸ ਨੇ।ਮੁਤੇ–ਛਡ (ਭੇਜ) ਦਿਤੇ।ਦੁਖਿ ਲਗੈ–ਦੁਖ ਲੱਗਣ ਕਰਕੇ।ਬਿਲਲਾਣਿਆ–ਚੀਖ ਉਠੇ।ਨਰਕਿ ਘੋਰਿ–ਡਰਾਉਣੇ ਨਰਕ ਵਿਚ।ਸੁਤੇ–ਜਾ ਸੁੱਤੇ (ਪਏ)।ਕੰਠਿ–ਗਲ ਨਾਲ। ਦਾਸ–ਸੇਵਕ।ਰਖਿਅਨੁ–ਰੱਖ ਲਏ ਉਸ (ਪ੍ਰਭੂ) ਨੇ।ਹਰਿ ਸਤੇ–ਸੱਚੇ ਹਰੀ ਨੇ।੨੦।

ਸਲੋਕ ਮਃ ੫ ॥ ਰਾਮੁ ਜਪਹੁ ਵਡਭਾਗੀਹੋ, ਜਲਿ ਥਲਿ ਪੂਰਨੁ ਸੋਇ ॥ ਨਾਨਕ ਨਾਮਿ ਧਿਆਇਐ, ਬਿਘਨੁ ਨ ਲਾਗੈ ਕੋਇ ॥੧॥ ਹੇ ਵੱਡੇ ਭਾਗਾਂ ਵਾਲੇ ਪੁਰਖੋ! (ਤੁਸੀਂ) ਪ੍ਰਮਾਤਮਾ ਨੂੰ ਜਪੋ, ਪਾਣੀ ਵਿਚ ਤੇ ਧਰਤੀ ਉਤੇ (ਸਭ ਜਗ੍ਹਾ) ਉਹ ਹੀ ਪਰੀ ਪੂਰਨ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਦੇ ਧਿਆਉਣੇ ਕਰਕੇ ਕੋਈ ਬਿਘਨ ਨਹੀਂ ਲਗ ਸਕਦਾ।੧।

ਮਃ ੫ ॥ ਕੋਟਿ ਬਿਘਨ ਤਿਸੁ ਲਾਗਤੇ, ਜਿਸ ਨੋ ਵਿਸਰੈ ਨਾਉ ॥ ਨਾਨਕ ਅਨਦਿਨੁ ਬਿਲਪਤੇ, ਜਿਉ ਸੁੰਞੈ ਘਰਿ ਕਾਉ ॥੨॥

(ਇਹ ਸਲੋਕ ਇਸੇ ਵਾਰ ਵਿਚ ੫੨੨ ਅੰਗ ਤੇ ੧੫ ਵੀਂ ਪਉੜੀ ਦਾ ਪਹਿਲਾ ਸਲੋਕ ਹੈ।ਅਰਥ ਉਥੇ ਦੇਖੇ ਜਾ ਸਕਦੇ ਹਨ)।

ਪਉੜੀ ॥ ਸਿਮਰਿ ਸਿਮਰਿ ਦਾਤਾਰੁ ,ਮਨੋਰਥ ਪੂਰਿਆ ॥ ਇਛ ਪੁੰਨੀ ਮਨਿ ਆਸ, ਗਏ ਵਿਸੂਰਿਆ ॥ ਪਾਇਆ ਨਾਮੁ ਨਿਧਾਨੁ ,ਜਿਸ ਨੋ ਭਾਲਦਾ ॥ ਜੋਤਿ ਮਿਲੀ ਸੰਗਿ ਜੋਤਿ, ਰਹਿਆ ਘਾਲਦਾ ॥ ਸੂਖ ਸਹਜ ਆਨੰਦ, ਵੁਠੇ ਤਿਤੁ ਘਰਿ ॥ ਆਵਣ ਜਾਣ ਰਹੇ, ਜਨਮੁ ਨ ਤਹਾ ਮਰਿ ॥ ਸਾਹਿਬੁ ਸੇਵਕੁ ਇਕੁ ,ਇਕੁ ਦ੍ਰਿਸਟਾਇਆ ॥ ਗੁਰ ਪ੍ਰਸਾਦਿ ਨਾਨਕ, ਸਚਿ ਸਮਾਇਆ ॥੨੧॥੧॥੨॥

ਸੁਧੁ ॥ (ਹੇ ਭਾਈ!) ਦਾਤਾਰ ਪ੍ਰਭੂ ਨੂੰ ਸਿਮਰ ਸਿਮਰ ਕੇ (ਸੇਵਕ ਦੇ ਸਾਰੇ) ਮਨੋਰਥ ਪੂਰੇ ਹੋ ਗਏ ਹਨ। ਮਨ ਵਿਚ ਜੋ ਇਛਾਵਾਂ ਤੇ ਆਸਾਂ ਸਨ, (ਉਹ ਸਭ) ਪੂਰੀਆਂ ਹੋ ਗਈਆਂ ਤੇ ਸ਼ੋਕ ਵੀ ਦੂਰ ਹੋ ਗਏ ਹਨ। ਨਾਮ ਰੂਪ ਖਜਾਨਾ (ਸੇਵਕ ਨੂੰ) ਪ੍ਰਾਪਤ ਹੋ ਗਿਆ, ਜਿਸ ਨੂੰ ਭਾਲਦਾ ਫਿਰਦਾ ਸੀ। ਹਰੀ ਦੀ ਜੋਤ ਵਿਚ (ਸੇਵਕ ਦੀ) ਆਤਮਕ ਜੋਤ ਮਿਲ ਗਈ, (ਹੁਣ ਉਸ ਦੀ) ਘਾਲ ਕਰਨੀ ਮੁੱਕ ਗਈ। ਉਸ ਦੇ ਹਿਰਦੇ ਘਰ ਵਿਚ ਕੁਦਰਤੀ ਸੁਖ ਅਨੰਦ ਆ ਵਸੇ ਹਨ। (ਉਸ ਸੇਵਕ ਦਾ) ਆਉਣਾ ਜਾਣਾ ਮੁਕ ਗਿਆ, (ਉਹ ਉਥੇ ਜਾ ਵਸਿਆ ਹੈ) ਜਿਥੇ ਨਾ ਜਨਮ ਹੈ ਨਾ ਮੌਤ ਹੈ। ਮਾਲਕ ਤੇ ਸੇਵਕ ਇਕ ਰੂਪ ਹੋ ਗਏ ਹਨ, (ਦੋਹਾਂ ਦਾ) ਇਕ ਰੂਪ ਨਜਰ ਆਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ ਸੇਵਕ) ਗੁਰੂ ਦੀ ਕਿਰਪਾ ਨਾਲ ਸੱਚੇ ਪ੍ਰਭੂ ਵਿਚ ਸਮਾ ਗਿਆ ਹੈ।੨੨।ਸੁਧੁ।

ਪਦਾਰਥ = ਥਲਿ–ਧਰਤੀ ਉਤੇ।ਪੂਰਨੁ–ਵਿਆਪਕ।ਸੋਇ–ਉਹ ਹੀ।ਧਿਆਇਐ–ਧਿਆਉਣੇ ਕਰਕੇ।੧।ਪਉੜੀ।ਪੁੰਨੀ–ਪੂਰੀਆਂ ਹੋ ਗਈਆਂ।ਵਿਸੂਰਿਆ–ਦੁਖ; ਪਛਤਾਵੇ।ਨਿਧਾਨੁ–ਖਜਾਨਾ।ਭਾਲਦਾ–ਲੱਭਦਾ ਸੀ।ਰਹਿਆ–ਮੁੱਕ ਗਿਆ।ਘਾਲਦਾ–ਘਾਲ ਕਮਾਈ।ਸੂਖ ਸਹਜ–ਕੁਦਰਤੀ ਸੁਖ; ਆਤਮਕ ਸੁਖ।ਵੁਠੇ–ਵਸੇ ਹਨ।ਤਿਤੁ–ਉਸ।ਆਵਣ ਜਾਣ–ਆਉਣਾ ਜਾਣਾ (ਜਨਮ ਮਰਨ ਦਾ ਗੇੜ)।ਰਹੇ–ਮੁੱਕ ਗਏ।ਤਹਾ–ਉਥੇ।ਮਰਿ–ਮੌਤ।ਦ੍ਰਿਸਟਾਇਆ–ਨਜਰ ਆਇਆ।ਸਮਾਇਆ–ਸਮਾ ਗਿਆ।੨੨।੧।੨।

ਉਥਾਨਕਾ = ਇਕ ਪਖੰਡੀ ਸਾਧੂ ਕਿਸੇ ਗ੍ਰਿਹਸਤੀ ਦੇ ਘਰ ਵਿਚ ਰਹਿੰਦਾ ਸੀ। ਸਿਮਰਨ ਕਰਦਾ ਨਹੀਂ ਸੀ, ਬੂਹਾ ਬੰਦ ਕਰਕੇ ਅੰਦਰ ਸੁੱਤਾ ਰਹਿੰਦਾ ਸੀ, ਤਾਂ ਕਿ ਲੋਕ ਸਮਝਣ ਕਿ ਸਾਧੂ ਸਮਾਧੀ ਵਿਚ ਬੈਠਾ ਹੈ। ਕਬੀਰ ਜੀ ਇਸ ਦੀ ਕਿਰਿਆ ਦੇਖ ਕੇ ਆਖਣ ਲੱਗੇ, ਭਲਿਆ ਲੋਕਾ! ਭਜਨ ਕਰਿਆ ਕਰ, ਇਸ ਤਰ੍ਹਾਂ ਦਾ ਪਖੰਡ ਕਰਨਾ ਸਾਧੂਆਂ ਨੂੰ ਸੋਭਾ ਨਹੀਂ ਦੇਂਦਾ। ਪਰ ਸਾਧੂ ਨੇ ਕਬੀਰ ਜੀ ਦੀ ਸਿਖਿਆ ਮੰਨੀ ਨਹੀਂ, ਸਮਾਂ ਪਾ ਕੇ ਸਾਧ ਮਰ ਗਿਆ ਤੇ ਉਸੇ ਘਰ ਦੀ ਗਾਂ ਤੋਂ ਪੈਦਾ ਹੋ ਕੇ ਬਲਦ ਆ ਬਣਿਆ। ਜਦ ਘਰ ਵਾਲੇ ਨੇ ਹਲ ਨੂੰ ਜੋੜਿਆ, ਤਾਂ ਬੈਠ ਜਾਇਆ ਕਰੇ। ਕਬੀਰ ਜੀ ਇਧਰ ਆਏ ਤਾਂ ਇਸ ਦੀ ਹਾਲਤ ਦੇਖ ਕੇ ਇਹ ਸ਼ਬਦ ਉਚਾਰਿਆ =

ਰਾਗੁ ਗੂਜਰੀ ਭਗਤਾ ਕੀ ਬਾਣੀ ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ ॥

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ, ਤਬ ਕੈਸੇ ਗੁਨ ਗਈ ਹੈ ॥ ਊਠਤ ਬੈਠਤ ਠੇਗਾ ਪਰਿ ਹੈ, ਤਬ ਕਤ ਮੂਡ ਲੁਕਈ ਹੈ ॥੧॥ ਹਰਿ ਬਿਨੁ ਬੈਲ ਬਿਰਾਨੇ ਹੁਈ ਹੈ ॥ ਫਾਟੇ ਨਾਕਨ ਟੂਟੇ ਕਾਧਨ, ਕੋਦਉ ਕਉ ਭੁਸੁ ਖਈ ਹੈ ॥੧॥ ਰਹਾਉ॥ ਸਾਰੋ ਦਿਨੁ ਡੋਲਤ ਬਨ ਮਹੀਆ, ਅਜਹੁ ਨ ਪੇਟ ਅਘਈ ਹੈ ॥ ਜਨ ਭਗਤਨ ਕੋ ਕਹੋ ਨ ਮਾਨੋ, ਕੀਓ ਅਪਨੋ ਪਈ ਹੈ ॥੨॥ ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ, ਅਨਿਕ ਜੋਨਿ ਭਰਮਈ ਹੈ ॥ ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ, ਇਹੁ ਅਉਸਰੁ ਕਤ ਪਈ ਹੈ ॥੩॥ ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ,ਗਤਿ ਬਿਨੁ ਰੈਨਿ ਬਿਹਈ ਹੈ ॥ ਕਹਤ ਕਬੀਰ ਰਾਮ ਨਾਮ ਬਿਨੁ ,ਮੂੰਡ ਧੁਨੇ ਪਛੁਤਈ ਹੈ ॥੪॥੧॥ (ਹੇ ਸਿਮਰਨ ਹੀਣ ਜੀਵ! ਬਲਦ ਦੀ ਜੂਨ ਵਿਚ ਪੈ ਕੇ ਜਦ ਤੇਰੇ) ਚਾਰ ਪੈਰ, ਦੋ ਸਿੰਗ ਹੋਣਗੇ ਤੇ ਮੂੰਹੋਂ ਗੂੰਗਾ (ਬੇਜਬਾਨ) ਹੋਵੇਂਗਾ, ਤਦ (ਤੂੰ ਹਰੀ ਦੇ) ਗੁਣ ਕਿਵੇਂ ਗਾ ਸਕੇਂਗਾ? (ਫਿਰ) ਉਠਦਿਆਂ ਤੇ ਬੈਠਦਿਆਂ (ਤੇਰੇ ਉਤੇ) ਸੋਟੀਆਂ ਦੀ ਮਾਰ ਪਵੇਗੀ, ਉਦੋਂ (ਮਾਰ ਤੋਂ ਬਚਣ ਲਈ) ਸਿਰ ਕਿੱਥੇ ਲੁਕਾਵੇਂਗਾ?।੧। ਹਰੀ ਦੇ ਸਿਮਰਨ ਤੋਂ ਬਿਨਾ ਬਿਗਾਨਾ ਬਲਦ ਬਣੀਦਾ ਹੈ (ਦੂਜਿਆਂ ਦੇ ਗੁਲਾਮ ਹੋ ਜਾਈਦਾ ਹੈ। ਉਦੋਂ ਤੇਰੇ ਨੱਕ ਵਿਚ ਨੱਥ ਪਈ ਹੋਣ ਕਰਕੇ) ਨੱਕ ਫਟਿਆ ਹੋਏਗਾ (ਪੰਜਾਲੀ ਤੇ ਜੂਲੇ ਨਾਲ) ਕੰਧਾ ਟੁੱਟਾ ਹੋਏਗਾ ਅਤੇ ਕੋਧਰੇ ਦਾ ਭੂਸਾ ਖਾਏਂਗਾ।੧।ਰਹਾਉ। (ਬੁੱਢਾ ਹੋਇਆ ਨਿਕੰਮਾ ਜਾਣ ਕੇ ਮਾਲਕ ਜੰਗਲ ਵਿਚ ਛਡ ਦਿੰਦਾ ਹੈ ਤਾਂ) ਸਾਰਾ ਦਿਨ ਜੰਗਲ ਵਿਚ ਡੋਲਦਾ (ਘਾਹ ਚਰਦਾ) ਫਿਰੇਂਗਾ, (ਪਰ ਦੰਦ ਘਸੇ ਹੋਣ ਕਰਕੇ) ਪੇਟ ਅਜੇ ਵੀ ਨਹੀਂ ਰੱਜੇਗਾ (ਭਰੇਗਾ)। ਭਗਤ ਜਨਾਂ ਦਾ ਕਿਹਾ (ਉਪਦੇਸ਼) ਨਹੀਂ ਮੰਨਿਆ, (ਫਿਰ ਉਮਰ ਬੀਤ ਜਾਣ ਤੇ) ਅਪਣਾ ਕੀਤਾ (ਫਲ) ਪਾਏਂਗਾ।੨। ਦੁਖ ਸੁਖ ਕਰਦਿਆਂ ਵੱਡੇ ਭਰਮ ਵਿਚ ਡੁਬ ਰਿਹਾ ਹੈਂ, (ਜਿਸ ਕਰਕੇ ਤੂੰ) ਅਨੇਕਾਂ ਜੋਨਾਂ ਵਿਚ ਭਟਕਦਾ ਰਹੇਂਗਾ। (ਤੈਨੂੰ) ਪ੍ਰਭੂ ਭੁੱਲ ਗਿਆ ਹੈ, (ਜਿਸ ਕਰਕੇ ਤੈਂ ਅਪਣਾ) ਰਤਨਾਂ ਵਰਗਾ ਅਮੋਲਕ ਜਨਮ ਗੁਆ ਲਿਆ ਹੈ, ਇਹ ਮੌਕਾ (ਮਨੁੱਖਾ ਜਨਮ ਦਾ) ਫਿਰ ਕਿਥੋਂ ਪਾਏਂਗਾ?।੩। ਤੇਲੀ ਦੇ ਬਲਦ ਵਾਂਗ ਭਰਮਦੇ ਫਿਰਦਿਆਂ ਟਿਕਾਉ ਬਿਨਾ; ਮੰਜਲ ਤੇ ਪੁੱਜੇ ਬਿਨਾ ਰਾਤ ਗੁਜਾਰਦਾ ਹੈਂ। ਕਬੀਰ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਸਿਰ ਹਿਲਾਉਂਦਾ ਹੋਇਆ ਪਛਤਾਵੇਂਗਾ।੪।੧।

ਪਦਾਰਥ = ਚਉਪਦਾ–ਚਾਰ ਪਦਿਆਂ ਵਾਲਾ ਸ਼ਬਦ। ਘਰੁ ੨ ਦੂਜਾ–ਅੰਕ ੨ ਦੇ ਨਾਲ ਦੂਜਾ ਲਿਖਣ ਤੋਂ ਭਾਵ ਹੈ ਕਿ ਘਰ ਦੋ ਨਹੀਂ, ਦੂਜਾ ਬੋਲਣਾ ਹੈ।ਪਾਵ–ਪੈਰ।ਦੁਇ–ਦੋ।ਗੁੰਗ–ਗੂੰਗਾ।ਗਈ ਹੈ–ਗਾਵੇਂਗਾ।ਠੇਗਾ–ਸੋਟਾ; ਦੰਡ।ਪਰਿ ਹੈ–ਪਏਗਾ।ਕਤ–ਕਿੱਥੇ।ਮੂਡ–ਸਿਰ।ਲੁਕਈ ਹੈ–ਲੁਕਾਏਂਗਾ।੧।ਬੈਲ–ਬਲਦ।ਬਿਰਾਨੇ–ਬਿਗਾਨੇ (ਦੂਜਿਆਂ ਦਾ ਗੁਲਾਮ)।ਫਾਟੇ–ਫਟਿਆ ਹੋਇਆ।ਨਾਕਨ–ਨੱਕ

।ਕਾਧਨ–ਕੰਧਾ (ਮੋਢਾ)।ਕੋਦਉ ਕੋ–ਕੋਧਰੇ ਦਾ (ਬਾਥੂ ਵਰਗਾ ਘਾਹ)।ਭੁਸੁ–ਭੂਸਾ (ਭੁਠਾ; ਭੋਹ)।ਖਈ ਹੈ–ਖਾਏਂਗਾ।੧।ਰਹਾਉ। ਡੋਲਤ ਫਿਰਤ–ਭਟਕਦਾ (ਘਾਹ ਚਰਦਾ) ਫਿਰਦਾ ਹੈ।ਬਨ ਮਹੀਆ–ਜੰਗਲ ਵਿਚ।ਅਜਹੁ–ਅਜੇ ਵੀ।ਨ ਅਘਈ–ਨਹੀਂ ਰੱਜੇਗਾ। ਕਹੋ–ਕਿਹਾ ਉਪਦੇਸ਼।ਪਈ ਹੈ–ਪਾਏਂਗਾ।੨।ਬੂਡੋ–ਡੁਬ ਰਿਹਾ ਹੈਂ।ਭਰਮਈ ਹੈ–ਭਰਮੇਂਗਾ।ਬਿਸਰਿਓ–ਭੁੱਲ ਗਿਆ।ਅਉਸਰੁ–ਮੌਕਾ।ਕਤ ਪਈ ਹੈ–ਕਿੱਥੇ ਪਾਏਂਗਾ।੩।ਭ੍ਰਮਤ ਫਿਰਤ–ਭਟਕਦੇ ਫਿਰਦਿਆਂ।ਤੇਲਕ–ਤੇਲੀ।ਕਪਿ ਜਿਉ–ਬਲਦ ਵਾਂਗ (ਮ.ਕੋ.)। ਗਤਿ ਬਿਨ–ਟਿਕਾਉ (ਵਿਸਰਾਮ) ਬਿਨਾ; (ਮੰਜਲ ਤੇ) ਪਹੁੰਚੇ ਬਿਨਾ।ਰੈਨਿ–ਰਾਤ।ਬਿਹਈ ਹੈ–ਗੁਜਾਰਦਾ ਹੈ।ਮੂੰਡ ਧੁਨੇ–ਸਿਰ ਮਾਰਦਾ; ਸਿਰ ਪਿੱਟਦਾ ਹੈ; ਸਿਰ ਹਿਲਾਉਂਦਿਆਂ।ਪਛਤਈ ਹੈ–ਪਛਤਾਉਂਦਾ ਹੈ।੪।੧।

ਗੂਜਰੀ ਘਰੁ ੩ ॥ ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥੧॥ ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ਰਹਾਉ॥ ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥੨ ॥ ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥ ਕਹਤ ਕਬੀਰ ਸੁਨਹੁ ਮੇਰੀ ਮਾਈ ॥ ਹਮਰਾ ਇਨਕਾ ਦਾਤਾ ਏਕੁ ਰਘੁਰਾਈ ॥੪॥੨॥ ਕਬੀਰ ਦੀ ਮਾਤਾ ਹਟਕੋਰੇ ਲੈ ਲੈ ਕੇ ਰੋਂਦੀ ਹੈ।(ਅਤੇ ਕਹਿੰਦੀ ਹੈ ਕਿ) ਹੇ ਪ੍ਰਭੂ! (ਕਬੀਰ ਦੇ) ਏਹ ਬੱਚੇ ਕਿਵੇਂ ਜਿਉਂਣਗੇ?।੧।(ਕਿਉਂਕਿ) ਕਬੀਰ ਨੇ ਤਾਣਾ ਤਣਨਾ ਤੇ ਕੱਪੜਾ ਬੁਣਨਾ ਸਭ ਛਡ ਦਿਤਾ ਹੈ।ਅਤੇ ਹਰੀ ਦਾ ਨਾਮ ਸਰੀਰ ਤੇ ਲਿਖ ਲਿਆ ਹੈ (ਹਰੀ ਦਾ ਨਾਮ ਹੀ ਜਪਦਾ ਰਹਿੰਦਾ ਹੈ)।੧।ਰਹਾਉ।(ਕਬੀਰ ਜੀ ਆਖਦੇ ਹਨ ਕਿ) ਜਦ ਤਕ ਮੈਂ ਨਲੀ ਵਿਚ (ਫੂਕ ਮਾਰ ਕੇ) ਧਾਗਾ ਪਾਉਂਦਾ ਹਾਂ।ਤਦ ਤਕ ਮੈਨੂੰ ਹਰੀ ਭੁੱਲ ਜਾਂਦਾ ਹੈ (ਧਿਆਨ ਧਾਗਾ ਪਾਉਣ ਵੱਲ ਚਲਾ ਜਾਂਦਾ ਹੈ।੨। ਲੋਕਾਂ ਦੀ ਸਮਝ ਵਿਚ) ਮੇਰੀ ਮੱਤ ਹੋਛੀ ਹੈ ਅਤੇ ਮੇਰੀ ਜਾਤ ਜੁਲਾਹਾ ਹੈ {ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ੧੩੬੪}। (ਪਰ) ਮੈਂ ਹਰੀ ਦਾ ਨਾਮ ਰੂਪ ਲਾਭ ਲੈ ਲਿਆ ਹੈ।੩।ਕਬੀਰ ਜੀ ਕਹਿੰਦੇ ਹਨ ਕਿ ਹੇ ਮੇਰੀ ਮਾਤਾ ਸੁਣ!।ਸਾਡਾ ਤੇ ਇਨ੍ਹਾਂ (ਬੱਚਿਆਂ) ਦਾ ਦਾਤਾ ਇਕੋ ਪ੍ਰਭੂ ਹੈ (ਜੋ ਸਭ ਦੀ ਪਾਲਣਾ ਕਰਦਾ ਹੈ, ਇਸ ਕਰਕੇ ਚਿੰਤਾ ਨਾ ਕਰੋ)।੪।੨।

ਇਸ ਸ਼ਬਦ ਵਿਚ ਕਬੀਰ ਜੀ ਨੇ ਅਪਣੀ ਮਾਂ ਦੇ ਗਿਲੇ ਸ਼ਿਕਵੇ ਬਿਆਨ ਕੀਤੇ ਹਨ ਤੇ ਫਿਰ ਉਨ੍ਹਾਂ ਦਾ ਉਤਰ ਵੀ ਆਪੇ ਦਿਤਾ ਹੈ।

ਪਦਾਰਥ = ਮੁਸਿ ਮੁਸਿ–ਹਟਕੋਰੇ ਲੈ ਲੈ ਕੇ; ਬੁਸ ਬੁਸ ਕਰਕੇ।ਮਾਈ–ਮਾਂ।ਏ–ਏਹ।ਬਾਰਿਕ–ਛੋਟੇ ਬੱਚੇ।ਰਘੁਰਾਈ–ਹੇ ਪ੍ਰਭੂ!।੧। ਤਜਿਓ–ਛਡ ਦਿਤਾ।ਲਿਖਿ ਲੀਓ–ਲਿਖ ਲਿਆ (ਦਿਲ ਵਿਚ ਪਰੋ ਲਿਆ)।੧।ਰਹਾਉ।ਜਬ ਲਗੁ–ਜਦ ਤਕ।ਤਾਗਾ–ਧਾਗਾ।ਬਾਹਉ –ਪਾਉਂਦਾ ਹਾਂ; ਚਲਾਉਂਦਾ ਹਾਂ।ਬੇਹੀ–ਛੇਕ ਵਾਲੀ ਨਲੀ।ਤਬ ਲਗੁ–ਉਦੋਂ ਤਕ (ਉਤਨਾ ਚਿਰ)।ਬਿਸਰੈ–ਭੁੱਲ ਜਾਂਦਾ ਹੈ।ਸਨੇਹੀ–ਪਿਆਰਾ।੨।ਓਛੀ–ਹੋਛੀ (ਘਟੀਆ)।ਮਤਿ–ਅਕਲ।ਲਹਿਓ–ਲਿਆ ਹੈ; ਜਾਣਿਆ ਹੈ।ਲਾਹਾ–ਲਾਭ।੪।੨।

ਅੰਗ ੫੨੫ = ਗੂਜਰੀ ਸ੍ਰੀ ਨਾਮ ਦੇਵ ਜੀ ਕੇ ਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਜੌ ਰਾਜੁ ਦੇਹਿ ਤ ਕਵਨ ਬਡਾਈ ॥ ਜੌ ਭੀਖ ਮੰਗਾਵਹਿ, ਤ ਕਿਆ ਘਟਿ ਜਾਈ ॥੧॥ ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥ ਬਹੁਰਿ ਨ ਹੋਇ ਤੇਰਾ ਆਵਨ ਜਾਨੁ ॥੧॥ਰਹਾਉ॥ ਸਭ ਤੈ ਭੁਲਾਈ ਭਰਮ ਭੁਲਾਈ ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥ ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ,ਦੂਜਾ ਨਦਰਿ ਨ ਆਈ ॥੩॥ ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥ ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮ ਦੇਉ ,ਹਮ ਹਰਿ ਕੀ ਸੇਵਾ ॥੪॥੧॥ (ਹੇ ਪ੍ਰਭੂ! ਤੂੰ ਮੈਨੂੰ) ਜੇਕਰ ਰਾਜ ਦੇ ਦੇਵੇਂ, ਤਾਂ ਇਸ ਵਿਚ ਕਿਹੜੀ ਵਡਿਆਈ ਹੈ? (ਇਸ ਨਾਲ ਮੈਂ ਵੱਡਾ ਨਹੀਂ ਹੋ ਜਾਵਾਂਗਾ)? ਜੇਕਰ ਭੀਖ ਮੰਗਾ ਲਵੇਂ (ਗਰੀਬ ਬਣਾ ਦੇਵੇਂ) ਤਾਂ ਮੇਰਾ ਕੀ ਘਟ ਜਾਵੇਗਾ।੧।ਹੇ ਮੇਰੇ ਮਨ! ਤੂੰ ਹਰੀ ਦਾ ਭਜਨ ਕਰ, ਤਾਂ ਤੂੰ ਨਿਰਬਾਨ ਪਦਵੀ ਪਾ ਲਵੇਂਗਾ।(ਇਸ ਦੇ ਫਲ ਕਰਕੇ ਜਗਤ ਵਿਚ) ਤੇਰਾ ਮੁੜ ਦੁਬਾਰਾ ਆਉਣਾ ਜਾਣਾ (ਜਨਮ ਮਰਨ) ਨਹੀਂ ਹੋਵੇਗਾ।੧।ਰਹਾਉ।(ਹੇ ਪ੍ਰਭੂ!) ਤੈਂ ਸਾਰੀ ਸ੍ਰਿਸਟੀ ਪੈਦਾ ਕੀਤੀ ਹੈ ਤੇ ਭਰਮ ਵਿਚ ਪਾ ਕੇ ਭੁਲਾ ਛਡੀ (ਕੁਰਾਹੇ ਪਾ ਦਿਤੀ) ਹੈ।(ਪਰ) ਜਿਸ ਮਨੁੱਖ ਨੂੰ ਤੂੰ (ਨਾਮ ਸਿਮਰਨ ਦੀ ਦਾਤ) ਦੇਂਦਾ ਹੈਂ, ਉਸ ਨੂੰ ਸਮਝ ਆਈ ਹੈ (ਬ੍ਰਹਮ ਗਿਆਨ ਹੋ ਜਾਂਦਾ ਹੈ।੨।ਸਮਝ ਕਿਵੇਂ ਮਿਲਦੀ ਹੈ? ਜਦ) ਸਤਿਗੁਰੂ ਮਿਲਦਾ ਹੈ ਤਾਂ ਸੰਸਾ ਦੂਰ ਹੋ ਜਾਂਦਾ ਹੈ।ਮੈਂ ਕਿਸ ਨੂੰ ਪੂਜਾਂ, (ਸਤਿਗੁਰੂ ਤੋਂ ਮਿਲੇ ਗਿਆਨ ਕਰਕੇ ਹਰੀ ਤੋਂ ਬਿਨਾ ਮੈਨੂੰ ਕੋਈ) ਦੂਜਾ ਨਜਰ ਹੀ ਨਹੀਂ ਆਉਂਦਾ। ੩। (ਲੋਕਾਂ ਵੱਲੋਂ) ਇਕ ਪੱਥਰ ਦੀ (ਮੂਰਤੀ ਘੜ ਕੇ ਉਸ ਨਾਲ) ਪ੍ਰੇਮ ਕੀਤਾ ਜਾਂਦਾ ਹੈ।(ਪਰ ਅਨ ਘੜੇ) ਦੂਜੇ ਪੱਥਰ ਤੇ ਪੈਰ ਰੱਖਿਆ ਜਾਂਦਾ ਹੈ।ਜੇ ਉਹ (ਮੂਰਤੀ ਵਾਲਾ ਪੱਥਰ) ਦੇਵਤਾ ਹੈ ਤਾਂ (ਦੂਜਾ ਜਿਸ ਤੇ ਪੈਰ ਧਰੀਦਾ ਹੈ) ਉਹ ਵੀ ਦੇਵਤਾ ਹੈ।ਨਾਮ ਦੇਵ ਜੀ ਕਹਿੰਦੇ ਹਨ ਕਿ ਮੈਂ (ਪੱਥਰ ਦੀ ਮੂਰਤੀ ਦੀ ਪੂਜਾ ਛਡ ਕੇ) ਹਰੀ ਦੀ ਸੇਵਾ ਕਰਦਾ ਹਾਂ।੪।੧।

ਪਦਾਰਥ = ਜੌ–ਜੇਕਰ।ਤ–ਤਾਂ।ਕਵਨ–ਕਿਹੜੀ।ਬਡਾਈ–ਵਡਿਆਈ (ਵਡੱਪਣ)।ਮੰਗਾਵਹਿ–ਮੰਗਾ ਲਵੇਂ।੧।ਪਦੁ ਨਿਰਬਾਨੁ–

ਵਾਸ਼ਨਾ ਰਹਿਤ ਪਦਵੀ; ਅਬਿਨਾਸੀ ਪਦ। ਬਹੁਰਿ–ਮੁੜ ਕੇ। ਆਵਨ ਜਾਨੁ–ਆਉਣਾ ਜਾਣਾ (ਜਨਮ ਮਰਨ)।੧। ਰਹਾਉ। ਤੈ–ਤੂੰ। ਉਪਾਈ–ਪੈਦਾ ਕੀਤੀ। ਤਿਸਹਿ–ਉਸ ਨੂੰ। ਬੁਝਾਈ–ਸਮਝ ਆਈ ਹੈ।੨। ਸਹਸਾ–ਸੰਸਾ; ਭਰਮ। ਜਾਈ–ਦੂਰ ਹੋ ਜਾਂਦਾ ਹੈ। ਹਉ–ਮੈਂ। ਨਦਰਿ–ਨਜਰ।੩। ਭਾਉ–ਪ੍ਰੇਮ। ਧਰੀਐ–ਰਖਿਆ ਜਾਂਦਾ ਹੈ। ਪਾਉ–ਪੈਰ। ਦੇਉ–ਦੇਵਤਾ। ਹਮ–ਮੈਂ।੪।੧।

ਗੂਜਰੀ ਘਰੁ ੧ ॥ ਮਲੈ ਨ ਲਾਛੈ ਪਾਰ ਮਲੋ, ਪਰਮਲੀਓ ਬੈਠੋ ਰੀ ਆਈ ॥ ਆਵਤ ਕਿਨੈ ਨ ਪੇਖਿਓ, ਕਵਨੈ ਜਾਣੈ ਰੀ ਬਾਈ ॥੧॥ ਕਉਣੁ ਕਹੈ ਕਿਣਿ ਬੂਝੀਐ, ਰਮਈਆ ਆਕੁਲੁ ਰੀ ਬਾਈ ॥੧॥ਰਹਾਉ॥ ਜਿਉ ਆਕਾਸੈ ਪੰਖੀਅਲੋ, ਖੋਜੁ ਨਿਰਖਿਓ ਨ ਜਾਈ ॥ ਜਿਉ ਜਲ ਮਾਝੈ ਮਾਛਲੋ, ਮਾਰਗੁ ਪੇਖਣੋ ਨ ਜਾਈ ॥੨॥ ਜਿਉ ਆਕਾਸੈ ਘੜੂਅਲੋ, ਮ੍ਰਿਗ ਤ੍ਰਿਸਨਾ ਭਰਿਆ ॥ ਨਾਮੇ ਚੇ ਸੁਆਮੀ ਬੀਠਲੋ, ਜਿਨਿ ਤੀਨੈ ਜਰਿਆ ॥੩॥੨॥ (ਪ੍ਰਭੂ ਨੂੰ) ਮੈਲ ਦਾ ਕੋਈ ਚਿੰਨ੍ਹ ਨਹੀਂ ਲਗਦਾ, ਉਹ ਮੈਲ ਤੋਂ ਪਰੇ (ਪਰਮ ਸ਼ੁੱਧ) ਹੈ, ਹੇ ਮਾਈ! (ਉਹ) ਸੁਗੰਧੀ ਵਾਂਗ (ਸਾਰੇ ਜੀਵਾਂ ਦੇ ਹਿਰਦਿਆਂ ਵਿਚ) ਆ ਕੇ ਬੈਠਾ ਹੋਇਆ (ਵਸਦਾ) ਹੈ। ਕਿਸੇ ਨੇ ਉਸ ਨੂੰ (ਹਿਰਦੇ ਵਿਚ) ਆਉਂਦਾ ਨਹੀਂ ਦੇਖਿਆ (ਕਿ ਕਿਧਰੋਂ ਆਉਂਦਾ ਹੈ, ਇਸ ਲਈ ਉਸ ਨੂੰ) ਹੇ ਮਾਈ! ਕੌਣ ਜਾਣ ਸਕਦਾ ਹੈ?।੧।(ਉਸ ਨੂੰ) ਕੌਣ ਬਿਆਨ ਕਰ ਸਕਦਾ ਹੈ? ਕਿਸ ਨੇ (ਉਸ ਨੂੰ) ਸਮਝਿਆ ਹੈ? ਹੇ ਮਾਈ! ਸਭ ਜਗ੍ਹਾ ਰਮਿਆ ਹੋਇਆ ਪ੍ਰਭੂ ਕੁਲ (ਵੰਸ਼) ਰਹਿਤ ਹੈ।੧। ਰਹਾਉ।(ਹੁਣ ਦ੍ਰਿਸਟਾਂਤ ਦੇਂਦੇ ਹਨ) ਜਿਵੇਂ ਅਕਾਸ਼ ਵਿਚ ਪੰਛੀ ਉਡਦਾ ਹੈ, ਉਸ (ਦੇ ਉਡਦੇ) ਦਾ ਰਸਤਾ ਦੇਖਿਆ ਨਹੀਂ ਜਾ ਸਕਦਾ। ਜਿਵੇਂ ਜਲ ਵਿਚ ਮੱਛੀ (ਦੇ ਚੱਲਣ) ਦਾ ਰਸਤਾ ਦੇਖਿਆ ਨਹੀਂ ਜਾਂਦਾ (ਇਸੇ ਤਰ੍ਹਾਂ ਹਰੀ ਨੂੰ ਸਥੂਲ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ)।੨। ਜਿਵੇਂ (ਕੋਈ ਕਹੇ ਕਿ) ਅਕਾਸ਼ ਵਿਚ ਮ੍ਰਿਗ ਤ੍ਰਿਸ਼ਨਾ ਦਾ ਭਰਿਆ ਘੜਾ (ਰੱਖਿਆ ਹੈ, ਇਹ ਝੂਠ ਹੈ। ਇਸੇ ਤਰ੍ਹਾਂ) ਨਾਮ ਦੇਵ ਦੇ ਮਾਲਕ ਬੀਠਲ ਜੀ ਹਨ, ਜਿਸ ਨੇ (ਉਪਰ ਦੱਸੇ) ਤਿੰਨਾਂ (ਦ੍ਰਿਸਟਾਂਤਾਂ) ਨੂੰ ਸਹਾਰਿਆ ਹੈ (ਤਿੰਨੇ ਗੱਲਾਂ ਅਣਹੋਣੀਆਂ ਹਨ); ਜਿਸ ਤੇ (ਉਪਰ ਦੱਸੀਆਂ) ਤਿੰਨੇ ਮਿਸਾਲਾਂ ਜੁੜੀਆਂ (ਘਟਦੀਆਂ) ਹਨ।੩।੨।

ਪਦਾਰਥ = ਮਲੈ–ਮੈਲ ਦਾ। ਲਾਛੈ–ਚਿਨ੍ਹ; ਦਾਗ। ਪਾਰਮਲੋ–ਮੈਲ ਤੋਂ ਪਰੇ (ਸ਼ੁੱਧ)। ਪਰਮਲੀਓ–ਸੁਗੰਧੀ। ਰੀ–ਹੇ ਮਾਈ!। ਬੈਠੋ–ਬੈਠਾ (ਵਸਦਾ) ਹੈ। ਆਵਤ–ਆਉਂਦਾ। ਕਿਨੈ–ਕਿਸੇ ਨੇ। ਪੇਖਿਓ–ਦੇਖਿਆ। ਕਵਨੈ–ਕੌਣ। ਰੀ ਬਾਈ–ਹੇ ਮਾਈ!।੧। ਕਹੈ–ਬਿਆਨ ਕਰ ਸਕਦਾ ਹੈ। ਕਿਣਿ–ਕਿਸ ਨੇ। ਬੂਝੀਐ–ਸਮਝਿਆ ਹੈ। ਰਮਈਆ–ਵਿਆਪਕ ਪ੍ਰਭੂ। ਆਕੁਲੁ–ਸਰਬ ਵਿਆਪਕ; ਕੁਲ ਰਹਿਤ ਪ੍ਰਭੂ।੧। ਰਹਾਉ। ਅਕਾਸੈ–ਅਕਾਸ਼ ਵਿਚ। ਪੰਖੀਅਲੋ–ਪੰਛੀ। ਖੋਜੁ–ਰਸਤਾ; ਜਮੀਨ ਤੇ ਪੈਰ ਦਾ ਨਿਸ਼ਾਨ। ਨਿਰਖਿਓ ਨ ਜਾਈ–ਦੇਖਿਆ ਨਹੀਂ ਜਾਂਦਾ। ਮਾਝੈ–ਵਿਚ। ਮਾਛਲੋ–ਮੱਛੀ। ਮਾਰਗੁ–ਰਸਤਾ। ਪੇਖਿਓ–ਦੇਖਿਆ।੨। ਘੜੂਅਲੋ–ਘੜਾ। ਬੀਠਲੋ–ਨਿਰਲੇਪ ਪ੍ਰਭੂ। ਚੇ–ਦੇ। ਜਿਨਿ–ਜਿਸ ਨੇ। ਤੀਨੈ–ਤਿੰਨ (ਦ੍ਰਿਸਟਾਂਤ) ਨੂੰ। ਜਰਿਆ–ਸਹਾਰਿਆ; ਜੁੜੀਆਂ (ਘਟਦੀਆਂ) ਹਨ।੩।੨।

ਵਿਆਖਿਆ = ਨਾਮ ਦੇਵ ਜੀ ਦਸਦੇ ਹਨ ਕਿ ਭਗਵਾਨ ਪਰਮ ਸ਼ੁੱਧ ਹੈ, ਉਸ ਨੂੰ ਮਾਇਆ ਦਾ ਕੋਈ ਦਾਗ ਨਹੀਂ ਲਗਦਾ। ਜਿਵੇਂ ਚੰਦਨ ਵਿਚ ਮਹਿਕ ਹੁੰਦੀ ਹੈ, ਇਸੇ ਤਰ੍ਹਾਂ ਉਹ ਸਭ ਵਿਚ ਵਸਦਾ ਹੈ {ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ੬੮੪}। ਜਿਵੇਂ ਕਿਸੇ ਦਿਸ਼ਾ ਤੋਂ ਚੰਦਨ ਆਦਿ ਦੀ ਸੁਗੰਧੀ ਆਉਂਦੀ ਹੈ, ਇਉਂ ਕਿਸੇ ਨੇ ਵੀ ਨਹੀਂ ਦੇਖਿਆ ਕਿ ਉਹ ਹਰੀ ਕਿਥੋਂ ਆਉਂਦਾ ਹੈ ਤੇ ਕਿਧਰ ਨੂੰ ਜਾਂਦਾ ਹੈ? ਜਾਂ ਕਿਸੇ ਨੇ ਉਸ ਨੂੰ ਸੰਸਾਰ ਵਿਚ ਆਉਂਦਿਆਂ (ਜਨਮ ਲੈਂਦਿਆਂ) ਨਹੀਂ ਦੇਖਿਆ। ਉਸ ਨੂੰ ਕੋਈ ਮਨ ਬਾਣੀ ਕਰਕੇ ਪੂਰਨ ਤੌਰ ਤੇ ਕਥਨ ਨਹੀਂ ਕਰ ਸਕਦਾ, ਉਹ ਤਾਂ ਸਰਬ ਵਿਆਪਕ ਹੈ। ਅੰਕ ੨ ਤੇ ੩ ਵਿਚ ਤਿੰਨ ਤਰ੍ਹਾਂ ਦੇ ਦ੍ਰਿਸ਼ਟਾਂਤ ਦਿਤੇ ਹਨ।੧. ਅਕਾਸ਼ ਵਿਚ ਉਡਤੇ ਪੰਛੀ ਦਾ ਰਸਤਾ।੨. ਪਾਣੀ ਵਿਚ ਤਰ ਰਹੀ ਮੱਛੀ ਦਾ ਰਸਤਾ ਨਹੀਂ ਜਾਣਿਆ ਜਾਂਦਾ।੩. ਅਕਾਸ਼ ਵਿਚ ਮ੍ਰਿਗ ਤ੍ਰਿਸ਼ਨਾ ਦਾ ਭਰਿਆ ਘੜਾ ਕਲਪਤ ਹੈ (ਇਹ ਮਿਥਿਆ ਹੈ)। ਨਾਮ ਦੇਵ ਦੇ ਬੀਠਲ ਜੀ ਐਸੇ ਹਨ ਜਿਸ ਨੇ ਤਿੰਨੇ ਦ੍ਰਿਸ਼ਟਾਂਤਾਂ ਨੂੰ ਜਰਿਆ (ਸਹਾਰਿਆ) ਹੈ ਭਾਵ ਜਿਵੇਂ ਇਹ ਤਿੰਨੇ ਗੱਲਾਂ ਅਣਹੋਣੀਆਂ ਹਨ ਤੇ ਦੇਖੀਆਂ ਨਹੀਂ ਜਾ ਸਕਦੀਆਂ, ਇਵੇਂ ਉਸ ਨੂੰ ਅੱਖਾਂ ਨਾਲ ਦੇਖਿਆ ਨਹੀਂ ਜਾ ਸਕਦਾ, ਕੇਵਲ ਅਨੁਭਵ ਕੀਤਾ ਜਾ ਸਕਦਾ ਹੈ।

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥ ਮਾਈ ਗੋਬਿੰਦ ਪੂਜਾ, ਕਹਾ ਲੈ ਚਰਾਵਉ ॥ ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ਰਹਾਉ॥ ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥ ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥ ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥ ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥ (ਹੇ ਭਾਈ!) ਦੁੱਧ ਨੂੰ ਤਾਂ ਵੱਛੇ ਨੇ ਗਾਂ ਦੇ ਥਣਾਂ ਵਿਚੋਂ (ਚੁੰਘ ਕੇ) ਜੂਠਾ ਕਰ ਦਿਤਾ। ਫੁੱਲ ਨੂੰ ਭੌਰੇ ਨੇ (ਸੁੰਘ ਕੇ) ਤੇ ਪਾਣੀ ਨੂੰ ਮੱਛੀ ਨੇ (ਵਿਚ ਰਹਿ ਕੇ) ਖਰਾਬ ਕਰ ਦਿਤਾ ਹੈ।੧। ਹੇ ਮਾਈ! ਗੋਬਿੰਦ ਦੀ ਪੂਜਾ ਲਈ ਮੈਂ ਕਿੱਥੋਂ (ਪਵਿਤ੍ਰ

ਚੀਜਾਂ) ਲੈ ਕੇ ਭੇਟ ਚੜ੍ਹਾਵਾਂ? (ਕਿਉਂਕਿ ਦੁੱਧ, ਫੁੱਲ ਤੇ ਪਾਣੀ ਆਦਿ ਚੀਜਾਂ ਜੂਠੀਆਂ ਹੋਣ ਕਰਕੇ ਪ੍ਰਭੂ ਨੂੰ ਭੇਟਾ ਕਰਨ ਯੋਗ ਨਹੀਂ ਰਹੀਆਂ)।ਹੋਰ ਕੋਈ ਸੁੰਦਰ ਫੁੱਲ ਆਦਿਕ (ਸੁੱਚੀ ਚੀਜ) ਮੈਨੂੰ ਨਹੀਂ ਮਿਲਦੀ (ਜੋ ਪ੍ਰਭੂ ਨੂੰ ਭੇਟਾ ਕਰਨ ਯੋਗ ਹੋਵੇ)।੧।ਰਹਾਉ। {ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ,ਕਿਆ ਹਉ ਪੂਜ ਚੜਾਈ ੯੧੦}।ਚੰਦਨ ਦੇ ਬੂਟਿਆਂ ਨੂੰ ਸੱਪਾਂ ਨੇ ਵਲ੍ਹੇਟਿਆ ਹੁੰਦਾ ਹੈ। ਵਿਹੁ ਤੇ ਅੰਮ੍ਰਿਤ (ਸਮੁੰਦਰ ਵਿਚ) ਇਕਠੇ ਵਸਦੇ ਹਨ (ਸਮੁੰਦਰ ਰਿੜਕਣ ਸਮੇਂ ੧੪ ਰਤਨਾਂ ਵਿਚੋਂ ਅੰਮ੍ਰਿਤ ਦੇ ਨਾਲ ਜਹਿਰ ਵੀ ਨਿਕਲੀ ਸੀ)।੨।ਧੂਪ ਦੇਣਾ, ਦੀਵੇ ਜਗਾਉਣਾ, (ਭੋਗ ਲੁਵਾਉਣ ਵਾਲਾ) ਭੋਜਨ ਤੇ ਸੁਗੰਧੀ ਆਦਿ।(ਇਨ੍ਹਾਂ ਸਭ ਚੀਜਾਂ ਦੀ ਮਹਿਕ ਪਹਿਲਾਂ ਹੀ ਪੂਜਾ ਕਰਨ ਵਾਲੇ ਮਨੁੱਖ ਨੂੰ ਆ ਜਾਣ ਕਰਕੇ ਜੂਠੀਆਂ ਹੋ ਜਾਂਦੀਆਂ ਹਨ, ਹੇ ਪ੍ਰਭੂ! ਇਹ ਚੀਜਾਂ ਲੈ ਕੇ) ਤੇਰੇ ਦਾਸ ਕਿਸ ਤਰ੍ਹਾਂ ਪੂਜਾ ਕਰਨ?।੩।(ਸੱਚੀ ਸੁੱਚੀ ਪੂਜਾ ਇਹ ਹੈ ਕਿ ਪ੍ਰਭੂ ਨੂੰ ਮੈਂ ਅਪਣਾ) ਤਨ ਮਨ ਅਰਪਣ ਕਰ ਦੇਵਾਂ, (ਇਹੋ ਮੈਂ) ਪੂਜਾ ਵੱਜੋਂ ਭੇਟਾ ਚੜ੍ਹਾਵਾਂ।(ਇਉਂ) ਗੁਰੂ ਦੀ ਕ੍ਰਿਪਾ ਨਾਲ ਮੈਂ ਮਾਇਆ ਰਹਿਤ ਪ੍ਰਭੂ ਨੂੰ ਪਾ ਲਵਾਂਗਾ।੪।(ਇਸ ਤੋਂ ਬਿਨਾ ਹੋਰ ਕੋਈ ਸਮੱਗਰੀ) ਪੂਜਾ ਅਰਚਾ (ਲਈ ਮੇਰੇ ਕੋਲ) ਨਹੀਂ ਹੈ (ਇਨ੍ਹਾਂ ਜੂਠੀਆਂ ਚੀਜਾਂ ਨਾਲ ਮੈਥੋਂ ਤੇਰੀ ਪੂਜਾ ਨਹੀਂ ਹੋ ਸਕਦੀ)।ਰਵਿਦਾਸ ਜੀ ਆਖਦੇ ਹਨ ਕਿ ਮੇਰੀ ਕੀ ਹਾਲਤ ਹੋਵੇਗੀ? (ਕਿਉਂਕਿ ਕਰਮ ਕਾਂਡੀਆਂ ਵਾਲੀ ਮੈਥੋਂ ਪੂਜਾ ਨਹੀਂ ਹੁੰਦੀ)।੫।੧।

ਪਦਾਰਥ = ਬਛਰੈ–ਵੱਛੇ ਨੇ।ਥਨਹੁ–ਥਣਾਂ ਵਿਚੋਂ।ਬਿਟਾਰਿਓ–ਜੂਠਾ ਕਰ ਦਿਤਾ।ਭਵਰਿ–ਭੌਰੇ ਨੇ।ਮੀਨਿ–ਮੱਛੀ ਨੇ।ਬਿਗਾਰਿਓ–ਖਰਾਬ ਕਰ ਦਿਤਾ।੧।ਮਾਈ–ਹੇ ਮਾਈ!।ਕਹਾ ਲੈ–ਕਿਥੋਂ ਲੈ ਕੇ।ਚਰਾਵਉ–ਮੈਂ ਭੇਟਾ ਚੜ੍ਹਵਾਂ।ਅਵਰੁ–ਹੋਰ।ਅਨੂਪੁ–ਸੁੰਦਰ (ਜਿਸ ਵਰਗਾ ਕੋਈ ਦੂਜਾ ਨਹੀਂ)।ਨ ਪਾਵਉ–ਮੈਨੂੰ ਲੱਭਦੀ ਨਹੀਂ।੧।ਰਹਾਉ।ਮੈਲਾਗਰ–ਚੰਦਨ ਦੇ ਬੂਟਿਆਂ ਨੂੰ।ਬੇਰ੍ਹੇ–ਲਪੇਟਿਆ ਹੈ। ਭੁਇਅੰਗਾ–ਸੱਪਾਂ ਨੇ।ਬਿਖੁ–ਜਹਿਰ।ਇਕ ਸੰਗਾ–ਇੱਕਠੇ।ਬਸਹਿ–ਵਸਦੇ ਹਨ।੨।ਦੀਪ–ਦੀਵੇ।ਨਈਬੇਦਹਿ–(ਮੂਰਤੀ ਨੂੰ) ਭੋਗ ਲੁਵਾਉਣ ਵਾਲਾ ਭੋਜਨ।ਬਾਸਾ–ਸੁਗੰਧੀ; ਬਾਸੀ।੩।ਅਰਪਉ–ਭੇਟਾ ਕਰਾਂ।ਚਰਾਵਉ–ਚੜ੍ਹਾਵਾਂ।ਨਿਰੰਜਨੁ–ਮਾਇਆ ਤੋਂ ਨਿਰਲੇਪ ਪ੍ਰਭੂ।੪।ਪਾਵਉ–ਪਾ ਲਵਾਂਗਾ।ਅਰਚਾ–ਸੁਗੰਧੀ ਦਾ ਛਿੜਕਣਾ।ਆਹਿ–ਹੈ।ਕਵਨ–ਕੀ; ਕਿਵੇਂ।ਗਤਿ–ਹਾਲਤ।੫।੧।

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਅੰਤਰੁ ਮਲਿ ਨਿਰਮਲੁ ਨਹੀ ਕੀਨਾ, ਬਾਹਰਿ ਭੇਖ ਉਦਾਸੀ ॥ ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ, ਕਾਹੇ ਭਇਆ ਸੰਨਿਆਸੀ ॥੧॥ ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ਰਹਾਉ॥ (ਜੈ ਚੰਦ ਪੰਡਤ ਨੂੰ ਉਪਦੇਸ਼ ਦੇਂਦੇ ਹਨ।ਹੇ ਜੈ ਚੰਦ! ਜਿਸ ਮਨੁੱਖ ਨੇ ਅਪਣਾ) ਅੰਦਰ ਦਾ ਮੈਲਾ ਮਨ ਨਿਰਮਲ ਨਹੀਂ ਕੀਤਾ, ਬਾਹਰ ਉਦਾਸੀਆਂ ਵਾਲਾ ਭੇਖ ਬਣਾ ਲਿਆ (ਤਾਂ ਕੋਈ ਲਾਭ ਨਹੀਂ।ਜਿਸਦਾ) ਹਿਰਦਾ ਕਮਲ ਨਹੀਂ ਖਿੜਿਆ ਤੇ ਮਨ ਵਿਚ ਹਰੀ ਨੂੰ ਨਹੀਂ ਜਾਣਿਆ, ਤਾਂ ਕਿਸ ਵਾਸਤੇ ਸੰਨਿਆਸੀ ਬਣਿਆ ਹੋਇਆ ਹੈ?।੧।ਹੇ (ਪੰਡਤ) ਜੈ ਚੰਦ! (ਭੇਖੀ ਸਾਧੂਆਂ ਦੀ ਬਿਰਤੀ) ਭਰਮ ਵਿਚ ਭੁਲੀ ਹੋਈ ਹੈ।(ਇਨ੍ਹਾਂ ਨੇ) ਪਰਮ ਅਨੰਦ ਸਰੂਪ ਹਰੀ ਨੂੰ ਨਹੀਂ ਜਾਣਿਆ।੧।ਰਹਾਉ।

ਅੰਗ ੫੨੬ = ਘਰਿ ਘਰਿ ਖਾਇਆ ਪਿੰਡੁ ਬਧਾਇਆ, ਖਿੰਥਾ ਮੁੰਦਾ ਮਾਇਆ ॥ ਭੂਮਿ ਮਸਾਣ ਕੀ ਭਸਮ ਲਗਾਈ, ਗੁਰ ਬਿਨੁ ਤਤੁ ਨ ਪਾਇਆ ॥੨॥ ਕਾਇ ਜਪਹੁ ਰੇ ਕਾਇ ਤਪਹੁ ਰੇ, ਕਾਇ ਬਿਲੋਵਹੁ ਪਾਣੀ ॥ ਲਖ ਚਉਰਾਸੀਹ ਜਿਨ੍ਹਿ ਉਪਾਈ, ਸੋ ਸਿਮਰਹੁ ਨਿਰਬਾਣੀ ॥੩॥ ਕਾਇ ਕਮੰਡਲੁ ਕਾਪੜੀਆ ਰੇ, ਅਠਸਠਿ ਕਾਇ ਫਿਰਾਹੀ ॥ ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ, ਕਣ ਬਿਨੁ ਗਾਹੁ ਕਿ ਪਾਹੀ ॥੪॥੧॥ (ਇਨ੍ਹਾਂ ਭੇਖੀ ਸਾਧੂਆਂ ਨੇ) ਘਰ ਘਰ ਵਿਚ ਮੰਗ ਕੇ ਭੋਜਨ ਖਾਧਾ ਹੈ ਤੇ (ਅਪਣਾ) ਸਰੀਰ ਬਧਾ (ਮੋਟਾ ਕਰ) ਲਿਆ, ਗੋਦੜੀ ਪਹਿਨ ਲਈ ਤੇ ਕੰਨਾਂ ਵਿਚ ਮੁੰਦਰਾਂ ਪਾ ਲਈਆਂ, (ਪਰ ਮਨ) ਮਾਇਆ ਵਿਚ ਲੱਗਾ ਰਹਿੰਦਾ ਹੈ।ਮਸਾਣ ਭੂਮੀ ਦੀ (ਅਪਵਿਤ੍ਰ) ਸੁਆਹ ਪਿੰਡੇ ਤੇ ਲਗਾ ਲਈ (ਇਹ ਸਾਰੇ ਸਾਧਨ ਬਿਅਰਥ ਹਨ, ਕਿਉਂਕਿ ਕਿਸੇ ਨੇ ਵੀ) ਗੁਰੂ ਤੋਂ ਬਿਨਾ ਪ੍ਰਭੂ ਨੂੰ ਨਹੀਂ ਪਾਇਆ।੨।ਹੇ (ਜੈ ਚੰਦ! ਦੇਵਤਿਆਂ ਦੇ ਮੰਤ੍ਰਾਂ ਦਾ) ਜਪ ਕਿਉਂ ਕਰਦੇ ਹੋ, ਤਪ ਕਿਉਂ ਕਰਦੇ ਹੋ, (ਜਪ ਤਪ ਕਰਦੇ ਹੋਏ) ਕਿਉਂ ਪਾਣੀ ਰਿੜਕੀ ਜਾਂਦੇ ਹੋ? (ਬਿਅਰਥ ਜਤਨ ਕਰਦੇ ਹੋ)।ਚੁਰਾਸੀ ਲੱਖ ਜੋਨ (ਸਾਰੀ ਸ੍ਰਿਸਟੀ) ਜਿਸ ਹਰੀ ਨੇ ਪੈਦਾ ਕੀਤੀ ਹੈ, ਉਸ ਵਾਸ਼ਨਾ ਰਹਿਤ ਪ੍ਰਭੂ ਦਾ ਸਿਮਰਨ ਕਰੋ।੩।ਹੇ ਗੋਦੜੀ ਪਹਿਨਣ ਵਾਲੇ ਜੋਗੀ! ਕਿਉਂ ਕਮੰਡਲ ਲੈ ਕੇ ਅਠਾਹਠ ਤੀਰਥਾਂ ਤੇ ਕਿਉਂ ਫਿਰਦਾ ਹੈਂ? ਤ੍ਰਿਲੋਚਨ ਜੀ ਕਹਿੰਦੇ ਹਨ ਕਿ ਹੇ ਪ੍ਰਾਣੀ! ਸੁਣ, ਦਾਣਿਆਂ ਤੋਂ ਬਿਨਾ (ਅਨਾਜ ਦੀ ਨਾੜ ਵਿਚ) ਕਿਉਂ ਗਾਹ ਪਾਉਂਦਾ ਹੈਂ? (ਨਾਮ ਸਿਮਰਨ ਤੋਂ ਬਿਨਾ ਜਪ ਤਪ ਕਰਮ ਫੋਕਟ ਹਨ)।੪।੧।

ਪਦਾਰਥ = ਅੰਤਰੁ–ਅੰਦਰ ਦਾ ਮਨ।ਮਲਿ–ਮੈਲਾ ਹੈ।ਨਿਰਮਲੁ–ਮੈਲ ਰਹਿਤ (ਪਵਿਤ੍ਰ)।ਕੀਨਾ–ਕੀਤਾ।ਉਦਾਸੀ–ਵਿਰੱਕਤ; ਮੋਹ ਰਹਿਤ।ਹਿਰਦੈ–ਹਿਰਦ ਵਿਚ।ਘਟਿ–ਮਨ ਵਿਚ।ਨ ਚੀਨ੍ਹਾ–ਨਹੀਂ ਜਾਣਿਆ।੧।ਰੇ ਜੈ ਚੰਦਾ–ਹੇ (ਪੰਡਤ) ਜੈ ਚੰਦ!।ਪਰਮਾਨੰਦਾ–ਪਰਮ ਅਨੰਦ ਸਰੂਪ ਹਰੀ।੧।ਰਹਾਉ।ਪਿੰਡੁ–ਸਰੀਰ।ਬਧਾਇਆ–ਵਧਾ (ਮੋਟਾ ਕਰ) ਲਿਆ।ਖਿੰਥਾ–ਗੋਦੜੀ।ਮੁੰਦਾ–ਮੁੰਦਰਾਂ।ਭੂਮਿ

ਮਸਾਣ–ਸ਼ਮਸ਼ਾਨ ਭੂਮੀ। ਭਸਮ–ਸੁਆਹ। ਤਤੁ–ਹਰੀ ਨੂੰ।੨। ਕਾਇ–ਕਿਉਂ। ਰੇ–ਹੇ (ਜੈ ਚੰਦ)!। ਤਪਹੁ–ਤਪ ਕਰਦੇ ਹੋ। ਬਿਲੋਵਹੁ–ਰਿੜਕਦੇ ਹੋ। ਲਖ ਚਉਰਾਸੀਹ–ਚੁਰਾਸੀ ਲੱਖ ਜੂਨ। ਜਿਨਿ–ਜਿਸ ਹਰੀ ਨੇ। ਉਪਾਈ–ਪੈਦਾ ਕੀਤੀ। ਸੋ–ਉਸ। ਨਿਰਬਾਣੀ–ਵਾਸ਼ਨਾ ਰਹਿਤ ਪ੍ਰਭੂ ਨੂੰ।੩। ਕਾਇ–ਕਿਉਂ। ਕਮੰਡਲੁ–ਗੜਬਾ; ਚਿੱਪੀ; ਖੱਪਰ। ਕਾਪੜੀਆ–ਟਾਕੀਆਂ ਦੀ ਸਿਉਂਤੀ ਗੋਦੜੀ ਪਹਿਨਣ ਵਾਲਾ ਜੋਗੀ। ਅਠਸਠਿ–ਅਠਾਹਠ ਤੀਰਥਾਂ ਉਤੇ। ਫਿਰਾਹੀ–ਫਿਰਦਾ ਹੈਂ। ਬਦਤਿ–ਕਹਿੰਦਾ ਹੈ। ਕਣ–ਅੰਨ ਦੇ ਦਾਣੇ। ਗਾਹੁ–ਬਲਦਾਂ ਨਾਲ ਲਤਾੜ ਕੇ ਦਾਣੇ ਕੱਢਣ ਦੀ ਕਿਰਿਆ। ਕਿ–ਕਿਉਂ। ਪਾਹੀ–ਪਾਉਂਦਾ ਹੈਂ।੪।੧।

ਗੂਜਰੀ ॥ ਅੰਤਿ ਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ, ਗੋਬਿੰਦ ਨਾਮੁ ਮਤਿ ਬੀਸਰੈ ॥ਰਹਾਉ॥ ਅੰਤਿ ਕਾਲਿ ਜੋ ਇਸਤ੍ਰੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥ ਅੰਤਿ ਕਾਲਿ ਜੋ ਲੜਕੇ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥ ਅੰਤਿ ਕਾਲਿ ਜੋ ਮੰਦਰ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥ ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਬਦਤਿ ਤਿਲੋਚਨੁ ਤੇ ਨਰ ਮੁਕਤਾ, ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥ (ਹੇ ਭਾਈ!) ਜੋ ਮਨੁੱਖ ਮਰਨ ਸਮੇਂ (ਪ੍ਰਭੂ ਨੂੰ ਭੁੱਲ ਕੇ) ਮਾਇਆ ਨੂੰ ਯਾਦ ਕਰਦਾ ਹੈ ਅਤੇ ਜੇ ਐਸੀ ਚਿੰਤਾ ਵਿਚ ਮਰਦਾ ਹੈ। (ਤਾਂ ਉਹ) ਮੁੜ ਮੁੜ ਸੱਪ ਦੀ ਜੋਨ ਵਿਚ ਜਨਮ ਲੈਂਦਾ ਹੈ।੧। ਹੇ ਮਾਈ! ਮੈਨੂੰ ਗੋਬਿੰਦ ਦਾ ਨਾਮ ਨਾ ਭੁੱਲ ਜਾਵੇ। ਰਹਾਉ। ਮਰਨ ਸਮੇਂ ਜੋ (ਮਨੁੱਖ ਅਪਣੀ) ਇਸਤ੍ਰੀ ਨੂੰ ਯਾਦ ਕਰਦਾ ਹੈ ਅਤੇ ਜੇ ਐਸੀ ਚਿੰਤਾ ਵਿਚ ਮਰਦਾ ਹੈ। (ਤਾਂ ਉਹ) ਬਾਰ ਬਾਰ ਵੇਸਵਾ ਦੀ ਜੋਨ ਵਿਚ ਜਨਮ ਲੈਂਦਾ ਹੈ।੨। ਮਰਨ ਸਮੇਂ ਜੋ (ਮਨੁੱਖ ਅਪਣੇ) ਪੁਤ੍ਰਾਂ ਨੂੰ ਯਾਦ ਕਰਦਾ ਹੈ, ਜੇ ਐਸੀ ਚਿੰਤਾ ਵਿਚ ਮਰਦਾ ਹੈ। (ਤਾਂ ਉਹ) ਸੂਰ ਦੀ ਜੋਨ ਵਿਚ ਮੁੜ ਮੁੜ ਜਨਮਦਾ ਹੈ।੩। ਮਰਨ ਸਮੇਂ ਜੋ (ਮਨੁੱਖ ਅਪਣੇ ਬਣਾਏ) ਘਰਾਂ ਨੂੰ ਯਾਦ ਕਰਦਾ ਹੈ ਅਤੇ ਜੇ ਐਸੀ ਚਿੰਤਾ ਵਿਚ ਮਰ ਜਾਂਦਾ ਹੈ। (ਤਾਂ ਉਹ) ਪ੍ਰੇਤ ਦੀ ਜੋਨ ਵਿਚ ਮੁੜ ਮੁੜ ਜਨਮਦਾ ਹੈ।੪। (ਪਰ ਜੋ ਮਨੁੱਖ) ਮਰਨ ਸਮੇਂ ਨਰਾਇਣ ਨੂੰ ਸਿਮਰਦਾ ਹੈ ਅਤੇ ਐਸੀ ਚਿੰਤਾ ਵਿਚ ਜੇ (ਉਹ) ਮਰਦਾ ਹੈ। ਤ੍ਰਿਲੋਚਨ ਜੀ ਆਖਦੇ ਹਨ ਕਿ ਉਹ ਮਨੁੱਖ (ਜੋਨੀਆਂ ਵਿਚ ਪੈਣ ਤੋਂ) ਮੁਕਤ ਹੋ ਜਾਂਦਾ ਹੈ, (ਕਿਉਂਕਿ) ਪ੍ਰਮਾਤਮਾ ਉਸ ਦੇ ਹਿਰਦੇ ਵਿਚ ਆ ਵਸਦਾ ਹੈ।੫।੨।

ਪਦਾਰਥ = ਅੰਤਿ ਕਾਲਿ–ਅੰਤ (ਮਰਨ) ਸਮੇਂ। ਲਛਮੀ–ਮਾਇਆ। ਸਿਮਰੈ–ਯਾਦ ਕਰਦਾ ਹੈ। ਚਿੰਤਾ ਮਹਿ–ਸੋਚ ਵਿਚ; ਧਿਆਨ ਵਿਚ। ਸਰਪ ਜੋਨਿ–ਸੱਪ ਦੀ ਜੂਨ ਵਿਚ। ਵਲਿ ਵਲਿ–ਮੁੜ ਮੁੜ; ਬਾਰ ਬਾਰ। ਅਉਤਰੈ–ਜਨਮਦਾ ਹੈ।੧। ਅਰੀ ਬਾਈ–ਹੇ ਮਾਈ! (ਦੱਖਣ ਵਿਚ ਇਸਤ੍ਰੀ ਨੂੰ ਸਤਿਕਾਰ ਨਾਲ ਬਾਈ ਕਹਿ ਕੇ ਬੁਲਾਉਂਦੇ ਹਨ)। ਮਤਿ ਬੀਸਰੈ–ਨਾ ਭੁੱਲੇ। ਰਹਾਉ। ਬੇਸਵਾ–ਦੇਹ ਦਾ ਵਪਾਰ ਕਰਨ ਵਾਲੀ ਦੁਰਾਚਾਰੀ ਇਸਤ੍ਰੀ।੨। ਲੜਕੇ–ਪੁਤ੍ਰਾਂ ਨੂੰ। ਸੂਕਰ–ਸੂਰ (ਜਿਸੇ ਬੱਚੇ ਬਹੁਤ ਹੁੰਦੇ ਹਨ)।੩। ਮੰਦਰ–ਘਰ ਮਕਾਨ । ਪ੍ਰੇਤ–ਭੂਤ (ਮਰੇ ਪ੍ਰਾਣੀ ਦੀ ਅਬਗਤ ਆਤਮਾ)।੪। ਬਦਤਿ–ਆਖਦਾ ਹੈ। ਤੇ ਨਰ–ਉਹ ਮਨੁੱਖ। ਮੁਕਤਾ–ਜੂਨਾਂ ਵਿਚ ਪੈਣ ਤੋਂ ਮੁਕਤ। ਪੀਤੰਬਰ–ਪੀਲੇ ਬਸਤ੍ਰਾਂ ਵਾਲਾ ਕ੍ਰਿਸ਼ਨ (ਪ੍ਰਮਾਤਮਾ)। ਵਾ ਕੇ–ਉਸ ਦੇ। ਰਿਦੈ–ਹਿਰਦੇ ਵਿਚ।੫।੨।

ਵਿਆਖਿਆ = ਮਨੁੱਖ ਬਾਰ ਬਾਰ ਜੋ ਵੀ ਕਰਮ ਕਰਦਾ ਹੈ, ਉਹ ਕਰਮ ਉਸ ਦੇ ਮਨ ਦੇ ਅੰਦਰ ਪੱਕੀ ਤਰ੍ਹਾਂ ਟਿਕ ਜਾਂਦਾ ਹੈ। ਮਰਨ ਸਮੇਂ ਵੀ ਮਨੁੱਖ ਦਾ ਖਿਆਲ ਉਸੇ ਪਾਸੇ ਚਲੇ ਜਾਂਦਾ ਹੈ, ਜਿਸ ਕਰਕੇ ਉਸ ਦੇ ਮਨ ਦੀ ਵਾਸ਼ਨਾ ਅਨੁਸਾਰ, ਉਸ ਨੂੰ ਅਗਲਾ ਜਨਮ ਮਿਲਦਾ ਹੈ। {ਜਿਉ ਮਨੁ ਦੇਖਹਿ ਪਰ ਮਨੁ ਤੈਸਾ। ਜੈਸੀ ਮਨਸਾ ਤੈਸੀ ਦਸਾ। ਜੈਸਾ ਕਰਮੁ ਤੈਸੀ ਲਿਵ ਲਾਵੈ ੧੩੪੨} ਭਾਵ ਜਿਸ ਤਰ੍ਹਾਂ ਦਾ ਅਪਣਾ ਮਨ ਹੁੰਦਾ ਹੈ, ਦੂਜੇ ਦਾ ਮਨ ਵੀ ਉਸੇ ਤਰ੍ਹਾਂ ਦਾ ਦਿਸਦਾ ਹੈ। ਜਿਵੇਂ ਮਨ ਦੀਆਂ ਖਾਹਿਸ਼ਾਂ ਹੁੰਦੀਆਂ ਹਨ, ਤਿਵੇਂ ਮਨ ਦੀ ਹਾਲਤ ਬਣ ਜਾਂਦੀ ਹੈ। {ਜੇਹੀ ਸੁਰਤਿ ਤੇਹੈ ਰਾਹਿ ਜਾਇ ੬੬੨} ਭਾਵ ਮਨ ਦਾ ਧਿਆਨ ਜਿਸ ਪਾਸੇ ਲੱਗਾ ਹੋਵੇ, ਉਹ ਉਸੇ ਰਸਤੇ ਤੁਰਦਾ ਹੈ। ਜਿਹੜੀ ਚੀਜ ਮਨ ਵਿਚ ਸਾਰੀ ਉਮਰ ਟਿਕੀ ਰਹਿੰਦੀ ਹੈ, ਮਰਨ ਸਮੇਂ ਵੀ ਧਿਆਨ ਉਸੇ ਪਾਸੇ ਜਾਂਦਾ ਹੈ। ਜੇ ਸੁਰਤ ਪ੍ਰਮਾਤਮਾ ਵਿਚ ਲੱਗੀ ਹੋਈ ਹੋਵੇ ਤਾਂ ਮਨ ਸਮੇਂ ਵੀ ਧਿਆਨ ਪ੍ਰਮਾਤਮਾ ਵਿਚ ਹੀ ਲੱਗਾ ਰਹੇਗਾ ਅਤੇ ਮਨੁੱਖ ਕਿਸੇ ਜੂਨ ਵਿਚ ਨਹੀਂ ਪੈਂਦਾ, ਮੁਕਤ ਹੋ ਕੇ ਪ੍ਰਮਾਤਮਾ ਵਿਚ ਮਿਲ ਜਾਂਦਾ ਹੈ। ਭਗਤ ਤ੍ਰਿਲੋਚਨ ਜੀ ਬ੍ਰਾਹਮਣ ਜਾਤੀ ਦੇ ਸਨ, ਉਨ੍ਹਾਂ ਨੇ ਅਪਣੇ ਹਿੰਦੂ ਵੀਰਾਂ ਨੂੰ ਸਿਖਿਆ ਦਿਤੀ ਹੈ। ਹਿੰਦੂਆਂ ਵਿਚ ਪੁਰਾਣਾਂ ਤੇ ਸ਼ਾਸ਼ਤ੍ਰਾਂ ਦੇ ਖਿਆਲ ਮਨ ਵਿਚ ਬਸੇ ਹੁੰਦੇ ਹਨ। ਕਰਮਾਂ ਦੀ ਵਾਸ਼ਨਾ ਅਨੁਸਾਰ ਜੂਨਾਂ ਵਿਚ ਪੈਣ ਦਾ ਖਿਆਲ ਜੋ ਪ੍ਰਚੱਲਤ ਸੀ, ਉਨ੍ਹਾਂ ਦਾ ਹਵਾਲਾ ਦੇ ਕੇ ਭਗਤ ਜੀ ਹਿੰਦੂ ਜਨਤਾ ਨੂੰ ਸਮਝਾ ਰਹੇ ਹਨ ਕਿ ਸਾਰੀ ਉਮਰ ਮਾਇਆ, ਪੁਤ੍ਰ ਧੀਆਂ, ਇਸਤ੍ਰੀ ਤੇ ਮਹਿਲ ਮਾੜੀਆਂ ਦੇ ਖਿਆਲਾਂ ਵਿਚ ਨਾ ਫਸੇ ਰਹੋ। ਜੇ ਮਰਨ ਵੇਲੇ ਤੁਹਾਡੀ ਸੁਰਤ ਇਨ੍ਹਾਂ ਵਿਚ ਹੀ ਟਿਕੀ ਰਹੇਗੀ, ਤਾਂ ਤੁਸੀ ਜੂਨਾਂ ਵਿਚ ਭਟਕਦੇ ਰਹੋਗੇ। ਹਰੀ ਦਾ ਭਜਨ ਕਰੋ, ਮਰਨ ਵੇਲੇ ਸੁਰਤ ਹਰੀ ਵਿਚ ਲੱਗੀ

ਰਹੇ ਤਾਂ ਮੁਕਤ ਹੋ ਜਾਵੋਗੇ। ਜੂਨਾਂ ਵਿਚ ਪੈਣ ਦਾ ਡਰ ਦਿਖਾ ਕੇ ਭਗਤ ਜੀ ਨੇ ਲੋਕਾਂ ਨੂੰ ਭਜਨ ਕਰਨ ਦੀ ਸਿਖਿਆ ਦਿਤੀ ਹੈ, ਜੋ ਜੀਵਨ ਦਾ ਸਹੀ ਰਸਤਾ ਹੈ। ਜਿਸ ਧਰਮ ਦਾ ਮਨੁੱਖ ਹੋਵੇ, ਉਸ ਨੂੰ ਉਸ ਦੇ ਧਰਮ ਦੇ ਵਿਚਾਰਾਂ ਅਨੁਸਾਰ ਸਮਝਾ ਬੁਝਾ ਕੇ ਪ੍ਰਮਾਤਮਾ ਦੇ ਲੜ ਲਾਇਆ ਜਾ ਸਕਦਾ ਹੈ, ਇਹੋ ਹੀ ਉਸ ਦੇ ਮਨ ਨੂੰ ਹਰੀ ਨਾਲ ਜੋੜਨ ਦਾ ਸਹੀ ਤਰੀਕਾ ਹੈ।

ਗੂਜਰੀ ਸ੍ਰੀ ਜੈ ਦੇਵ ਜੀਉ ਕਾ ਪਦਾ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਪਰਮਾਦਿ ਪੁਰਖ ਮਨੋਪਿਮੰ, ਸਤਿ ਆਦਿ ਭਾਵ ਰਤੰ ॥ ਪਰਮਦਭੁਤੰ ਪਰਕ੍ਰਿਤਿ ਪਰੰ, ਜਦਿ ਚਿੰਤਿ ਸਰਬ ਗਤੰ ॥੧॥ ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥ ਨ ਦਨੋਤਿ ਜ ਸਮਰਣੇਨ, ਜਨਮ ਜਰਾਧਿ ਮਰਣ ਭਇਅੰ ॥੧॥ਰਹਾਉ॥ ਇਛਸਿ ਜਮਾਦਿ ਪਰਾਭਯੰ, ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥ ਭਵ ਭੂਤ ਭਾਵ ਸਮਬ੍ਹਿਅੰ, ਪਰਮੰ ਪ੍ਰਸੰਨ ਮਿਦੰ ॥੨॥ ਲੋਭਾਦਿ ਦ੍ਰਿਸਟਿ ਪਰ ਗ੍ਰਿਹੰ, ਜਦਿ ਬਿਧਿ ਆਚਰਣੰ ॥ ਤਜਿ ਸਕਲ ਦੁਹਕ੍ਰਿਤ ਦੁਰ ਮਤੀ, ਭਜੁ ਚਕ੍ਰਧਰ ਸਰਣੰ ॥੩॥ ਹਰਿ ਭਗਤ ਨਿਜ ਨਿਹਕੇਵਲਾ, ਰਿਦ ਕਰਮਣਾ ਬਚਸਾ ॥ ਜੋਗੇਨ ਕਿੰ ਜਗੇਨ ਕਿੰ, ਦਾਨੇਨ ਕਿੰ ਤਪਸਾ ॥੪॥ ਗੋਬਿੰਦ ਗੋਬਿੰਦੇਤਿ, ਜਪਿ ਨਰ ਸਕਲ ਸਿਧਿ ਪਦੰ ॥ ਜੈ ਦੇਵ ਆਇਉ ਤਸ ਸਫੁਟੰ, ਭਵ ਭੂਤ ਸਰਬ ਗਤੰ ॥੫॥੧॥

ਗੂਜਰੀ ਰਾਗ ਵਿਚ ਭਗਤ ਜੈ ਦੇਵ ਜੀ ਦਾ ਪਦਾ (ਸ਼ਬਦ)। ਇਕ ਪ੍ਰਮਾਤਮਾ, ਜੋ ਸੱਚੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਸਭ ਤੋਂ ਪਹਿਲਾਂ ਅਕਾਲ ਪੁਰਖ ਸੀ, ਉਪਮਾ ਤੋਂ ਰਹਿਤ (ਉਸ ਦੀ ਉਪਮਾ ਕਹੀ ਨਹੀਂ ਜਾਂਦੀ, ਜਿਸ ਦਾ) ਪ੍ਰੇਮ ਸਤ ਸੰਤੋਖ ਆਦਿ ਚਿਤ ਦੇ ਭਾਵਾਂ ਨਾਲ ਹੈ। ਅਤਿਅੰਤ ਅਚਰਜ ਰੂਪ ਹੈ, ਪਰਕ੍ਰਿਤੀ (ਮਾਇਆ) ਤੋਂ ਪਰੇ ਹੈ ਅਤੇ ਜਿਸ ਦਾ ਧਿਆਨ ਕਰਨ ਨਾਲ ਸਾਰੇ ਗਤੀ ਪਾਉਂਦੇ ਹਨ; ਉਹ ਸਰਬ ਵਿਆਪਕ ਪ੍ਰਭੂ (ਮਨੁੱਖ ਦੇ) ਸੋਚ ਮੰਡਲ ਵਿਚ ਨਹੀਂ ਆਉਂਦਾ।੧। ਹਰੀ ਜੋ ਮਨ ਵਿਚ ਰਮਿਆ ਹੈ, ਕੇਵਲ (ਉਸ ਦਾ) ਨਾਮ ਉਚਾਰਣ ਕਰ, (ਇਹ ਨਾਮ) ਅੰਮ੍ਰਿਤ ਹੈ ਤੇ ਤੱਤ ਸਰੂਪ ਹੈ (ਤੱਤਾਂ ਤੋਂ ਭਿੰਨ ਨਹੀਂ)। ਜਿਸ ਦਾ ਸਿਮਰਣ ਕਰਨ ਨਾਲ ਜਨਮ, ਬੁਢੇਪੇ ਦਾ ਰੋਗ ਅਤੇ ਮੌਤ ਦਾ ਡਰ ਦੁਖ ਨਹੀਂ ਦਿੰਦਾ।੧।ਰਹਾਉ।(ਹੇ ਭਾਈ! ਜੇ ਤੂੰ) ਜਮ ਆਦਿਕਾਂ ਨੂੰ ਹਰਾਉਣਾ ਚਾਹੁੰਦਾ ਹੈਂ ਤਾਂ ਕਲਿਆਣ ਸਰੂਪ ਹਰੀ ਦਾ ਜਸ ਕਰ ਅਤੇ ਚੰਗੇ ਕੰਮ ਕਰ। ਹਰੀ ਹੁਣ ਵਰਤਮਾਨ, ਭੂਤ ਤੇ ਭਵਿਖ ਵਿਚ ਇਕੋ ਜਿਹਾ ਹੈ ਅਤੇ ਇਹ ਪਰਮ ਅਨੰਦ ਸਰੂਪ ਹੈ।੨। ਲੋਭ ਆਦਿ (ਵਿਕਾਰ) ਤੇ ਪਰਾਈ ਇਸਤ੍ਰੀ ਨੂੰ ਬੁਰੀ ਨਜਰ ਨਾਲ ਦੇਖਣਾ ਅਤੇ ਜੋ ਮਰਿਆਦਾ ਦੇ ਉਲਟ ਕੰਮ ਹਨ (ਇਹ ਸਭ ਛਡ ਦੇਹ)। ਸਾਰੇ ਮਾੜੇ ਕੰਮ ਤੇ ਖੋਟੀ ਮੱਤ ਛਡ ਦੇਹ ਅਤੇ ਹਰੀ ਦੀ ਸ਼ਰਣੀ ਜਾ ਪਉ।੩। ਹਰੀ ਦੇ ਅਪਣੇ ਭਗਤ ਹਿਰਦੇ, ਬਚਨ ਤੇ ਕਰਮ ਕਰਕੇ (ਉਨ੍ਹਾਂ ਦਾ ਮਨ, ਬਚਨ ਤੇ ਕੰਮ) ਪਰਮ ਪਵਿਤ੍ਰ ਹੁੰਦੇ ਹਨ। (ਉਨ੍ਹਾਂ ਨੂੰ) ਯੋਗ ਨਾਲ ਕੀ, ਜੱਗ ਨਾਲ ਕੀ, ਦਾਨ ਨਾਲ ਕੀ ਤੇ ਤਪ ਨਾਲ ਕੀ ਪ੍ਰਯੋਜਨ ਹੈ? (ਹਰੀ ਦੇ ਭਗਤ ਨਾਮ ਸਿਮਰਨ ਤੋਂ ਬਿਨਾ ਹੋਰ ਕੋਈ ਸਾਧਨ ਨਹੀਂ ਕਰਦੇ)।੪। ਹੇ ਪੁਰਖਾ! ਤੂੰ ਗੋਬਿੰਦ ਗੋਬਿੰਦ ਇਹੋ ਜਪ, ਜੋ ਸਾਰੀਆਂ ਸਿਧੀਆਂ ਦਾ ਟਿਕਾਣਾ ਹੈ। ਜੈ ਦੇਵ ਉਸ ਪ੍ਰਤੱਖ ਹਰੀ ਦੀ ਸ਼ਰਣ ਵਿਚ ਆਇਆ ਹੈ, ਜੋ ਹੁਣ ਤੇ ਭੂਤ ਕਾਲ ਵਿਚ ਸਭ ਦੀ ਗਤੀ ਕਰਨ ਵਾਲਾ ਹੈ।੫।੧।

ਪਦਾਰਥ = ਪਰਮਾਦਿ–ਸਭ ਦਾ ਆਦਿ। ਪੁਰਖ–ਪ੍ਰਮਾਤਮਾ। ਮਨੋਪਿਮੰ–ਉਪਮਾ ਤੋਂ ਪਰੇ (ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ)। ਸਤਿ ਆਦਿ–ਸਤ (ਸੰਤੋਖ) ਆਦਿਕ। ਭਾਵ–(ਚਿਤ ਦੇ) ਖਿਆਲਾਂ ਨਾਲ। ਰਤੰ–ਪ੍ਰੇਮ ਹੈ। ਪਰਮਦਭੁਤੰ–ਬਹੁਤ ਅਸਚਰਜ ਹੈ। ਪਰਕ੍ਰਿਤਿ–ਮਾਇਆ। ਪਰੰ–ਪਰੇ ਹੈ। ਜਦਿ–ਜੋ। ਚਿੰਤਿ–ਧਿਆਨ ਕਰਨ ਨਾਲ; ਜਦਿ ਚਿੰਤਿ–(ਜਦ ਅਚਿੰਤਿ) ਜੋ ਧਿਆਨ ਵਿਚ ਨਹੀਂ ਆਉਂਦਾ। ਸਰਬ–ਸਾਰੇ। ਗਤੰ–ਮੁਕਤੀ ਪਾਉਂਦੇ ਹਨ।੧। ਮਨੋ ਰਮੰ–ਮਨ ਵਿਚ ਉਚਾਰੋ; ਸੁੰਦਰ; ਮਨ ਨੂੰ ਮੋਹ ਲੈਣ ਵਾਲਾ ਪ੍ਰਭੂ। ਬਦਿ–ਉਚਾਰਣ ਕਰ। ਤਤ ਮਇਅੰ–ਤੱਤ ਸਰੂਪ (ਤੱਤਾਂ ਤੋਂ ਭਿੰਨ ਨਹੀਂ)। ਨ ਦਨੋਤਿ–ਦੁਖ ਨਹੀਂ ਦੇਂਦਾ। ਜ ਸਮਰਣੇਨ–ਜਿਸ ਦਾ ਸਿਮਰਨ ਕਰਨ ਨਾਲ। ਜਰਾਧਿ (ਜਰ+ਆਧਿ)–ਬੁਢੇਪੇ ਦਾ ਰੋਗ। ਮਰਣ ਭਇਅੰ–ਮੌਤ ਦਾ ਡਰ।੧।ਰਹਾਉ। ਇਛਸਿ–(ਜੇ ਤੂੰ) ਚਾਹੁੰਦਾ ਹੈਂ। ਜਮਾਦਿ (ਜਮ+ਆਦਿ)–ਜਮ ਆਦਿਕ। ਪਰਾਭਯੰ–ਹਰਾ ਦੇਣਾ। ਜਸੁ–ਸਿਫਤ ਸਲਾਹ। ਸ੍ਵਸਤਿ–ਕਲਿਆਣ ਸਰੂਪ ਹਰੀ ਦਾ। ਸੁਕ੍ਰਿਤ–ਚੰਗੇ ਕੰਮ। ਕ੍ਰਿਤ–ਕਰ। ਭਵ–ਹੁਣ (ਵਰਤਮਾਨ ਕਾਲ)। ਭੂਤ–ਬੀਤ ਚੁੱਕਾ ਸਮਾਂ। ਭਾਵ–ਆਉਣ ਵਾਲਾ ਸਮਾਂ। ਪਰਮੰ ਪ੍ਰਸੰਨ–ਪਰਮ ਅਨੰਦ ਸਰੂਪ। ਸਮਬ੍ਹਿਅੰ–ਬਰਾਬਰ (ਸਦਾ ਇਕੋ ਜਿਹਾ ਰਹਿਣ ਵਾਲਾ)। ਮਿਦੰ–ਇਹ (ਹਰੀ)।੨। ਲੋਭਾਦਿ (ਲੋਭ+ ਆਦਿ)–ਲੋਭ ਆਦਿਕ ਵਿਕਾਰ। ਦ੍ਰਿਸਟਿ–ਨਜਰ ਨਾਲ। ਪਰ ਗ੍ਰਿਹੰ–ਪਰਾਇਆ ਘਰ; ਪਰਾਈ ਇਸਤ੍ਰੀ। ਜਦਿ ਬਿਧਿ–(ਜਦ ਅਬਿਧਿ) ਜੋ ਵਿਧੀ (ਮਰਿਆਦਾ) ਦੇ ਉਲਟ। ਆਚਰਣੰ–ਵਿਹਾਰ; ਕੰਮ। ਤਜਿ–ਛਡ ਦੇਹ। ਸਕਲ–ਸਾਰੇ। ਦੁਹਕ੍ਰਿਤ–ਬੁਰੇ ਕੰਮ। ਦੁਰਮਤੀ–ਖੋਟੀ ਮੱਤ। ਭਜੁ–ਦੌੜ ਜਾ; ਜਾ ਪਉ। ਚਕ੍ਰਧਰ–ਸੁਦਰਸ਼ਨ ਚਕਰ ਰੱਖਣ ਵਾਲਾ ਵਿਸ਼ਨੂੰ (ਪ੍ਰਭੂ)।੩। ਹਰਿ ਭਗਤ ਨਿਜ–ਹਰੀ ਦੇ ਅਪਣੇ ਭਗਤ। ਨਿਹਕੇਵਲਾ–ਪਰਮ ਪਵਿਤ੍ਰ। ਰਿਦ–ਹਿਰਦਾ। ਕਰਮਣਾ–ਕਰਮ ਕਰਕੇ। ਬਚਸਾ–ਬਚਨਾਂ ਕਰਕੇ। ਜੋਗੇਨ–ਜੋਗ ਨਾਲ। ਜਗੇਨ–ਯੱਗ ਨਾਲ। ਤਪਸਾ–ਤਪ ਨਾਲ। ਕਿੰ–ਕੀ (ਲਾਭ?)।੪। ਗੋਬਿੰਦੇਤਿ–(ਗੋਬਿੰਦ+ਏਤਿ) ਗੋਬਿੰਦ ਨੂੰ ਇਸ ਤਰ੍ਹਾਂ। ਨਰ–ਹੇ ਪੁਰਖਾ!।

ਸਿਧ ਪਦੰ–ਸਿਧੀਆਂ ਦਾ ਟਿਕਾਣਾ; ਸਿਧੀਆਂ ਦੇਣ ਵਾਲਾ।ਤਸ–ਉਸ ਦੀ।ਸਫੁਟੰ–ਪ੍ਰਤੱਖ; ਹਾਜਰ ਨਾਜਰ।ਸਰਬ ਗਤੰ–ਸਭ ਦੀ ਮੁਕਤੀ ਕਰਦਾ ਹੈ; ਸਰਬ ਵਿਆਪਕ।੫।੧।

ਗੂਜਰੀ ਰਾਗ ਸਮਾਪਤ